# ਵਿਗਿਆਨ ਜੋਤ

**ਸਾਲ 10, ਅੰਕ 5**

ਸਤੰਬਰ-ਅਕਤੂਬਰ, 2015

**PUNPUN/2006/17457**

ਮੁੱਖ ਸੰਪਾਦਕ: ਮੇਘ ਰਾਜ ਮਿੱਤਰ

ਸੰਪਾਦਕ: ਅਜਮੇਰ ਸਿੱਧੂ
ਰਣਜੀਤ ਝਨੇਰ

ਮੁੱਖ ਪ੍ਰਬੰਧਕ: ਅਮਿਤ ਮਿੱਤਰ



ਸੰਪਾਦਕੀ ਬੋਰਡ
* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ**:
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ.ਡੀ.
* ਡਾ. ਪਵਿੱਤਰ ਅਮਰਗੜ੍ਹ



## ਦਰ ਚੰਦਾ

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਦਸ ਸਾਲ ਲਈ | 700/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ ਵਿੱਚ ਪੰਜ ਸਾਲ ਲਈ | 2000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ:
ਅਮਿਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲੇਜ ਰੋਡ,
ਗਲੀ ਨੰਬਰ 8, ਬਰਨਾਲਾ-148101
ਫ਼ੋਨ 01679-241744
Email : tarksheel@gmail.com



**ਨੋਟ ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ**
ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰਬਰ 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਰਾਜ ਸੱਤਾ ਤੇ ਸਾਜ਼ਿਸ਼ਾਂ



ਪਿਛਲੇ ਵਰ੍ਹਿਆਂ ਵਿਚ ਤਰਕਸ਼ੀਲ ਲਹਿਰ 'ਤੇ ਹੋਈਆਂ ਵਧੀਕੀਆਂ ਸਬੰਧੀ ਮੈਨੂੰ ਕਈ ਵਾਰ ਪੰਜਾਬ ਦੇ ਮੁੱਖ ਮੰਤਰੀ ਨੂੰ ਮਿਲਣ ਦਾ ਮੌਕਾ ਮਿਲਿਆ। ਮੈਂ ਵੇਖਿਆ ਕਿ ਇੱਕ ਡੀ.ਆਈ.ਜੀ. ਪੱਧਰ ਦਾ ਅਫ਼ਸਰ ਮੁੱਖ ਮੰਤਰੀ ਦੇ ਸੱਜੇ ਹੱਥ ਬੈਠਦਾ ਹੈ। ਪੰਜਾਬ ਵਿਚ ਹੋਈਆਂ ਵਧੀਕੀਆਂ ਜਾਂ ਵਧੀਕੀਆਂ ਕਰਵਾਉਣ ਲਈ ਮੁੱਖ ਮੰਤਰੀ ਡੀ.ਆਈ.ਜੀ. ਨੂੰ ਹੁਕਮ ਕਰ ਦਿੰਦਾ ਹੈ। ਡੀ.ਆਈ.ਜੀ. ਉਸੇ ਸਮੇਂ ਜ਼ਿਲ੍ਹੇ ਦੇ ਸਬੰਧਤ ਐਸ.ਐਸ.ਪੀ. ਨੂੰ ਫੋਨ ਕਰ ਦਿੰਦਾ ਹੈ। ਇਸ ਤਰ੍ਹਾਂ ਸਥਾਨਕ ਪੱਧਰ ਦਾ ਐਸ.ਐਚ.ਓ. ਸਤਾ ਦੇ ਇਸ਼ਾਰੇ 'ਤੇ ਕੇਸ ਦਰਜ ਕਰਨ ਜਾਂ ਨਾ ਕਰਨ ਦਾ ਫ਼ੈਸਲਾ ਲੈਂਦਾ ਹੈ। ਡਿਊਟੀਆਂ ਬਦਲ-ਬਦਲ ਕੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨਾਲ ਦਿਨ-ਰਾਤ ਅਜਿਹੇ ਡੀ.ਆਈ.ਜੀ. ਜੁੜੇ ਰਹਿੰਦੇ ਹਨ। ਇਸੇ ਤਰ੍ਹਾਂ ਮੁੱਖ ਮੰਤਰੀ ਦੇ ਖੱਬੇ ਹੱਥ ਮੁੱਖ ਮੰਤਰੀ ਦਾ ਮੁੱਖ ਸਕੱਤਰ ਬੈਠਦਾ ਹੈ ਅਤੇ ਸਬੰਧਤ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਉਸ ਰਾਹੀਂ ਜਾਂਦੇ ਹਨ। ਅਦਾਲਤਾਂ ਨੂੰ ਕੰਟਰੋਲ ਕਰਨ ਲਈ ਉਨ੍ਹਾਂ ਕੋਲ ਮੁੱਖ ਸਰਕਾਰੀ ਵਕੀਲ ਹੁੰਦਾ ਹੈ। ਸਤ੍ਹਾ ਦੇ ਜ਼ੁਬਾਨੀ ਹੁਕਮਾਂ ਦੀ ਪਾਲਣਾ ਨਾ ਕਰਨ ਵਾਲੇ ਅਫ਼ਸਰਾਂ ਨੂੰ ਖੁੱਡੇਲਾਈਨ ਕਰ ਦਿੱਤਾ ਜਾਂਦਾ ਹੈ ਜਾਂ ਆਪਣੇ ਘਰਾਂ ਤੋਂ ਸੈਂਕੜੇ ਮੀਲਾਂ ਦੀ ਦੂਰੀ 'ਤੇ ਬਦਲ ਦਿੱਤਾ ਜਾਂਦਾ ਹੈ। ਬਾਦਲ ਪਰਿਵਾਰ ਦੀਆਂ ਔਰਬਿਟ ਬੱਸਾਂ 'ਤੇ ਜਦੋਂ ਕੋਈ ਭੀੜ ਆਉਂਦੀ ਹੈ ਤਾਂ ਇਸ ਤਰ੍ਹਾਂ ਸਮੁੱਚੀ ਅਫ਼ਸਰਸ਼ਾਹੀ ਸਰਗਰਮ ਕਰ ਦਿੱਤੀ ਜਾਂਦੀ ਹੈ। ਕਈ ਵਾਰ ਤਾਂ ਸਤ੍ਹਾ ਰਾਹੀਂ ਜਾਂ ਪੁਲਿਸ ਦੇ ਤਾਣੇ-ਬਾਣੇ ਰਾਹੀਂ ਸਥਾਨਕ ਸਿਆਸੀ ਆਗੂਆਂ ਨੂੰ ਵੀ ਹੱਲਾਸ਼ੇਰੀ ਦੇ ਦਿੱਤੀ ਜਾਂਦੀ ਹੈ। ਇਹ ਸਮੇਂ ਦਾ ਸੱਚ ਹੈ। ਜੇ ਇਹ ਕਿਹਾ ਜਾਵੇ ਕਿ ਬਾਦਲਾਂ ਦੇ ਹੁਕਮ ਤੋਂ ਬਗੈਰ ਪੰਜਾਬ ਵਿਚ ਪੱਤਾ ਵੀ ਨਹੀਂ ਹਿੱਲ ਸਕਦਾ, ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਕੇਂਦਰ ਸਰਕਾਰ ਦੇ ਮੁਕਾਬਲੇ ਪੰਜਾਬ ਸਰਕਾਰ ਤੋਂ ਘੱਟੋ-ਘੱਟ ਪੰਜਾਹ ਗੁਣਾ ਛੋਟੀ ਹੈ। ਹੁਣ ਤੁਸੀਂ ਖ਼ੁਦ ਹੀ ਅੰਦਾਜ਼ਾ ਲਗਾ ਲਵੋ ਕਿ ਮੋਦੀ ਸਰਕਾਰ ਕਿੰਨੀ ਸ਼ਕਤੀਸ਼ਾਲੀ ਹੈ। ਪ੍ਰਬੰਧਕੀ, ਅਦਾਲਤੀ, ਸਾਰੇ ਹੁਕਮਾਂ ਵਿਚੋਂ ਬਹੁਤੇ ਜ਼ੁਬਾਨੀ ਹੀ ਹੁੰਦੇ ਹਨ। ਮੋਦੀ ਦੇ ਇਸ਼ਾਰੇ 'ਤੇ ਹੀ ਸਾਰੀਆਂ ਕਾਰਵਾਈਆਂ ਹੁੰਦੀਆਂ ਹਨ। ਇਸ ਲਈ ਇਹ ਕਹਿ ਦੇਣਾ ਕਿ ਸੀ.ਬੀ.ਆਈ. ਜਾਂ ਸੁਪਰੀਮ ਕੋਰਟ ਆਜ਼ਾਦ ਅਦਾਰੇ ਹਨ, ਇਹ ਕੋਰਾ ਝੂਠ ਹੈ। ਹੁਣ ਯਾਕੂਬ ਨੂੰ ਫ਼ਾਂਸੀ ਦੇ ਦੇਣਾ, ਜਿਸ ਦੀ ਮੁੰਬਈ 1993 ਵਿਚ ਹੋਏ ਬੰਬ ਧਮਾਕਿਆਂ ਵਿਚ ਸਿੱਧੀ ਸ਼ਮੂਲੀਅਤ ਸ਼ੱਕੀ ਸੀ ਅਤੇ ਮਾਇਆ ਕੋਡਨਾਨੀ ਅਤੇ ਬਜਰੰਗੀ ਜਿਹੜੇ ਯੂਟਿਊਬ 'ਤੇ ਸ਼ਰੇਆਮ ਫੜਾਂ ਮਾਰ ਰਹੇ ਹਨ ਕਿ ਉਨ੍ਹਾਂ ਨੇ ਕਿਵੇਂ ਅਤੇ ਕਿੰਨੇ ਮੁਸਲਮਾਨ ਇਸਤਰੀਆਂ, ਪੁਰਸ਼ਾਂ ਅਤੇ ਬੱਚਿਆਂ ਨੂੰ ਅੱਗ ਲਾ ਕੇ ਸਾੜਿਆ ਹੈ। ਉਨ੍ਹਾਂ ਨੂੰ ਜ਼ਮਾਨਤਾਂ ਹੀ ਨਹੀਂ ਦਿੱਤੀਆਂ ਗਈਆਂ, ਸਗੋਂ ਸਤ੍ਹਾ ਦਾ ਸੁੱਖ ਵੀ ਭੋਗ ਰਹੇ ਹਨ। ਟੀ.ਵੀ. ਚੈਨਲ 'ਤੇ ਮੈਂ ਮੋਦੀ ਨੂੰ ਖੁਦ ਇਹ ਕਹਿੰਦਿਆਂ ਸੁਣਿਆ ਹੈ ਕਿ ਫਿਰ ਮੈਨੂੰ ਗੋਧਰਾ ਦੁਹਰਾਉਣਾ ਵੀ ਆਉਂਦਾ ਹੈ। 1984 ਦੌਰਾਨ ਦਿੱਲੀ ਵਿਚ ਹੋਇਆ ਕਤਲੇਆਮ ਸਤ੍ਹਾ ਦੇ ਇਸ਼ਾਰੇ ਸਪਸ਼ਟ ਉਦਾਹਰਣ ਹੈ। ਹੁਣ ਤੁਸੀਂ ਦੱਸੋ ਕਿ ਵਿਆਪਮ ਘੁਟਾਲੇ ਤਹਿਤ ਹੋਏ 48 ਕਤਲਾਂ ਅਤੇ ਆਸਾ ਰਾਮ ਦੇ ਤਿੰਨ ਗਵਾਹਾਂ ਦੇ ਕਤਲਾਂ ਵਿਚ ਕੀ ਸਤ੍ਹਾ ਦੀ ਭਾਗੀਦਾਰੀ ਨਹੀਂ ਹੋਵੇਗੀ ? ਮੈਨੂੰ ਤਾਂ ਇਹ ਗੱਲ ਦਿਨ ਦੇ ਚਾਨਣ ਵਾਂਗ ਸਾਫ਼ ਹੈ ਕਿ ਕਿਸੇ ਨਾ ਕਿਸੇ ਰੂਪ ਵਿਚ ਇਹ ਕਤਲ ਸਤ੍ਹਾ ਵਿਚ ਬੈਠੇ ਵਿਅਕਤੀਆਂ ਦੇ ਇਸ਼ਾਰੇ 'ਤੇ ਹੀ ਕੀਤੇ ਗਏ ਹਨ।

ਸਥਾਨਕ ਪੱਧਰ ਦੇ ਪੁਲਿਸ ਅਫ਼ਸਰਾਂ ਨੇ ਇਨ੍ਹਾਂ ਕੇਸਾਂ ਵਿਚ ਐਫ.ਆਈ.ਆਰ ਵੀ ਦਰਜ ਨਹੀਂ ਕੀਤੀਆਂ। ਹੁਣ ਸੀ.ਬੀ.ਆਈ. ਨੇ ਕੁੱਝ ਕੇਸਾਂ ਵਿਚ ਐਫ.ਆਈ.ਆਰ. ਦਰਜ ਕਰ ਲਈ ਹੈ। ਇਹ ਦਰਸਾਉਂਦਾ ਹੈ ਕਿ ਹੁਣ ਸੀ.ਬੀ.ਆਈ. ਨੂੰ ਇਹ ਹਦਾਇਤਾਂ ਹੋ ਚੁੱਕੀਆਂ ਹਨ ਕਿ ਕੇਸ ਤਾਂ ਦਰਜ ਕਰ ਲਵੋ, ਪਰ ਕੇਸਾਂ ਦੇ ਫ਼ੈਸਲਿਆਂ ਨੂੰ ਜਾਂ ਗ੍ਰਿਫ਼ਤਾਰੀਆਂ ਨੂੰ ਲਮਕਾ ਦੇਵੋ। ਗੱਲ ਇਥੇ ਰੁਕੇਗੀ ਨਹੀਂ। ਤਰਕਸ਼ੀਲ ਆਗੂ ਨਰਿੰਦਰ ਦਾਭੋਲਕਰ ਅਤੇ ਪਾਨਸਾਰੇ ਦੇ ਕਾਤਲ ਅਜੇ ਤੱਕ ਗ੍ਰਿਫ਼ਤਾਰ ਨਹੀਂ ਕੀਤੇ ਗਏ। ਉਪਰੋਕਤ ਸਾਰੀਆਂ ਘਟਨਾਵਾਂ ਦਰਸਾ ਰਹੀਆਂ ਹਨ ਕਿ ਆਉਣ ਵਾਲੇ ਸਮੇਂ ਵਿਚ ਲੋਕਾਂ ਨੇ ਅਜਿਹੀਆਂ ਘਟਨਾਵਾਂ ਵਿਰੁਧ ਆਪਣੇ ਰੋਹ ਦਰਜ ਕਰਵਾਉਣੇ ਹੀ ਹਨ ਅਤੇ ਸਤ੍ਹਾ ਨੇ ਇਨ੍ਹਾਂ ਨੂੰ ਦਬਾਉਣ ਲਈ ਆਪਣੀਆਂ ਵਧੀਕੀਆਂ ਵਧਾਉਣੀਆਂ ਹੀ ਹਨ। ਇਸ ਲਈ ਲੋਕਾਂ ਨੂੰ ਮਾਨਸਿਕ ਪੱਧਰ 'ਤੇ ਇਸ ਗੱਲ ਲਈ ਤਿਆਰ ਹੋਣਾ ਚਾਹੀਦਾ ਹੈ ਕਿ ਆਉਣ ਵਾਲੇ ਸਮੇਂ ਹੋਰ ਭਿਆਨਕ ਹੋਣਗੇ। ਸੋ, ਅਜਿਹੀਆਂ ਸਾਜ਼ਿਸ਼ਾਂ ਦਾ ਜਥੇਬੰਦਕ ਢੰਗਾਂ ਰਾਹੀਂ ਮੁਕਾਬਲਾ ਕੀਤਾ ਜਾਣਾ ਚਾਹੀਦਾ ਹੈ।

-ਮੇਘ ਰਾਜ ਮਿੱਤਰ

# ਯਾਦਾਂ ਦੇ ਝਰੋਖੇ ’ਚੋਂ...



## ✪ ਜੈਨੀਆਂ ਦਾ ਇਕ ਧੜਾ ਨੰਗੇ ਰਹਿਣ ਵਿਚ ਵਿਸ਼ਵਾਸ ਰਖਦਾ ਹੈ

ਅੰਬਾਲਾ-ਚੰਡੀਗੜ੍ਹ ਹਾਈਵੇ ’ਤੇ ਭਾਂਖਰਪੁਰ ਨਾਮ ਦਾ ਇਕ ਪਿੰਡ ਹੈ। ਇਸ ਪਿੰਡ ਵਿਚੋਂ ਲੰਘ ਰਹੇ ਹਾਈਵੇ ’ਤੇ ਲੋਕਾਂ ਨੂੰ ਇਕ ਅਜੀਬ ਕਿਸਮ ਦਾ ਨਜ਼ਾਰਾ ਦੇਖਣ ਨੂੰ ਮਿਲਿਆ। ਇਕ ਜੈਨੀ ਮੁਨੀ ਆਪਣੇ ਚੇਲਿਆਂ ਨਾਲ ਨੰਗ-ਧੜੰਗ ਜਾ ਰਿਹਾ ਸੀ। ਇਹ ਮੁਨੀ ਸ਼੍ਰੋਮਣੀ ਆਚਾਰੀਆ ਸ਼੍ਰੀ ਵਿਦਿਆਸਾਗਰ ਮਹਾਰਾਜ ਦਾ ਚੇਲਾ ਸੀ। ਇਸ ਦੇ ਆਲੇ-ਦੁਆਲੇ ਸਿਰਫ਼ ਚਾਰ ਹੀ ਲੋਕ ਸਨ। ਆਰ.ਐਸ.ਐਸ. ਦੇ ਕੁੱਝ ਵਰਕਰਾਂ ਨੇ ਇਸ ਨੂੰ ਰੋਕ ਕੇ ਧੱਕਾ-ਮੁੱਕੀ ਕੀਤੀ ਅਤੇ ਕਿਹਾ ਕਿ ਜਦੋਂ ਵੀ ਕਿਸੇ ਸ਼ਹਿਰ ਵਿਚੋਂ ਲੰਘਣਾ ਹੈ ਤਾਂ ਕਾਫ਼ੀ ਸਾਰੇ ਵਿਅਕਤੀਆਂ ਦਾ ਟੋਲਾ ਤੇਰੇ ਆਲੇ-ਦੁਆਲੇ ਹੋਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਤੇਰਾ ਨੰਗੇਜ਼ ਨਾ ਦਿਸੇ।

ਭਾਰਤ ਵਿਚ ਧਰਮ ਦੀ ਆੜ ਵਿਚ ਬਹੁਤ ਸਾਰੇ ਵਿਅਕਤੀ ਨੰਗੇ ਹੀ ਰਹਿੰਦੇ ਹਨ। ਨਾਸਿਕ ਵਿਖੇ ਹੋ ਰਹੇ ਕੁੰਭ ਮੇਲੇ ’ਤੇ ਲੱਖਾਂ ਹੀ ਇਕੱਠੇ ਹੋਏ ਸਾਧੂ ਅਲਫ਼ ਨੰਗੇ ਹੋ ਕੇ ਜਲੂਸ ਦੀ ਸ਼ਕਲ ਵਿਚ ਜਾਂਦੇ ਹਨ। ਜੈਨੀ ਸਾਧੂਆਂ ਦਾ ਇਕ ਫ਼ਿਰਕਾ ਨੰਗੇ ਰਹਿਣ ਵਿਚ ਯਕੀਨ ਕਰਦਾ ਹੈ। ਟੈਲੀਵਿਜ਼ਨ ’ਤੇ ਵੀ ਇਕ ਅਲਫ਼ ਨੰਗਾ ਵਿਅਕਤੀ ਹਰ ਰੋਜ਼ ਨੰਗਾ ਰਹਿ ਕੇ ਕਾਫ਼ੀ ਜੋਸ਼ੀਲੀ ਆਵਾਜ਼ ਵਿਚ ਪ੍ਰਵਚਨ ਕਰਦਾ ਹੈ। ਅਸਲ ਵਿਚ ਇਨ੍ਹਾਂ ਦੇ ਧਰਮ ਇਸ ਗੱਲ ਵਿਚ ਯਕੀਨ ਰੱਖਦੇ ਹਨ ਕਿ ਮਨੁੱਖ ਜਦੋਂ ਧਰਤੀ ’ਤੇ ਆਇਆ ਸੀ, ਉਹ ਨੰਗਾ ਹੀ ਸੀ। ਪੈਰਾਂ ਵਿਚ ਜੁੱਤੀਆਂ ਇਸ ਕਰ ਕੇ ਨਹੀਂ ਪਾਉਂਦੇ ਕਿ ਨੰਗੇ ਪੈਰਾਂ ਨਾਲ ਤਾਂ ਜੀਵ ਨਹੀਂ ਮਰਦੇ। ਜੁੱਤੀਆਂ ਨਾਲ ਬਹੁਤ ਸਾਰੇ ਜੀਵਾਂ ਦੀ ਹੱਤਿਆ ਹੋ ਜਾਂਦੀ ਹੈ। ਕਈ ਸਾਧੂ ਤਾਂ ਸੜਕਾਂ ’ਤੇ ਜੀਵਾਂ ਨੂੰ ਪਾਸੇ ਹਟਾਉਣ ਲਈ ਬੁਰਸ਼ ਵੀ ਆਪਣੇ ਨਾਲ ਚੁੱਕ ਕੇ ਤੁਰਦੇ ਹਨ।

ਭਾਵੇਂ ਇਸ ਨੂੰ ਉਹ ਵਰਤਦੇ ਕਦੇ ਹੀ ਨਜ਼ਰ ਆਉਂਦੇ ਹਨ। ਜੇ ਕਿਸੇ ਸ਼ਹਿਰ ਵਿਚ ਇਕ ਸਾਧਾਰਨ ਵਿਅਕਤੀ ਨੰਗਾ ਹੋ ਕੇ ਸੜਕਾਂ ਉਪਰ ਚੱਕਰ ਲਾ ਜਾਵੇ ਤਾਂ ਪੂਰੇ ਸ਼ਹਿਰ ਵਿਚ ਇਸ ਗੱਲ ਦੀ ਚਰਚਾ ਤੇ ਨਿਖੇਧੀ ਹੋਵੇਗੀ। ਜੇ ਕੋਈ ਕੁੜੀ ਘੱਟ ਕਪੜਿਆਂ ਵਿਚ ਫ਼ਿਲਮ ਵਿਚ ਰੋਲ ਕਰਦੀ ਹੈ ਤਾਂ ਸੈਂਸਰ ਬੋਰਡ ਅਜਿਹੀ ਫ਼ਿਲਮ ਨੂੰ ਪਾਸ ਨਹੀਂ ਕਰਦਾ, ਪਰ ਧਰਮ ਦੇ ਨਾਂਅ ’ਤੇ ਸਭ ਖੁੱਲ੍ਹ ਹੈ।

ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਹਰ ਕਿਸਮ ਦੇ ਨੰਗੇਜਪੁਣੇ ’ਤੇ ਪਾਬੰਦੀ ਜ਼ਰੂਰ ਲਾਵੇ।



**ਮੇਘ ਰਾਜ ਮਿੱਤਰ**
ਫੋਨ ਨੰ: 98887-87440

## ✪ ਕੈਂਸਰ ਬਾਰੇ ਕੁੱਝ ਸੱਚਾਈਆਂ

1) ਪੰਜਾਬ ਵਿਚ ਕੈਂਸਰ ਦੀ ਅਨੁਪਾਤ, ਭਾਰਤ ਦੀ ਕੁੱਲ ਵਸੋਂ ਵਿਚ ਕੈਂਸਰ ਦੇ ਅਨੁਪਾਤ ਦੇ ਬਰਾਬਰ ਹੀ ਹੈ। ਵੱਧ ਹੋਣ ਦਾ ਰੌਲਾ-ਰੱਪਾ ਹੀ ਪਾਇਆ ਜਾ ਰਿਹਾ ਹੈ।

2) ਮੂੰਹ ਦਾ ਕੈਂਸਰ ਸਿਰਫ਼ ਪਾਨ ਖਾਣ ਵਾਲੇ ਵਿਅਕਤੀਆਂ ਨੂੰ ਹੀ ਹੁੰਦਾ ਹੈ। ਯੂਰਪ ਵਿਚ ਜਿੱਥੇ ਲੋਕ ਪਾਨ ਜਾਂ ਸੁਪਾਰੀ ਜਰਦਾ ਜਾਂ ਬੀੜੀ ਦੀ ਵਰਤੋਂ ਘੱਟ ਕਰਦੇ ਹਨ, ਉੱਥੇ ਮੂੰਹ ਦਾ ਕੈਂਸਰ ਘੱਟ ਹੁੰਦਾ ਹੈ। ਸਿੱਖ ਧਰਮ ਨਾਲ ਸਬੰਧਤ ਵਿਅਕਤੀ ਉਪਰੋਕਤ ਚੀਜ਼ਾਂ ਦੀ ਵਰਤੋਂ ਨਹੀਂ ਕਰਦੇ। ਇਸ ਲਈ ਸਿੱਖ ਧਾਰਮਿਕ ਵਿਅਕਤੀਆਂ ਨੂੰ ਇਹ ਨਹੀਂ ਹੁੰਦਾ।

3) ਪਹਿਲੀ ਤੇ ਦੂਜੀ ਸਟੇਜ ਦੇ 80 ਫ਼ੀਸਦੀ ਕੈਂਸਰ ਠੀਕ ਹੋ ਜਾਂਦੇ ਹਨ। ਸਿਰਫ਼ 20 ਫ਼ੀ ਸਦੀ ਹੀ ਜਾਨਲੇਵਾ ਸਾਬਤ ਹੁੰਦੇ ਹਨ।

4) ਤੀਜੀ ਤੇ ਚੌਥੀ ਸਟੇਜ ਦੇ 20 ਫ਼ੀਸਦੀ ਕੈਂਸਰ ਹੀ ਠੀਕ ਹੋ ਸਕਦੇ ਹਨ ਤੇ 80 ਫ਼ੀਸਦੀ ਜਾਨਲੇਵਾ ਹੋ ਜਾਂਦੇ ਹਨ।

5) ਪਹਿਲੀ ਤੇ ਦੂਜੀ ਸਟੇਜ ਦੇ ਕੈਂਸਰਾਂ ਵਿਚ ਦਵਾਈਆਂ ਦੇ ਆਪਰੇਸ਼ਨਾਂ ਦਾ ਖ਼ਰਚਾ ਵੀ ਤੀਜੀ ਤੇ ਚੌਥੀ ਸਟੇਜ ਦੇ ਕੈਂਸਰਾਂ ਦੇ ਮੁਕਾਬਲੇ ਚੌਥਾ ਹਿਸਾ ਹੀ ਹੁੰਦਾ ਹੈ।

6) ਜਿੰਨਾ ਛੋਟਾ ਕੈਂਸਰ ਦਾ ਫੋੜਾ ਹੋਵੇਗਾ, ਉਨ੍ਹਾਂ ਛੋਟਾ ਹੀ ਆਪ੍ਰੇਸ਼ਨ ਦਾ ਚੀਰਾ ਹੋਵੇਗਾ।

7) ਕੈਂਸਰ ਦੇ ਮਰੀਜ਼ਾਂ ਵਿਚ ਕੈਂਸਰ ਜੁਪਤ ਸੈੱਲਾਂ ਦੀ ਰਹਿੰਦ-ਖੂੰਹਦ ਨੂੰ ਖ਼ਤਮ ਕਰਨ ਲਈ ਆਮ ਤੌਰ ’ਤੇ ਕੈਮੋਗ੍ਰਾਫ਼ੀ ਕੀਤੀ ਜਾਂਦੀ ਹੈ। ਇਸ ਨਾਲ ਕੈਂਸਰਗ੍ਰਸਤ ਸੈੱਲ ਤਾਂ ਖ਼ਤਮ ਹੋ ਜਾਂਦੇ ਹਨ। ਇਸ ਦੇ ਨਾਲ ਹੀ ਬਹੁਤ ਸਾਰੇ ਤੰਦਰੁਸਤ ਸੈੱਲ ਵੀ ਖ਼ਤਮ ਹੋ ਜਾਂਦੇ ਹਨ। ਜਿਵੇਂ ਅਸੀਂ ਜਾਣਦੇ ਹਾਂ ਕਿ ਸੈੱਲਾਂ ਦੇ ਹਰ ਰੋਜ਼ ਮਰਨ ਤੇ ਹਰ ਰੋਜ਼ ਪੈਦਾ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਰਹਿੰਦਾ ਹੈ। ਸੋ, ਤੰਦਰੁਸਤ ਸੈੱਲਾਂ ਦੇ ਮਰਨ ਨਾਲ ਵਾਲ ਵੀ ਝੜ ਜਾਂਦੇ ਹਨ, ਪਰ ਮਹੀਨੇ ਦੋ ਮਹੀਨੇ ਵਿਚ ਨਵੇਂ ਪੈਦਾ ਹੋਏ ਸੈੱਲ ਮਰੇ ਹੋਏ ਸੈੱਲਾਂ ਨੂੰ ਸਰੀਰ ਵਿਚੋਂ ਬਾਹਰ ਕੱਢ ਕੇ ਉਨ੍ਹਾਂ ਦੀ ਥਾਂ ਲੈ ਲੈਂਦੇ ਹਨ। ਇਸ ਤਰ੍ਹਾਂ ਵਾਲ ਮੁੜ ਉੱਗ ਆਉਂਦੇ ਹਨ, ਜੋ ਪਹਿਲਾਂ ਨਾਲੋਂ ਵੀ ਸੁੰਦਰ ਹੁੰਦੇ ਹਨ।

ਸੋ, ਆਪਣੇ ਸਰੀਰ ਨੂੰ ਖ਼ੁਦ ਜਾਂਚੋ, ਜਦੋਂ ਵੀ ਤੁਹਾਨੂੰ ਸਰੀਰ ਦੇ ਕਿਸੇ ਭਾਗ ਵਿਚੋਂ ਖ਼ੂਨ ਨਜ਼ਰ ਆਵੇ ਜਾਂ ਰਸੌਲੀ ਜਾਂ ਦਰਦ ਮਹਿਸੂਸ ਹੋਵੇ, ਤੁਰੰਤ ਜ਼ਿਲ੍ਹੇ ਦੇ ਵੱਡੇ ਸਰਕਾਰੀ ਹਸਪਤਾਲ ਵਿਚ ਜਾ ਕੇ ਪਰਖ ਕਰਵਾਉ। ਜੇ ਕੋਈ ਗੜਬੜ ਨਜ਼ਰ ਆਵੇ, ਤੁਰੰਤ ਇਲਾਜ ਸ਼ੁਰੂ ਕਰੋ। ਇਸ ਨਾਲ ਖ਼ਰਚਾ ਵੀ ਘਟ ਸਕਦਾ ਹੈ ਅਤੇ ਉਮਰ ਵਧਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਬਿਮਾਰੀ ਦੀ ਹਾਲਤ ਵਿਚ ਵਧੀਆ ਸੰਭਵ ਇਲਾਜ ਦੇ ਉਪਰ ਹੀ ਟੇਕ ਰਖਣੀ ਚਾਹੀਦੀ ਹੈ। ਆਯੁਰਵੈਦ, ਹੋਮਿਓਪੈਥੀ, ਸਾਧਾਂ-ਸੰਤਾਂ ਦੇ ਮੰਤਰਾਂ ਆਦਿ ਤੋਂ ਪ੍ਰਹੇਜ ਰੱਖਦੇ ਹੋਏ ਐਲੋਪੈਥਿਕ ਪ੍ਰਣਾਲੀ ਰਾਹੀਂ ਇਲਾਜ ਕਰਵਾਓ। ਤੁਹਾਡੇ ਨਜ਼ਦੀਕੀ ਡਿਸਪੈਂਸਰੀ ਦੇ ਡਾਕਟਰ ਤੁਹਾਨੂੰ ਵਧੀਆ ਸਲਾਹ ਦੇ ਸਕਦੇ ਹਨ।

## ✪ ਅੰਧਵਿਸ਼ਵਾਸ ਨੇ ਹੀ ਲੈ ਲਈ ਜਾਨ

ਜੁਲਾਈ ਮਹੀਨੇ ਦੀ ਗੱਲ ਹੈ ਕਿ ਰੋਪੜ ਦੇ ਨਜ਼ਦੀਕ ਇਕ ਤਹਿਸੀਲਦਾਰ ਆਪਣੀ ਆਲਟੋ ਗੱਡੀ ਵਿਚ ਧੂਫ਼ ਦੀ ਫ਼ਾਲਤੂ ਸਮੱਗਰੀ ਰੱਖ ਕੇ ਨਹਿਰ ਵਿਚ ਜਲ ਪ੍ਰਵਾਹ ਕਰਨ ਲਈ ਤੁਰ ਪਏ। ਉਨ੍ਹਾਂ ਨੇ ਆਪਣੀ ਕਾਰ ਨਹਿਰ ਕਿਨਾਰੇ ਖੜ੍ਹੀ ਕਰ ਦਿੱਤੀ। ਕਾਰ ਵਿਚੋਂ ਸਮੱਗਰੀ ਚੁੱਕੀ ਅਤੇ

ਨਹਿਰ ਵਿਚ ਸੁੱਟ ਦਿਤੀ। ਕਿਸੇ ਕਾਰਨ ਉਨ੍ਹਾਂ ਦਾ ਸੰਤੁਲਨ ਵਿਗੜ ਗਿਆ। ਆਪਣੇ-ਆਪ ਨੂੰ ਸੰਭਾਲਦੇ-ਸੰਭਾਲਦੇ ਉਹ ਨਹਿਰ ਵਿਚ ਜਾ ਡਿੱਗੇ। ਕੁੱਝ ਵਿਅਕਤੀਆਂ ਨੇ ਉਨ੍ਹਾਂ ਨੂੰ ਨਹਿਰ ਵਿਚ ਡਿੱਗਦਿਆਂ ਵੇਖ ਵੀ ਲਿਆ ਅਤੇ ਉਹ ਬਚਾਉਣ ਲਈ ਕੁੱਦ ਪਏ। ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਉਹ ਆਪਣੇ ਯਤਨਾਂ ਵਿਚ ਸਫ਼ਲ ਨਾ ਹੋ ਸਕੇ। ਜਦੋਂ ਤਹਿਸੀਲਦਾਰ ਸਾਹਿਬ ਨੂੰ ਬਾਹਰ ਕੱਢਿਆ ਗਿਆ ਤਾਂ ਉਨ੍ਹਾਂ ਦੀ ਨਬਜ਼ ਰੁਕ ਚੁੱਕੀ ਸੀ। ਬਹੁਤ ਸਾਰੇ ਪਰਿਵਾਰ ਧੂਫ਼ ਆਦਿ ਦੀ ਫਾਲਤੂ ਸਮੱਗਰੀ ਨੂੰ ਕੂੜੇ-ਕਰਕਟ ਵਿਚ ਸੁੱਟਣ ਦੀ ਵਜਾਏ, ਚੱਲਦੇ ਪਾਣੀ ਵਿਚ ਸੁੱਟਣ ਨੂੰ ਤਰਜੀਹ ਦਿੰਦੇ ਹਨ। ਅਜਿਹਾ ਕਰਨਾ ਇਕ ਅੰਧਵਿਸ਼ਵਾਸ ਹੀ ਹੈ। ਇਸ ਢੰਗ ਨਾਲ ਸਾਡੀਆਂ ਨਹਿਰਾਂ ਅਤੇ ਦਰਿਆ ਦੂਸ਼ਿਤ ਵੀ ਹੁੰਦੇ ਹਨ।

## ✪ ਕੁੱਲੂ ਦੇ ਲੋਕਾਂ ਦਾ ਅੰਧਵਿਸ਼ਵਾਸ

ਕੁੱਝ ਮਹੀਨੇ ਪਹਿਲਾਂ ਨੇਪਾਲ ਵਿਚ ਭੁਚਾਲ ਆਉਣ ਕਰਕੇ ਲੱਖਾਂ ਇਮਾਰਤਾਂ ਢਹਿ-ਢੇਰੀ ਹੋ ਗਈਆਂ ਸਨ ਅਤੇ ਬਹੁਤ ਸਾਰੀਆਂ ਹਸਦੀਆਂ-ਖੇਡਦੀਆਂ ਜ਼ਿੰਦਗੀਆਂ ਮੌਤ ਦੇ ਮੂੰਹ ਜਾ ਪਈਆਂ ਸਨ। ਇਨ੍ਹਾਂ ਵਿਚੋਂ ਬਹੁਤੇ ਧਰਮ ਵਿਚ ਯਕੀਨ ਕਰਦੇ ਸਨ ਅਤੇ ਹਰ ਰੋਜ਼ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਸਨ, ਪਰ ਪ੍ਰਕਿਰਤੀ ਅੱਗੇ ਉਨ੍ਹਾਂ ਦਾ ਕੋਈ ਵਸ ਨਾ ਚੱਲਿਆ। ਅਜਿਹੇ ਹਾਦਸੇ ਸਿੱਧ ਕਰਦੇ ਹਨ ਕਿ ਕੁਦਰਤੀ ਕਹਿਰ ਅੱਗੇ ਧਰਮ ਵਿਚ ਵਿਸ਼ਵਾਸ ਜਾਂ ਅਵਿਸ਼ਵਾਸ ਨਾਂਅ ਦਾ ਕੋਈ ਪੈਮਾਨਾ ਨਹੀਂ ਹੁੰਦਾ। ਜੋ ਇਸ ਦੀ ਭੇਂਟ ਚੜ੍ਹ ਗਿਆ, ਉਹ ਮੌਤ ਦੇ ਮੂੰਹ ਵਿਚ ਜਾ ਪੈਂਦਾ ਹੈ। ਇਸ ਕਰੋਪੀ ਤੋਂ ਬਚਣ ਵਾਲੇ ਪ੍ਰਮਾਤਮਾ ਦੇ ਧੰਨਵਾਦੀ ਹੋ ਜਾਂਦੇ ਹਨ ਅਤੇ ਮਰਨ ਵਾਲਿਆਂ ਦੇ ਪਰਿਵਾਰਾਂ ਦਾ ਕੋਈ ਵੀ ਜੀਅ ਪ੍ਰਮਾਤਮਾ ਜਾਂ ਧਾਰਮਿਕ ਸਥਾਨਾਂ ਨੂੰ ਦੋਸ਼ੀ ਨਹੀਂ ਠਹਿਰਾਉਂਦਾ। ਦੋ ਕੁ ਸਾਲ ਪਹਿਲਾਂ ਕੁੱਲੂ ਤੋਂ ਕੁੱਲ ਦੇਵਤਾ ਦੀ ਇਕ ਇਤਿਹਾਸਕ ਮੂਰਤੀ ਚੋਰੀ ਹੋ ਗਈ ਸੀ, ਬਾਅਦ ਵਿਚ ਇਹ ਉਸ ਸਥਾਨ ’ਤੇ ਰੱਖੀ ਪਾਈ ਗਈ। ਕੁੱਲੂ ਦੇ ਲੋਕ ਇਹ ਸਮਝਦੇ ਹਨ ਕਿ ਇਕ ਨੇਪਾਲੀ ਵਲੋਂ ਮੂਰਤੀ ਚੋਰੀ ਕਰਨ ਦੀ ਕੀਤੀ ਗਈ ਘਟੀਆ ਹਰਕਤ ਕਾਰਨ ਹੀ ਨੇਪਾਲ ਵਿਚ ਭੁਚਾਲ ਆਇਆ। ਅਜਿਹੀਆਂ ਕੁਦਰਤੀ ਕਰੋਪੀਆਂ ਨੂੰ ਅੰਧਵਿਸ਼ਵਾਸਾਂ ਨਾਲ ਜੋੜ ਲੈਣਾ ਨਿਰੀ ਮੂਰਖਤਾ ਹੈ। ਇਸ ਗੱਲ ਦਾ ਕੋਈ ਵੀ ਵਿਗਿਆਨਕ ਆਧਾਰ ਨਹੀਂ ਹੈ, ਕੋਈ ਵੀ ਵਿਅਕਤੀ ਮੂਰਤੀ ਦੇ ਚੋਰੀ ਹੋਣ ਦਾ ਸਬੰਧ ਕੁਦਰਤ ਦੀ ਕਰੋਪੀ ਨਾਲ ਨਹੀਂ ਜੋੜ ਸਕਦਾ। ਸੋ, ਲੋਕਾਂ ਨੂੰ ਚਾਹੀਦਾ ਹੈ ਕਿ ਉਹ ਕਾਰਜ ਅਤੇ ਕਾਰਨ ਵਿਚ ਸਬੰਧ ਜੋੜਨ ਦੀ ਪਿਰਤ ਪਾਉਣ।

## ✪ ਮੇਰੀ ‘ਧਾਰਮਿਕ’ ਯਾਤਰਾ

ਜੁਲਾਈ ਦੇ ਅਖੀਰਲੇ ਹਫ਼ਤੇ ਮੇਰਾ ਗੁਜਰਾਤ ਜਾਣ ਦਾ ਸਬੱਬ ਬਣਿਆ। ਸੰਗਰੂਰ ਦੇ ਕੁੱਝ ਪਰਿਵਾਰ ਧਾਰਮਿਕ ਸਥਾਨਾਂ ਦੀ ਯਾਤਰਾ ’ਤੇ ਜਾ ਰਹੇ ਸਨ। ਉਹ ਕਹਿਣ ਲੱਗੇ ਕਿ ਤੁਸੀਂ ਵੀ ਸਾਡੇ ਨਾਲ ਚੱਲੋ। ਇਸ ਤਰ੍ਹਾਂ ਤੁਸੀਂ ਇਨ੍ਹਾਂ ਮੰਦਰਾਂ ਨੂੰ ਵੇਖ ਲਵੋਂਗੇ, ਭਾਵੇਂ ਤੁਹਾਡਾ ਵਿਸ਼ਵਾਸ ਧਾਰਮਿਕ ਸਥਾਨਾਂ ਵਿਚ ਨਹੀਂ ਹੈ। ਮੈਂ ਅਜਿਹੇ ਮੌਕੇ ਨੂੰ ਕਿਵੇਂ ਗੁਆ ਸਕਦਾ ਸਾਂ। ਉਨ੍ਹਾਂ ਪਰਿਵਾਰਾਂ ਨੇ ਸਾਡੀਆਂ ਸੀਟਾਂ ਦੀ ਬੁਕਿੰਗ ਵੀ ਕਰਵਾ ਦਿੱਤੀ। ਰਾਹ ਵਿਚ ਇਕ ਸਾਥੀ ਕਹਿਣ ਲੱਗਿਆ ਕਿ ਅਮਰਗੜ੍ਹ ਦਾ ਇਕ ਵਿਅਕਤੀ ਰੋਜ਼ ਦਾ ਸ਼ਰਾਬੀ ਸੀ ਅਤੇ ਉਸ ਦੇ ਦੂਸਰੇ ਚਚੇਰੇ ਭਰਾ ਦਿਨ-ਰਾਤ ਮਿਹਨਤ ਕਰਦੇ ਰਹਿੰਦੇ ਸਨ। ਇਕ ਦਿਨ ਸਾਰੇ ਮਿਲ ਕੇ ਉਸ ਭਰਾ ਨੂੰ ਕਹਿਣ ਲੱਗੇ, “ਤੂੰ ਤਾਂ ਆਪਣਾ ਸਭ ਕੁੱਝ ਬਰਬਾਦ ਕਰਨਾ ਹੀ ਹੈ, ਸਾਡਾ ਤਾਂ ਬਚਿਆ ਰਹਿਣ ਦੇ।” ਸ਼ਰਾਬੀ ਵਿਅਕਤੀ ਆਪਣੇ ਚਚੇਰੇ ਭਰਾ ਨੂੰ ਕਹਿਣ ਲੱਗਿਆ, “ਤੁਸੀਂ ਮੈਨੂੰ ਮੇਰੀ ਇਕ ਏਕੜ ਜ਼ਮੀਨ ਦੀ ਕੀਮਤ ਦੇ ਦਿਓ। ਮੈਂ ਦਸ ਸਾਲ ਲਈ ਘਰ ਛੱਡ ਜਾਵਾਂਗਾ ਅਤੇ ਜੇ ਮੇਰੇ ਵਿਚ ਸਮਰੱਥਾ ਹੋਈ ਤਾਂ ਆ ਕੇ ਵੀਹ-ਤੀਹ ਏਕੜ ਜ਼ਮੀਨ ਤੁਹਾਨੂੰ ਹੋਰ ਖ਼ਰੀਦ ਦਿਆਂਗਾ।” ਪੈਸੇ ਲੈ ਕੇ ਉਹ ਆਪਣੇ ਇਕ ਮਿੱਤਰ ਕੋਲ ਗਿਆ,



ਜੋ ਕੰਮ ਤਾਂ ਜੋਤਿਸ਼ ਦਾ ਕਰਦਾ ਸੀ, ਪਰ ਰੋਜ਼ ਸ਼ਰਾਬ ਦੇ ਦੋ-ਚਾਰ ਪੈੱਗ ਲਗਾਏ ਤੋਂ ਬਿਨ੍ਹਾਂ ਉਸ ਨੂੰ ਨੀਂਦ ਨਹੀਂ ਸੀ ਆਉਂਦੀ। ਦੋਵੇਂ ਵਿਅਕਤੀ ਦਿੱਲੀ ਨੂੰ ਰਵਾਨਾ ਹੋ ਗਏ। ਉਨ੍ਹਾਂ ਨੇ ਉਥੇ ਇਕ ਮਕਾਨ ਮੁੱਲ ਲੈ ਲਿਆ ਅਤੇ ਬਚਦੇ ਪੈਸੇ ਨਾਲ ਇਸ਼ਤਿਹਾਰ ਦੇਣੇ ਸ਼ੁਰੂ ਕਰ ਦਿੱਤੇ। ਇਸ ਵਿਚ ਲਿਖਿਆ ਹੁੰਦਾ ਸੀ, “ਦੁਨੀਆਂ ਦੇ ਮੰਨੇ-ਪ੍ਰਮੰਨੇ ਜੋਤਸ਼ੀ ਨੂੰ ਆਪਣਾ ਹੱਥ ਵਿਖਾਓ ਅਤੇ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਵਾਓ। ਉਨ੍ਹਾਂ ਨੇ ਜੋਤਸ਼ੀ ਤੋਂ ਸਮਾਂ ਲੈਣ ਲਈ ਪਹਿਲਾਂ ਬੁਕਿੰਗ ਕਰਵਾਉਣਾ ਜ਼ਰੂਰੀ।” ਉਹ ਸਿਰਫ਼ ਦਸ ਵਜੇ ਤੋਂ ਦੋ ਵਜੇ ਤੱਕ ਆਪਣੀ ਗੱਦੀ ’ਤੇ ਬੈਠਦੇ। ਦੋ ਵਜੇ ਤੋਂ ਬਾਅਦ ਤਾਂ ਉਨ੍ਹਾਂ ਦਾ ਖਾਣ-ਪੀਣ ਦਾ ਦੌਰ ਸ਼ੁਰੂ ਹੋ ਜਾਂਦਾ। ਲੋਕਾਂ ਨੂੰ ਕਿਹਾ ਜਾਂਦਾ ਕਿ ਇਹ ਸਮਾਂ ਤਾਂ ਜੋਤਸ਼ੀ ਜੀ ਦਾ ਭਗਤੀ ਕਰਨ ਦਾ ਹੁੰਦਾ ਹੈ। ਇਸ ਤਰ੍ਹਾਂ ਉਨ੍ਹਾਂ ਦੇ ਦਿਨ ਫਿਰਨ ਲੱਗੇ ਅਤੇ ਹਰਾਮ ਦੀ ਕਮਾਈ ਲੱਖਾਂ ਵਿਚ ਪੁੱਜਣ ਲੱਗੀ। ਕੁੱਝ ਸਮੇਂ ਬਾਅਦ ਉਹ ਪਿੰਡ ਮੁੜ ਆਇਆ। ਪਰਿਵਾਰ ਵਾਲਿਆਂ ਨਾਲ ਕੀਤਾ ਵਾਅਦਾ ਨਿਭਾਅ ਦਿੱਤਾ। ਅਜਿਹੀਆਂ ਹੋਰ ਗੱਲਾਂ ਵੀ ਚੱਲਦੀਆਂ ਰਹੀਆਂ। ਇਸ ਤਰ੍ਹਾਂ ਅਸੀਂ ਅਹਿਮਦਾਬਾਦ ਪਹੁੰਚ ਗਏ। ਪ੍ਰਾਚੀਨ ਲੋਕਾਂ ਵੱਲੋਂ ਉਸਾਰੇ ਗਏ ਮੰਦਰਾਂ ਦੇ ਪੱਥਰਾਂ ’ਤੇ ਕੀਤੀ ਗਈ ਨੱਕਾਸ਼ੀ ਨੂੰ ਵੇਖ ਕੇ ਮੈਨੂੰ ਸਾਡੇ ਪੁਰਖਿਆਂ ’ਤੇ ਮਾਣ ਵੀ ਹੋਇਆ, ਪਰ ਮੰਦਿਰਾਂ ਵਿਚ ਹਰ ਥਾਂ ’ਤੇ ਬੈਠੇ ਪਰਜੀਵੀ ਲੋਕਾਂ ਤੋਂ ਪੈਸੇ ਵਸੂਲਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਸਨ। ਇਹ ਗੱਲ ਦੁਖੀ ਕਰਨ ਵਾਲੀ ਸੀ। ਇਸ ਤਰ੍ਹਾਂ ਮੈਂ ਆਪਣੇ ਸਾਥੀਆਂ ਨਾਲ ਅੱਗੇ ਤੁਰਦਾ ਹੋਇਆ ਅਹਿਮਦਾਬਾਦ ਦੇ ਸਾਬਰਮਤੀ ਆਸ਼ਰਮ ਵਿਚ ਪਹੁੰਚ ਗਿਆ। ਕਿਸੇ ਵੇਲੇ ਮਹਾਤਮਾ ਗਾਂਧੀ ਨੇ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਸਾਬਰਮਤੀ ਆਸ਼ਰਮ ਨੂੰ ਬਣਾਇਆ ਹੋਇਆ ਸੀ। ਮਹਾਤਮਾ ਗਾਂਧੀ ਨਾਲ ਸਬੰਧਤ ਚਰਖੇ ਅਤੇ ਕੁੱਝ ਹੋਰ ਵਸਤਾਂ ਇਸ ਆਸ਼ਰਮ ਵਿਚ ਉਪਲਬਧ ਸਨ। ਇਸੇ ਆਸ਼ਰਮ ਵਿਚ ਬੈਠ ਕੇ ਮਹਾਤਮਾ ਗਾਂਧੀ ਨੇ ਆਪਣੀ ਸਵੈ-ਜੀਵਨੀ ‘ਸੱਚ ਦਾ ਪ੍ਰਯੋਗ’ ਵੀ ਲਿਖੀ ਸੀ। ਇਸ ਜੀਵਨੀ ਦੀਆਂ ਬਹੁਤ ਸਾਰੀਆਂ ਅਨੁਵਾਦਤ ਕਾਪੀਆਂ ਇਸ ਆਸ਼ਰਮ ਵਿਚ ਉਪਲਬਧ ਸਨ। ਸਾਬਰਮਤੀ ਨਦੀ ਕਿਨਾਰੇ ਬਣਿਆ ਇਹ ਆਸ਼ਰਮ ਬਹੁਤ ਸਾਰੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਸੀ।

ਸਾਡਾ ਕਾਫ਼ਲਾ ਇਸ ਤਰ੍ਹਾਂ ਕਰਦਾ ਹੋਇਆ ਦਵਾਰਕਾ ਜਾ ਪਹੁੰਚਿਆ। ਰੁਕਮਣੀ ਦੇਵੀ ਦੇ ਮੰਦਰ ਵਿਚ ਕੁੱਝ ਪੁਜਾਰੀ ਪਾਣੀ ਦੇ ਬਹਾਨੇ ਲੋਕਾਂ ਤੋਂ ਬਹੁਤ ਸਾਰੇ ਪੈਸੇ ਵਸੂਲ ਰਹੇ ਸਨ। ਮੰਦਿਰ ਦੇ ਬਾਹਰ ਸੈਂਕੜੇ ਸਾਧੂ ਲੋਕਾਂ ਤੋਂ ਭੋਜਨ ਦੀ ਆਸ ਰੱਖ ਰਹੇ ਸਨ। ਇਸ ਤਰ੍ਹਾਂ ਹੀ ਅਸੀਂ ਸੋਮਨਾਥ ਦਾ ਮੰਦਿਰ ਵੇਖਣ ਲਈ ਪਹੁੰਚ ਗਏ। ਇਸ ਮੰਦਿਰ ਦੀ ਮਹਾਨਤਾ ਇਹ ਹੈ ਕਿ ਮਹਿਮੂਦ ਗਜ਼ਨਵੀ ਨੇ ਇਸ ਮੰਦਿਰ ਨੂੰ ਲੁੱਟਣ ਲਈ 17 ਵਾਰ ਹਮਲੇ ਕੀਤੇ। ਹਰ ਵਾਰ ਉਹ ਖਚਰਾਂ ਅਤੇ ਘੋੜਿਆਂ ’ਤੇ

## ਕਾਮਰੇਡ ਜਗਜੀਤ ਆਨੰਦ ਨਹੀਂ ਰਹੇ



19 ਜੂਨ 2015 ਨੂੰ ਨਵਾਂ ਜ਼ਮਾਨਾ ਦੇ ਮੁੱਖ ਸੰਪਾਦਕ ਕਾਮਰੇਡ ਜਗਜੀਤ ਸਿੰਘ ਆਨੰਦ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਲਗਭਗ 52 ਵਰ੍ਹੇ ਪੱਤਰਕਾਰੀ ਦੇ ਖੇਤਰ ਵਿਚ ਨਵੀਆਂ ਲੀਹਾਂ ਪਾਈਆਂ। ਪੰਜਾਬ ਦੇ ਅਗਾਂਹਵਧੂ ਲੋਕਾਂ ਕੋਲ ਨਵਾਂ ਜ਼ਮਾਨਾ ਇਕੋ-ਇਕ ਰੋਜ਼ਾਨਾ ਅਖ਼ਬਾਰ ਹੈ, ਜਿਸ ਵਿਚ ਕਾਮਰੇਡਾਂ ਦੀਆਂ ਸਾਰੀਆਂ ਧਿਰਾਂ ਦੇ ਵਿਚਾਰ ਹਮੇਸ਼ਾ ਪੜ੍ਹਨ ਨੂੰ ਮਿਲਦੇ ਹਨ। ਜਗਜੀਤ ਸਿੰਘ ਆਨੰਦ ਦੀ ਪਤਨੀ ਉਰਮਿਲਾ ਆਨੰਦ ਵੀ ਗੁਰਬਖਸ਼ ਸਿੰਘ 'ਪ੍ਰੀਤਲੜੀ' ਦੀ ਧੀ ਸੀ। ਕਾਮਰੇਡ ਆਨੰਦ 28 ਦਸੰਬਰ 1921 ਨੂੰ ਪੈਦਾ ਹੋਏ ਅਤੇ ਚੜ੍ਹਦੀ ਜਵਾਨੀ ਵਿਚ ਹੀ ਕਮਿਊਨਿਸਟ ਲਹਿਰ ਵਿਚ ਕੁੱਦ ਪਏ। ਪੱਤਰਕਾਰੀ ਦੇ ਖੇਤਰ ਵਿਚ ਉਨ੍ਹਾਂ ਦੀ ਦਿਲਚਸਪੀ ਸੀ। ਇਸ ਲਈ ਕਮਿਊਨਿਸਟ ਪਾਰਟੀ ਨੇ ਉਨ੍ਹਾਂ ਦੀ ਜ਼ਿੰਮੇਵਾਰੀ ਇਸੇ ਕਾਰਜ ਲਈ ਲਗਾ ਦਿੱਤੀ। ਸ਼ੁਰੂ ਦੇ ਦਿਨਾਂ ਵਿਚ ਇਸ ਪਾਰਟੀ ਦਾ ਰੋਲ ਸ਼ਾਨਦਾਰ ਰਿਹਾ ਹੈ। ਕਾਮਰੇਡ ਅਵਤਾਰ ਮਲਹੋਤਰਾ, ਸੋਹਣ ਸਿੰਘ ਜੋਸ਼, ਅਰਜਨ ਸਿੰਘ ਗੜਗੱਜ, ਜਗਜੀਤ ਆਨੰਦ ਇਹ ਉਸ ਪੀੜ੍ਹੀ ਦੇ ਵਿਅਕਤੀ ਸਨ, ਜਿਨ੍ਹਾਂ ਦੇ ਰੋਲ ਸਦਕਾ ਅੱਜ ਵੀ ਉਸ ਸਮੇਂ ਦੇ ਕਾਮਰੇਡਾਂ ਨੂੰ ਲੋਕ ਯਾਦ ਕਰਦੇ ਹਨ। ਮੇਰੇ ਚਾਚਾ ਜੀ ਅਤੇ ਮਾਮਾ ਜੀ ਸੀ.ਪੀ.ਆਈ. ਨਾਲ ਸਬੰਧਤ ਹੋਣ ਕਾਰਨ ਮੈਂ ਬਚਪਨ ਤੋਂ ਇਨ੍ਹਾਂ ਦੀਆਂ ਗੱਲਾਂ ਸੁਣਦਾ ਆਇਆ ਹਾਂ। 95ਵੇਂ ਸਾਲ ਦੀ ਵੱਡੀ ਉਮਰ ਵਿਚ ਉਨ੍ਹਾਂ ਦਾ ਵਿਛੋੜਾ ਨਾ-ਭੁੱਲਣਯੋਗ ਹੈ।

ਸੋਨਾ, ਹੀਰੇ ਅਤੇ ਹੋਰ ਜੇਵਰਾਤ ਲੱਦ ਕੇ ਲੈ ਜਾਂਦਾ, ਪਰ ਉਸ ਦਾ ਟਾਕਰਾ ਕਿਸੇ ਨੇ ਨਹੀਂ ਕੀਤਾ। ਇਸ ਤਰ੍ਹਾਂ ਅਸੀਂ ਇਕ ਅਜਿਹੇ ਸਥਾਨ 'ਤੇ ਪਹੁੰਚ ਗਏ, ਜਿਸ ਨੂੰ ਤ੍ਰਿਵੈਣੀ ਕਿਹਾ ਜਾਂਦਾ ਸੀ। ਸਾਡਾ ਇਕ ਸਾਥੀ ਕਹਿਣ ਲੱਗਿਆ ਕਿ ਕਿਸੇ ਵੇਲੇ ਇਸ ਤ੍ਰਿਵੈਣੀ ਵਿਚ ਸੱਤ ਦਰਿਆਵਾਂ ਦਾ ਪਾਣੀ ਲਿਆਕੇ ਪਾਇਆ ਗਿਆ ਸੀ। ਉਸ ਪਾਣੀ ਵਿਚਲੇ ਜੀਵਾਣੂਆਂ ਨੇ ਕੁੱਝ ਮਹੀਨਿਆਂ ਵਿਚ ਹੀ ਪਾਣੀ ਵਿਚ ਇੰਨ੍ਹੀਂ ਸੜਾਂਦ ਪੈਦਾ ਕਰ ਦਿਤੀ ਕਿ ਉਸ ਦੇ ਕੋਲ ਖੜ੍ਹਨਾ ਵੀ ਮੁਸ਼ਕਲ ਹੋ ਜਾਂਦਾ ਸੀ। ਇਸ ਦਾ ਕਾਰਨ ਇਹ ਸੀ ਕਿ ਮਨੁੱਖੀ ਬਸਤੀਆਂ ਵਾਂਗੂ ਜੀਵਾਣੂਆਂ ਦੀਆਂ ਰਿਹਾਇਸ਼ਗਾਹਾਂ ਵੀ ਹੁੰਦੀਆਂ ਹਨ। ਆਪਣੇ ਰਹਿਣ ਦੇ ਸਥਾਨਾਂ 'ਤੇ ਉਨ੍ਹਾਂ ਨੇ ਆਪਣੇ-ਆਪ ਨੂੰ ਅਨੁਕੂਲਿਤ ਅਤੇ ਸੰਤੁਲਿਤ ਕਰਨਾ ਸਿੱਖ ਲਿਆ ਹੁੰਦਾ ਹੈ, ਪਰ ਕਿਸੇ ਹੋਰ ਸਥਾਨ 'ਤੇ ਜਾ ਕੇ ਉਨ੍ਹਾਂ ਵਿਚੋਂ ਕਿਸੇ ਜਾਤੀ ਦੇ ਜੀਵਾਣੂਆਂ ਨੂੰ ਖਾਣ-ਪੀਣ ਦੀ ਜਨਨ ਕਿਰਿਆ ਕਰਨ ਦੀ ਵੱਧ ਸਹੂਲਤ ਮਿਲ ਜਾਂਦੀ ਹੈ। ਸਿੱਟੇ ਵਜੋਂ ਇਨ੍ਹਾਂ ਦੀ ਗਿਣਤੀ ਵਿਚ ਅਥਾਹ ਵਾਧਾ ਹੋ ਜਾਂਦਾ ਹੈ। ਇਸ ਤਰ੍ਹਾਂ ਕੁੱਝ ਜੀਵਾਣੂ ਗਲਣਾ ਸ਼ੁਰੂ ਕਰ ਦਿੰਦੇ ਹਨ ਅਤੇ ਉਨ੍ਹਾਂ ਵਿਚੋਂ ਸੜਾਂਦ ਪੈਦਾ ਹੋ ਜਾਂਦੀ ਹੈ।

### ✪ ਕੈਂਸਰ ਦੇ ਇਲਾਜ ਕਰਨ ਦੇ ਦਾਅਵੇ ਤੇ 25 ਹਜ਼ਾਰ ਪੌਂਡ ਦਾ ਜੁਰਮਾਨਾ

ਜ਼ੀ ਟੀ.ਵੀ. ਦੇ 'ਲੰਮਹੇਂ' ਪ੍ਰੋਗਰਾਮ 'ਤੇ ਇਕ ਲੜੀਵਾਰ 'ਤੁਹਾਡੇ ਲਈ ਯੋਗਾ' ਚਲਾਇਆ ਜਾ ਰਿਹਾ ਸੀ। ਇਸ ਪ੍ਰੋਗਰਾਮ ਵਿਚ ਪੰਕਜ ਨਰਮ ਨਾਮ ਦਾ ਭਾਰਤੀ ਨਾਗਰਿਕ ਯੋਗਾ ਦੇ ਕਰਤਬਾਂ ਦੇ ਨਾਲ-ਨਾਲ ਕੈਂਸਰ ਦੇ ਮਰੀਜ਼ਾਂ ਨੂੰ ਯੋਗਾ ਤੇ ਆਯੁਰਵੈਦਿਕ ਦੇ ਹੋਰ ਢੰਗਾਂ ਰਾਹੀਂ ਠੀਕ ਕਰਨ ਦਾ ਦਾਅਵਾ ਕਰਦਾ ਸੀ। ਉਸ ਦਾ ਕਹਿਣਾ ਸੀ ਕਿ ਉਸ ਨੇ ਹੁਣ ਤੱਕ ਕੈਂਸਰ ਦੇ 75 ਹਜ਼ਾਰ ਰੋਗੀਆਂ ਨੂੰ ਠੀਕ ਕੀਤਾ ਹੈ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਅੰਗਰੇਜ਼ੀ ਦਵਾਈਆਂ ਦੇ ਡਾਕਟਰਾਂ ਨੇ ਜਵਾਬ ਦੇ ਦਿੱਤਾ ਸੀ। ਇਸ ਨਾਲ ਬਹੁਤ ਸਾਰੇ ਰੋਗੀਆਂ ਨੇ ਆਪਣੀਆਂ ਚਲਦੀਆਂ ਦਵਾਈਆਂ ਬੰਦ ਕਰ ਦਿੱਤੀਆਂ ਅਤੇ ਡਾ. ਪੰਕਜ ਨਰਮ ਦੇ ਝਾਂਸੇ ਵਿਚ ਆ ਗਏ। ਹੁਣ ਯੋਗ ਨੂੰ ਜਾਦੂ-ਟੂਣਾ ਮੰਨ ਕੇ ਯੂਰਪੀ ਅਦਾਲਤਾਂ ਨੇ ਜ਼ੀ.ਟੀ.ਵੀ. ਨੂੰ 25 ਹਜ਼ਾਰ ਪੌਂਡ ਦਾ (ਜੋ ਕਿ ਭਾਰਤੀ ਕਰੰਸੀ ਵਿਚ 25 ਲੱਖ ਦੇ ਕਰੀਬ ਬਣਦਾ ਹੈ) ਦਾ ਜੁਰਮਾਨਾ ਠੋਕ ਦਿੱਤਾ ਹੈ। ਨੀਮ-ਹਕੀਮਾਂ ਪਿੱਛੇ ਲੱਗ ਕੇ ਆਪਣੇ ਇਲਾਜਾਂ ਨੂੰ ਵਿਚਾਲੇ ਛੱਡਣ ਵਾਲੇ ਰੋਗੀ ਹੀ ਹਮੇਸ਼ਾ ਆਪਣੇ ਇਲਾਜ ਨੂੰ ਲੰਬਾ, ਮੁਸ਼ਕਲ ਅਤੇ ਲਾਇਲਾਜ ਬਣਾ ਲੈਂਦੇ ਹਨ।

### ✪ ਯਾਕੂਬ ਮੈਨਨ ਨੂੰ ਫ਼ਾਂਸੀ

ਮੁੰਬਈ ਵਿਚ 1993 ਵਿਚ ਹੋਏ ਬੰਬ ਧਮਾਕਿਆਂ ਦੇ ਦੋਸ਼ ਵਿਚ ਸੁਪਰੀਮ ਕੋਰਟ ਨੇ ਯਾਕੂਬ ਮੈਨਨ ਨੂੰ ਫ਼ਾਂਸੀ 'ਤੇ ਲਟਕਾ ਦਿੱਤਾ ਹੈ। ਮੇਰੇ ਸਮੇਤ ਬਹੁਤ ਸਾਰੇ ਤਰਕਸ਼ੀਲਾਂ ਨੇ ਯਾਕੂਬ ਨੂੰ ਫ਼ਾਂਸੀ 'ਤੇ ਲਟਕਾਉਣ ਦੇ ਫ਼ੈਸਲੇ ਦਾ ਵਿਰੋਧ ਵੀ ਕੀਤਾ ਸੀ। ਫਿਰ ਵੀ ਇਸ ਨੂੰ ਫ਼ਾਂਸੀ 'ਤੇ ਲਟਕਾ ਦੇਣਾ ਚੰਗਾ ਨਹੀਂ ਮੰਨਿਆ ਸੀ। ਮਾਇਆ ਕੋਡਨਾਨੀ ਅਤੇ ਬਜਰੰਗੀ, ਗੁਜਰਾਤ ਵਿਚ ਗੋਧਰਾ ਵਿਖੇ ਹੋਏ ਕਤਲੇਆਮ ਵਿਚ ਮੁੱਖ ਦੋਸ਼ੀ ਸਨ ਅਤੇ ਇਨ੍ਹਾਂ ਵਲੋਂ ਗੁਜਰਾਤ ਵਿਚ ਮਾਰੇ ਗਏ



ਬੱਚਿਆਂ ਤੇ ਔਰਤਾਂ ਬਾਰੇ ਯੂਟਿਊਬ 'ਤੇ ਵੀਡੀਓ ਅੱਜ ਵੀ ਉਪਲਬਧ ਹਨ, ਜਿਨ੍ਹਾਂ ਵਿਚ ਇਹ ਵਿਅਕਤੀ ਸ਼ਰੇਆਮ ਮੁਸਲਿਮ ਘਟਗਿਣਤੀਆਂ ਦੇ ਕਤਲਾਂ ਦੇ ਕਿੱਸੇ ਸੁਣਾਉਂਦੇ ਨਜ਼ਰ ਆਉਂਦੇ ਹਨ। ਮੇਰੇ ਭਾਰਤ ਵਿਚ ਇਹ ਕਿਹੋ-ਜਿਹੀਆਂ ਅਦਾਲਤਾਂ ਬਣ ਗਈਆਂ ਹਨ, ਜਿੱਥੇ ਬੇਗੁਨਾਹਾਂ ਨੂੰ ਤਾਂ ਫ਼ਾਂਸੀ ਚਾੜ੍ਹਿਆ ਜਾ ਰਿਹਾ ਹੈ ਅਤੇ ਕੀਤੇ ਗੁਨਾਹਾਂ ਨੂੰ ਸਵੀਕਾਰ ਕਰ ਕੇ ਉਨ੍ਹਾਂ ਨੂੰ ਜ਼ਮਾਨਤਾਂ 'ਤੇ ਰਿਹਾਅ ਕੀਤਾ ਜਾ ਰਿਹਾ ਹੈ।

### ✪ ਚੀਨ ਦੀ ਤਰੱਕੀ ਦਾ ਰਾਜ ਹਿਮਾਲਿਆ ਦਾ ਉਸ ਦੇ ਦੱਖਣ ਵਿਚ ਹੋਣਾ ਹੈ!

ਸਿਆਸੀਓ!
ਹਿਮਾਲਿਆ ਪਰਬਤ ਚੁਕਵਾਓ,
ਦੱਖਣ ਵਿਚ ਰਖਵਾਓ,
ਵਸਤੂ ਸ਼ਾਸਤਰ ਅਨੁਸਾਰ, ਭਾਰਤ ਦੀ ਦਸ਼ਾ ਠੀਕ ਹੋ ਜਾਵੇਗੀ।

ਇਹ 'ਕੁਟੇਸ਼ਨ' ਮੈਂ ਫ਼ੇਸਬੁਕ 'ਤੇ ਪਾਈ ਸੀ। ਬਹੁਤ ਸਾਰੇ ਵਿਅਕਤੀਆਂ ਨੇ ਇਸ ਨੂੰ ਸੇਅਰ ਵੀ ਕੀਤਾ ਹੈ ਅਤੇ ਆਪਣੇ ਵਿਚਾਰ ਵੀ ਦਿੱਤੇ ਹਨ। ਇਕ ਸਾਥੀ ਨੇ ਇਹ ਲਿਖਿਆ ਹੈ ਕਿ 'ਚੀਨ ਦੀ ਤਰੱਕੀ ਦਾ ਰਾਜ ਹਿਮਾਲਿਆ ਪਰਬਤ ਦਾ ਉਸ ਦੇ ਦੱਖਣ ਵਿਚ ਹੋਣਾ ਹੈ।' ਭਾਵੇਂ ਮੈਂ ਇਹ ਕੁਟੇਸ਼ਨ ਭਾਰਤ ਦੇ ਸਿਆਸਤਦਾਨਾਂ ਦਾ ਮਜਾਕ ਕਰਨ ਲਈ ਪਾਈ ਸੀ, ਕਿਉਂਕਿ ਉਹ ਜੋਤਿਸ਼, ਵਸਤੂ ਸ਼ਾਸਤਰ, ਸਾਧੂ-ਸੰਤਾਂ, ਟੂਣੇ-ਟਾਮਣਾਂ ਅਤੇ ਯੋਗਾ ਆਦਿ ਵਿਚ ਜ਼ਿਆਦਾ ਵਿਸ਼ਵਾਸ ਰੱਖਦੇ ਹਨ ਅਤੇ ਵਿਚਾਰ ਲਿਖਣ ਵਾਲੇ ਸਾਥੀ ਨੇ ਵੀ ਇਸ ਕੁਟੇਸ਼ਨ ਨੂੰ ਆਧਾਰ ਬਣਾ ਕੇ ਹੋਰ ਵੱਡਾ ਮਜਾਕ ਕਰ ਦਿੱਤਾ ਹੈ।

## ਵਰਿੰਦਰ ਦੀਵਾਨਾ ’ਤੇ ਪਰਚੇ ਦੀ ਨਿਖੇਧੀ



ਵਰਿੰਦਰ ਦੀਵਾਨਾ ਬਰਨਾਲਾ ਦੇ ਨਜ਼ਦੀਕ ਪਿੰਡ ਦੀਵਾਨਾ ਦੇ ਪਰਮਜੀਤ ਸਿੰਘ ਦਾ ਬੇਟਾ ਹੈ। ਪਰਮਜੀਤ ਸਿੰਘ ਦੀ ਖ਼ਾਸੀਅਤ ਇਹ ਹੈ ਕਿ ਉਹ ਲੱਗਭੱਗ ਪਿਛਲੇ 25 ਵਰ੍ਹਿਆਂ ਤੋਂ ਤਰਕਸ਼ੀਲਾਂ ਦੀਆਂ ਕਿਤਾਬਾਂ ਤੁਰ-ਫਿਰਕੇ ਥਾਂ-ਥਾਂ ’ਤੇ ਸਟਾਲਾਂ ਲਾ ਕੇ ਵੇਚਿਆ ਕਰਦਾ ਸੀ। ਘਰ ਵਿਚ ਸਾਹਿਤਕ ਮਾਹੌਲ ਪੈਦਾ ਹੋਣ ਕਾਰਨ ਉਸ ਦੇ ਪੁੱਤਰ-ਧੀ ਨੂੰ ਧਰਮਾਂ ਅਤੇ ਪ੍ਰਮਾਤਮਾ ਦੇ ਖੋਖਲੇਪਣ ਦੀ ਜਾਣਕਾਰੀ ਹੋ ਗਈ। ਵਰਿੰਦਰ ਨੇ ਇੰਜਨੀਅਰਿੰਗ ਦੀ ਪੜ੍ਹਾਈ ਕਰਨ ਤੋਂ ਬਾਅਦ ਪੰਜਾਬ ਦੇ ਨਾਪਤੋਲ ਮਹਿਕਮੇ ਵਿਚ ਇੰਸਪੈਕਟਰ ਵਜੋਂ ਨੌਕਰੀ ਕਰ ਲਈ।
ਅੱਜ-ਕੱਲ੍ਹ ਸੋਸ਼ਲ ਮੀਡੀਆ ’ਤੇ ਕਰੋੜਾਂ ਵਿਅਕਤੀ ਸਰਗਰਮ ਹਨ। ਇਨ੍ਹਾਂ ਵਿਚ ਬਹੁਤ ਸਾਰੇ ਬਹਿਸ-ਵਟਾਂਦਰੇ ਚੱਲਦੇ ਰਹਿੰਦੇ ਹਨ। ਵਰਿੰਦਰ ਦੀਵਾਨਾ ਨੇ ਲੋਕਾਂ ਨੂੰ ਮੰਤਰਾਂ ਰਾਹੀਂ ਇਲਾਜ ਲੱਭਣ ਦੀ ਬਜਾਏ ਇਲਾਜ ਦੀਆਂ ਆਧੁਨਿਕ ਵਿਧੀਆਂ ਨੂੰ ਅਪਣਾਉਣ ਦਾ ਸੱਦਾ ਦਿੱਤਾ। ਪਰ ਸਮੇਂ ਦੀਆਂ ਹਕੂਮਤਾਂ ਅਤੇ ਧਾਰਮਿਕ ਕੱਟੜਵਾਦੀਆਂ ਨੂੰ ਉਹ ਅੱਖਾਂ ਵਿਚ ਰੜਕਣ ਲੱਗ ਪਿਆ। ਰੂੜੀਵਾਦੀ ਉਸ ਤੋਂ ਇਸ ਗੱਲੋਂ ਵੀ ਔਖੇ ਸੀ ਕਿ ਉਹ ਆਪਣੇ ਪਿੰਡ ਵਿਚ ਲਾਇਬ੍ਰੇਰੀ ਰਾਹੀਂ ਲੋਕਾਂ ਨੂੰ ਚੇਤਨ ਕਰਨ ਦਾ ਯਤਨ ਕਿਉਂ ਕਰਦਾ ਹੈ? ਇਸ ਲਈ ਉਨ੍ਹਾਂ ਨੇ ਇਕ ਸਾਜ਼ਿਸ਼ ਰਾਹੀਂ ਵਰਿੰਦਰ ਦੀਵਾਨਾ ਦੀ ਪੁਲਿਸ ਸ਼ਿਕਾਇਤ ਕਰ ਕੇ ਉਸ ’ਤੇ ਧਾਰਾ 295 ਏ (ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ) ਲਗਵਾ ਦਿੱਤੀ। ਇਸ ਦੇ ਵਿਰੋਧ ਵਿਚ ਬਹੁਤ ਸਾਰੀਆਂ ਜਨਤਕ ਜਥੇਬੰਦੀਆਂ ਵਰਿੰਦਰ ਦੀਵਾਨਾ ਦੇ ਹੱਕ ’ਚ ਨਿੱਤਰ ਆਈਆਂ। ਸਿੱਟੇ ਵਜੋਂ, ਵਰਿੰਦਰ ਦੀ ਗ੍ਰਿਫ਼ਤਾਰੀ ਤੋਂ 24 ਘੰਟੇ ਦੇ ਅੰਦਰ-ਅੰਦਰ ਉਸ ਨੂੰ ਜ਼ਮਾਨਤ ਮਿਲ ਗਈ। ਇਸ ਕੰਮ ਵਿਚ ਵਿਦੇਸ਼ਾਂ ਵਿਚ ਬੈਠੇ ਸਾਥੀਆਂ ਨੇ ਵੀ ਵਰਿੰਦਰ ਦਾ ਭਰਪੂਰ ਸਹਿਯੋਗ ਦਿੱਤਾ। ਅਸੀਂ ਸਮਝਦੇ ਹਾਂ ਕਿ ਇਹ ਅਗਾਂਹਵਧੂ ਧਿਰਾਂ ਦੀ ਜਿੱਤ ਹੈ।

ਕਵਿਤਾ

# ਨਾਸਤਿਕ ਹੋਣ ਬਾਅਦ

ਸਾਧੂ ਬਿਨਿੰਗ

ਨਾਸਤਿਕ ਹੋਣ ਬਾਅਦ
ਜੀਣ ਦਾ ਮਜ਼ਾ ਹੀ ਕੁਝ ਹੋਰ ਹੁੰਦਾ ਹੈ
ਚਾਲ ਤਾਂ ਭਾਵੇਂ ਪਹਿਲਾਂ ਵੀ ਮਾੜੀ ਨਾ ਹੋਵੇ
ਫੇਰ ਤਾਂ ਹੁਲਾਰਾ ਹੀ ਕੁਝ ਹੋਰ ਹੁੰਦਾ ਹੈ
ਨਾਸਤਿਕ ਹੋਣ ਬਾਅਦ
ਸਦੀਆਂ ਤੋਂ ਸਿਰ ਚੜ੍ਹਿਆ ਭਾਰ ਲਹਿ ਜਾਂਦਾ ਹੈ
ਹਲਕੇ ਸੁਰਖ਼ਰੂ ਹੋਣ ਦਾ
ਮਿੱਠਾ ਜਿਹਾ ਅਹਿਸਾਸ ਬਾਕੀ ਰਹਿ ਜਾਂਦਾ ਹੈ
ਨਾਸਤਿਕ ਹੋਣ ਬਾਅਦ
ਚੱਲੇ ਪਤਾ
ਡਰ ਡਰ ਕੇ ਜੀਣ ਵਿਚ
ਨਹੀਂ ਕੋਈ ਮਜ਼ਾ
ਇਹ ਜੀਵਨ
ਨਾ ਚੰਗੇ ਕਰਮਾਂ ਦਾ ਫਲ਼
ਨਾ ਮਾੜੇ ਕਰਮਾਂ ਦੀ ਸਜ਼ਾ
ਨਾ ਸਵਰਗਾਂ ਦੀ ਆਸ
ਨਾ ਨਰਕਾਂ ਦਾ ਡਰ
ਬਸ ਜੀਓ ਤੇ ਜੀਣ ਦਿਓ
ਨਾ ਕਿਸੇ ਤੋਂ ਡਰੋ ਨਾ ਡਰਾਓ
ਨਾਸਤਿਕ ਹੋਣ ਬਾਅਦ ਲੱਗਦਾ ਹੈ ਪਤਾ
ਇਹ ਸਿਰ ਸੋਚਣ ਲਈ
ਤੇ ਸੋਚ ਕਾਰਨ ਹੀ ਬਣਿਆ ਹੈ
ਇਹ ਨਹੀਂ ਬਣਿਆਂ ਕਿਸੇ ਅੱਗੇ ਝੁਕਾਉਣ ਲਈ
ਟੋਪੀਆਂ, ਪੱਗਾਂ ਅਤੇ ਕਲਗੀਆਂ ਸਜਾਉਣ ਲਈ
ਨਾਸਤਿਕ ਹੋਣ ਬਾਅਦ
ਆਉਂਦਾ ਹੈ ਆਨੰਦ ਖਾਣ ਤੇ ਹੰਢਾਉਣ ਦਾ
ਸਾਰੀਆਂ ਬੇਹੂਦਾ ਬੰਦਸ਼ਾਂ ਤੋਂ ਆਜ਼ਾਦ
ਕੀ ਖਾਣਾ ਤੇ ਕੀ ਨਹੀਂ
ਕਿਹੜੇ ਦਿਨ ਖਾਣਾ ਤੇ ਕਿਹੜੇ ਨਹੀਂ
ਪਿੰਡੇ ’ਤੇ ਕੀ ਪਾਉਣਾ ਹੈ ਕੀ ਨਹੀਂ
ਸਿਰ ਮੂੰਹ ’ਤੇ ਉੱਗੇ ਵਾਲ਼ਾਂ ਨੂੰ
ਹੈ ਰੱਖਣਾ ਕੱਟਣਾ ਜਾਂ
ਇਸ ਤਰ੍ਹਾਂ ਉਸ ਤਰ੍ਹਾਂ ਵਾਹੁਣਾ
ਨਾਸਤਿਕ ਹੋਣ ਬਾਅਦ ਪੈਂਦੀ ਹੈ ਸਮਝ
ਇਨਸਾਨ ਬਣ ਕੇ ਜੀਣ ਦੀ
ਤੇ ਦੂਜਿਆਂ ਨੂੰ ਇਨਸਾਨ ਦੇਖਣ ਦੀ
ਬੜਾ ਅਜੀਬ ਹੁੰਦਾ ਹੈ ਅਨੁਭਵ
ਕੋਈ ਹਿੰਦੂ, ਮੁਸਲਮਾਨ, ਸਿੱਖ, ਇਸਾਈ ਨਹੀਂ
ਕੋਈ ਵੱਡੀ ਤੇ ਛੋਟੀ ਜਾਤ ਨਹੀਂ
ਕੋਈ ਕਾਲ਼ਾ ਗੋਰਾ ਭੂਰਾ ਤੇ ਪੀਲ਼ਾ ਨਹੀਂ
ਸਿਰਫ਼ ਤੇ ਸਿਰਫ਼ ਇਨਸਾਨ
ਤੁਹਾਡੇ ਵਾਂਗ ਹੱਡ ਮਾਸ ਦੇ ਬਣੇ
ਤੁਹਾਡੇ ਵਾਲੀ ਹਵਾ ’ਚ ਸਾਹ ਲੈਂਦੇ
ਤੁਹਾਡੇ ਵਾਂਗ ਹੀ ਹੱਸਦੇ-ਖੇਲਦੇ
ਇਹ ਕੋਈ ਛੋਟੀ ਜਿਹੀ ਨਹੀਂ ਗੱਲ
ਇਹ ਜੀਵਨ ’ਚ ਹੌਂਸਲੇ ਨਾਲ ਮਾਰੀ
ਬਹੁਤ ਵੱਡੀ ਛਾਲ ਹੁੰਦੀ ਹੈ
ਇਸ ਛਾਲ ਬਾਅਦ
ਧਰਤੀ ’ਤੇ ਮੁੜ ਲੱਗੇ ਪੈਰ
ਵੱਖਰੀ ਹੀ ਲੈਅ ਵਿਚ
ਵੱਖਰੀ ਹੀ ਖ਼ੁਸ਼ੀ ਵਿਚ ਨੱਚਦੇ ਹਨ
ਨਾਸਤਿਕ ਹੋਣ ਬਾਅਦ
ਮਨੁੱਖੀ ਇਤਿਹਾਸ ਤੋਂ ਹੈਰਾਨ ਰਹਿ ਜਾਂਦੇ ਹੋ
ਜਦ ਮਿਲਦੇ ਹੋ ਸਦੀਆਂ ਪਹਿਲਾਂ ਹੋਏ
ਚਾਰਵਾਕ, ਬੁੱਧ, ਐਪੀਕਿਊਰੀਅਸ
ਸਿਸਰੋ, ਸੈਨੇਕਾ ਜਿਹੇ ਨਾਸਤਿਕ ਬਾਣੀ ਦੇ ਰਚੇਤਿਆਂ ਨੂੰ
ਜਿਨ੍ਹਾਂ ਨੇ ਸਿੰਜਿਆ ਹੈ ਇਸ ਮਹਿਕਦੀ ਸੋਚ ਨੂੰ
ਤੇ ਕਈਆਂ ਇਸ ਵਿਚ ਡੋਲ੍ਹਿਆ ਹੈ ਆਪਣਾ ਖ਼ੂਨ ਵੀ
ਨਾਸਤਿਕ ਹੋਣ ਬਾਅਦ
ਤੁਸੀਂ ਅੰਬਰਾਂ ਵੱਲ ਵੱਖਰੀ ਨੀਝ ਨਾਲ ਦੇਖਦੇ ਹੋ
ਇਹ ਜਾਣ ਕੇ ਕਿ ਅਰਬਾਂ ਖਰਬਾਂ
ਤਾਰਿਆਂ ਸਿਤਾਰਿਆਂ ਮੁਕਾਬਲੇ
ਧਰਤੀ ਦੀ ਹੋਂਦ ਤਾਂ ਰੇਤ ਦੇ ਕਿਣਕੇ ਜਿੰਨੀ ਵੀ ਨਹੀਂ
ਹੌਲੀ ਹੌਲੀ ਗੱਲ ਨੂੰ ਸਮਝ
ਅਸਲੋਂ ਹੀ ਨਵੇਂ ਅਹਿਸਾਸ ਨਾਲ ਭਰ ਜਾਂਦੇ ਹੋ
ਨਾਸਤਿਕ ਹੋਣ ਬਾਅਦ
ਜਦੋਂ ਅਸਲੀਅਤ ਸਾਹਮਣੇ ਆਵੇ
ਧਰਤੀ ਉਤਲਾ ਸਮੁੱਚਾ ਜੀਵਨ
ਇਕ ਲੜੀ ’ਚ ਪਰੋਇਆ
ਪਸ਼ੂ ਪੰਛੀ ਰੁੱਖ ਵੇਲ ਬੂਟੇ
ਫੇਰ ਰਤਾ ਲੱਗਣ ਨਾ ਪਰਾਏ
ਨਾਸਤਿਕ ਹੋਣ ਬਾਅਦ ਬਦਲ ਜਾਂਦਾ ਹੈ
ਆਸਾ-ਪਾਸਾ ਤੇ ਖ਼ੁਦ ਤੁਹਾਡਾ ਖਾਸਾ ਵੀ
ਵਾਹ-ਵਾਹ ਕਰ ਉੱਠਦੇ ਹੋ ਤੁਸੀਂ
ਤੇ ਆਪ ਮੁਹਾਰੇ ਗਾਉਣ ਲਗਦੇ ਹੋ
ਇਸ ਨੂੰ ਕਹਿੰਦੇ ਹਨ ਜ਼ਿੰਦਗੀ, ਆਜ਼ਾਦੀ
ਹਰ ਕਿਸਮ ਦੇ ਵਹਿਮਾਂ ਭਰਮਾਂ ਤੋਂ ਮੁਕਤ
ਪਰ ਇਸ ਗੱਲ ਦੀ ਮਸਝ
ਸਿਰਫ਼ ਸੁਣਿਆ ਨਹੀਂ ਪੈਂਦੀ
ਇਸ ਨੂੰ ਤਾਂ ਜਾਣਿਆ ਜਾ ਸਕਦਾ ਹੈ
ਖ਼ੁਦ ਹੰਢਾ ਕੇ ਹੀ
ਨਾਸਤਿਕ ਹੋਣ ਬਾਅਦ।

# ਤਾਂਤਰਿਕ ਇੱਜ਼ਤ ਦੇ ਲੁਟੇਰੇ



ਅਜਿਹੀਆਂ ਅੰਧਵਿਸ਼ਵਾਸੀ ਅਤੇ ਅਨਪੜ੍ਹ ਇਸਤਰੀਆਂ ਦੀ ਕਮੀ ਨਹੀਂ ਹੈ, ਜਿਹੜੀਆਂ ਬੱਚੇ ਨਾ ਹੋਣ ਦੀ ਸਮੱਸਿਆਂ ਨੂੰ ਲੈ ਕੇ ਤਾਂਤਰਿਕਾਂ ਦੇ ਚੱਕਰ ਲਗਾਉਂਦੀਆਂ ਹਨ। ਇਸ ਕੰਮ ਵਿੱਚ ਪਤੀ ਤੋਂ ਲੈ ਕੇ ਸੱਸ ਤੱਕ ਉਹਨਾਂ ਦੀ ਮਦਦ ਕਰਦੇ ਹਨ। ਤਾਂਤਰਿਕ ਪ੍ਰੇਤਬਾਧਾ ਵਰਗੀਆਂ ਗੱਲਾਂ ਬਣਾ ਕੇ ਅਜਿਹੇ ਲੋਕਾਂ ਤੋਂ ਪੈਸੇ ਠੱਗਦੇ ਹਨ। ਤਾਂਤਰਿਕ ਇਕਾਂਤ ਵਿੱਚ ਤੰਤਰ ਕਿਰਿਆਵਾਂ ਦੇ ਨਾਂ ਉੱਤੇ ਇਸਤਰੀਆਂ ਦੇ ਸਰੀਰ ਨਾਲ ਖੇਡਦੇ ਹਨ।

ਅਜਿਹੀਆਂ ਇਸਤਰੀਆਂ ਦੇ ਪਤੀ ਨੂੰ ਸ਼ੱਕ ਨਾ ਹੋ ਜਾਵੇ, ਇਸ ਲਈ ਉਹਨਾਂ ਨੂੰ ਭੂਬਤੀ ਵਗੈਰਾ ਦੀਆਂ ਪੁੜੀਆਂ ਰੋਜ਼ਾਨਾਂ ਦੁੱਧ ਜਾਂ ਪਾਣੀ ਨਾਲ ਖਾਣ ਨੂੰ ਕਿਹਾ ਜਾਂਦਾ ਹੈ, ਤਾਂ ਜੋ ਬੱਚਾ ਠਹਿਰਨ ਉੱਤੇ ਪਤੀ ਨੂੰ ਲੱਗੇ ਕਿ ਬਾਬੇ ਦੀਆਂ ਪੁੜੀਆਂ ਦਾ ਕਮਾਲ ਹੈ ਅਤੇ ਬੱਚਾ ਉਸੇ ਦਾ ਹੈ।

ਸਮਾਜ ਵਿੱਚ ਆਸ ਪਾਸ ਨਜ਼ਰ ਘੁੰਮਾਉਣ ਉੱਤੇ ਅਜਿਹੇ ਬਹੁਤ ਸਾਰੇ ਉਦਾਹਰਣ ਮਿਲ ਜਾਂਦੇ ਹਨ। ਇਕਾਂਤ ਵਿੱਚ ਇਸਤਰੀਆਂ ਨਾਲ ਤਾਂਤਰਿਕ ਕਿਹੜੀਆਂ ਕਿਰਿਆਵਾਂ ਕਰਦੇ ਹੋਣਗੇ, ਇਸ ਦਾ ਅਸਾਨੀ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅਜਿਹੀਆਂ ਇਸਤਰੀਆਂ ਨਾਲ ਜਦ ਤਾਂਤਰਿਕਾਂ ਦਾ ਜੀ, ਮਨ ਭਰ ਜਾਂਦਾ ਹੈ, ਤਾਂ ਉਹ ਉਨ੍ਹਾਂ ਨੂੰ ਇਹ ਦੱਸ ਕੇ ਪਿੱਛਾ ਛੁਡਾ ਲੈਂਦੇ ਹਨ ਕਿ ਪ੍ਰੇਤ ਜਾਂ ਜਿੰਨ ਨੇ ਬੱਚੇਦਾਨੀ ਨੂੰ ਖ਼ਰਾਬ ਕਰ ਦਿੱਤਾ ਹੈ, ਲੰਬੀ ਉਡੀਕ ਕਰਨੀ ਹੋਵੇਗੀ। ਇਸ ਦੇ ਬਾਅਦ ਉਹ ਨਵੇਂ ਸ਼ਿਕਾਰ ਨੂੰ ਜਾਲ ਵਿੱਚ ਫਸਾਉਣ ਦੀ ਉਡੀਕ ਕਰਦੇ ਹਨ।

ਜਨਾਨੀਆਂ ਹਾਲਤ ਸਭ ਕੁੱਝ ਲੁਟਾਕੇ "ਲੌਟ ਕੇ ਬੁੱਧੂ ਘਰ ਕੋ ਆਏ" ਵਰਗੀ ਹੁੰਦੀ ਹੈ, ਇੱਜਤ ਦੀ ਖਾਤਰ ਇਹ ਆਪਣੇ ਨਾਲ ਘਿਨਾਉਣੀਆਂ ਹਰਕਤਾਂ ਨੂੰ ਦਬਾ ਜਾਂਦੀਆਂ ਹਨ, ਜਿਹਨਾਂ ਦੇ ਬੱਚਾ ਹੋ ਜਾਂਦਾ ਹੈ, ਤਾਂਤਰਿਕ ਉਹਨਾਂ ਤੋਂ ਮੋਟਾ ਮਾਲ ਵੀ ਠੱਗਦੇ ਹਨ।

ਸੁਰੇਸ਼ ਦੀ 15 ਸਾਲਾਂ ਦੀ ਪੁੱਤਰੀ ਨੂੰ ਮਿਰਗੀ ਦੇ ਦੌਰੇ ਪੈਂਦੇ ਸਨ। ਉਸ ਨੇ ਪੁੱਤਰੀ ਦਾ ਡਾਕਟਰੀ ਇਲਾਜ ਨਹੀਂ ਕਰਾਇਆ, ਸਗੋਂ ਕਿਸੇ ਭੂਤ ਦਾ ਸਾਇਆ ਸਮਝ ਕੇ ਜਾਦੂ ਟੂਣੇ ਦੁਆਰਾ ਬਿਮਾਰੀ ਦਾ ਹੱਲ ਕੱਢਣ ਦੀ ਕੋਸ਼ਿਸ਼ ਵਿੱਚ ਇੱਕ ਤਾਂਤਰਿਕ ਦੀ ਸ਼ਰਨ ਲੈ ਲਈ।


ਮੂਲ ਲੇਖਕ . ਨਿਤਿਨ ਸ਼ਰਮਾਂ 'ਸਬਰੰਗੀ
ਅਨੁਵਾਦਕ : ਪਵਨ ਕੁਮਾਰ ਰੱਤੋਂ


ਤਾਂਤਰਿਕ ਨੇ ਦੱਸਿਆ ਕਿ ਲੜਕੀ ਦੇ ਸਰੀਰ ਵਿੱਚ ਇੱਕ ਜਨਾਨੀ ਦਾ ਪ੍ਰੇਤ ਹੈ। ਤੰਤਰ ਪੂਜਾ ਦੇ ਨਾਂ ਉੱਤੇ ਤਾਂਤਰਿਕ ਨੇ ਪਹਿਲਾਂ ਤਾਂ ਉਸ ਦੀ ਜੇਬ ਹੌਲੀ ਕੀਤੀ, ਫਿਰ ਇੱਕ ਦਿਨ ਉਸ ਨੂੰ ਆਪਣੇ ਪਾਸ ਵੱਡੀ ਪੂਜਾ ਦੇ ਲਈ ਬੁਲਾਇਆ।

ਲੜਕੀ ਨੂੰ ਸਾਹਮਣੇ ਬਿਠਾ ਕੇ ਤਾਂਤਰਿਕ ਨੇ ਕਮਰੇ ਵਿੱਚ ਪੂਜਾ ਪਾਠ ਸ਼ੁਰੂ ਕਰ ਦਿੱਤਾ। ਇਸ ਦੌਰਾਨ ਤਾਂਤਰਿਕ ਨੇ ਸੁਰੇਸ਼ ਅਤੇ ਉਸਦੇ ਭਾਈ ਨੂੰ ਕਮਰੇ ਤੋਂ ਬਾਹਰ ਕੱਢ ਦਿੱਤਾ। ਲੜਕੀ ਦੀ ਮਾਂ ਦੀਆਂ ਅੱਖਾਂ ਉੱਤੇ ਇਹ ਕਹਿੰਦੇ ਹੋਏ ਪੱਟੀ ਬੰਨ੍ਹ ਦਿੱਤੀ ਕਿ ਲੜਕੀ ਚੀਕੇ ਚਿਲਾਵੇ, ਪ੍ਰੰਤੂ ਉਹ ਪੱਟੀ ਨਾ ਖੋਲ੍ਹੇ, ਜੋ ਅਜਿਹਾ ਕੀਤਾ ਤਾਂ ਗੜਬੜ ਹੋ ਜਾਵੇਗੀ, ਉਸ ਨੇ ਉਸ ਨੂੰ ਕਮਰੇ ਵਿੱਚ ਦੂਜੇ ਪਾਸੇ ਮੂੰਹ ਕਰ ਕੇ ਬੈਠਾ ਦਿੱਤਾ।

ਇਸ ਦੇ ਬਾਅਦ ਪਖੰਡੀ ਆਪਣੇ ਅਸਲੀ ਰੂਪ ਵਿੱਚ ਆ ਗਿਆ ਅਤੇ ਉਸ ਨਾਬਾਲਗ ਦੇ ਨਾਲ ਗਲਤ ਕੰਮ ਸ਼ੁਰੂ ਕਰ ਦਿੱਤਾ। ਉਹ ਚੀਕਦੀ ਰਹੀ, ਪ੍ਰੰਤੂ ਗੜਬੜ ਹੋਣ ਦੇ ਡਰ ਵਿੱਚ ਮਾਂ ਨੇ ਪੱਟੀ ਨਹੀਂ ਹਟਾਈ। ਜਦ ਪੁੱਤਰੀ ਜ਼ਿਆਦਾ ਚੀਕੀ, ਤਾਂ ਮਾਂ ਨੇ ਡਰਦੇ ਡਰਦੇ ਪੱਟੀ ਹਟਾ ਕੇ ਦੇਖਿਆ, ਤਾਂ ਤਾਂਤਰਿਕ ਪੁੱਤਰੀ ਦੀ ਇੱਜ਼ਤ ਲਤਾੜ੍ਹੇ/ ਕੁਚਲ ਰਿਹਾ ਹੈ। ਇਸਤਰੀ ਨੇ ਕਮਰੇ ਦੇ ਦਰਵਾਜ਼ੇ ਦੀ ਕੁੰਡੀ ਖੋਲ੍ਹ ਕੇ ਰੌਲਾ ਪਾ ਦਿੱਤਾ। ਇਸ ਦੇ ਬਾਅਦ ਤਾਂਤਰਿਕ ਦਾ ਕੁੱਟਾਪਾ ਹੋਇਆ, ਤਾਂ ਉਸ ਨੇ ਕਿਹਾ ਕਿ ਬੱਚੀ ਦੇ ਅੰਦਰ ਦੀ ਜਨਾਨੀ ਪ੍ਰੇਤ ਸਰੀਰਕ ਖ਼ੁਰਾਕ ਮੰਗ ਰਹੀ ਸੀ ਇਸ ਲਈ ਉਹ ਤੰਤਰ ਪੂਜਾ ਕਰ ਰਿਹਾ ਸੀ। ਪ੍ਰੰਤੂ ਪਿੰਡ ਵਾਲਿਆਂ ਨੇ ਕੁੱਟਾਪੇ ਦੇ ਬਾਅਦ ਉਸ ਹੈਵਾਨ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਇਸ ਵਾਕਿਆ ਉੱਤਰ ਪ੍ਰਦੇਸ਼ ਦੇ ਮੈਨਪੁਰੀ ਬਸਤੀ ਦੇ ਦੰਨਾਹਾਰ ਥਾਨਾ ਖੇਤਰ ਵਿੱਚ ਹੋਇਆ ਸੀ। ਇਹ ਪਹਿਲਾਂ ਮੌਕਾ ਨਹੀਂ ਸੀ, ਜਦ ਕੋਈ ਤਾਂਤਰਿਕ ਇੱਜ਼ਤ ਦਾ ਲੁਟੇਰਾ ਬਣਿਆ ਹੋਵੇ। ਅਕਸਰ ਅਜਿਹਾ ਹੁੰਦਾ ਹੈ, ਜਦ ਤੰਤਰ ਮੰਤਰ ਦੀ ਦੁਕਾਨ ਸਜਾ ਕੇ ਪਖੰਡੀ ਪੈਸਾ ਅਤੇ ਇੱਜ਼ਤ ਦੋਨੋਂ ਲੁੱਟਦੇ ਹਨ। ਤਾਂਤਰਿਕਾਂ ਦੇ ਏਜੰਟ ਹੁੰਦੇ ਹਨ ਜਿਹੜੇ ਇਸ ਗੱਲ ਨੂੰ ਫੈਲਾਉਂਦੇ ਹਨ ਕਿ ਫਲਾਣੇ ਤਾਂਤਰਿਕ ਦੀ ਤੰਤਰ ਪੂਜਾ ਵਿੱਚ ਬਹੁਤ ਸ਼ਕਤੀ ਹੈ। ਤਾਂਤਰਿਕ ਏਜੰਟਾਂ ਦੇ ਦੁਆਰਾ ਅਜਿਹਾ ਇਸ ਲਈ ਕਰਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਜੇਕਰ ਲੋਕਾਂ ਨੂੰ ਇਹ ਗੱਲ ਸਮਝ ਆ ਗਈ ਕਿ ਉਹ ਕੁੱਝ ਨਹੀਂ ਕਰ ਸਕਦੇ ਤਾਂ ਉਹਨਾਂ ਦੀ ਦੁਕਾਨਦਾਰੀ ਠੱਪ ਹੋ ਜਾਵੇਗੀ। ਕਿਸੇ ਅਮੀਰ ਅੰਧਵਿਸ਼ਵਾਸੀ ਨੂੰ ਫਸਾਉਣ ਉੱਤੇ ਮਿਲੇ ਮਾਲ ਦਾ ਹਿੱਸਾ ਏਜੰਟਾਂ ਨੂੰ ਵੀ ਦੇ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੇ ਮਾਲ ਉੱਤੇ ਹੱਥ ਸਾਫ਼ ਕਰਨ ਦੀ ਇਹਨਾਂ ਨੂੰ ਲਤ ਹੁੰਦੀ ਹੈ।

ਹਰਿਆਣਾ ਦੇ ਕੈਥਲ ਦੀ ਸਿਵਲ ਲਾਈਨ ਪੁਲਿਸ ਨੇ ਇੱਕ ਸ਼ਿਕਾਇਤ ਦੇ ਆਧਾਰ ਉੱਤੇ 2 ਪਖੰਡੀਆਂ ਮੇਦੂ ਭਗਤ ਅਤੇ ਉਸ ਦੇ

ਮਾਸੇ ਦੇ ਭਾਈ ਹੇਮੰਤ ਕੁਮਾਰ ਨੂੰ ਗ੍ਰਿਫਤਾਰ ਕੀਤਾ ਹੈ। ਉਹ ਦੋਨੋਂ ਭੂਤਪ੍ਰੇਤ ਜਿੰਨ ਕੱਢਣ ਦੇ ਨਾਂ ਉੱਤੇ ਜਨਾਨੀਆਂ ਨੂੰ ਨਸ਼ੀਲੀ ਚੀਜ਼ ਦੇ ਕੇ ਉਹਨਾਂ ਦੇ ਨਾਲ ਗਲਤ ਕੰਮ ਕਰਦੇ ਸਨ। ਏਨਾ ਹੀ ਨਹੀਂ, ਉਨ੍ਹਾਂ ਦੀ ਸੀਡੀ ਅਤੇ ਫੋਟੋਆਂ ਬਣਾ ਕੇ ਉਹਨਾਂ ਨੂੰ ਬਲੈਕਮੇਲ ਵੀ ਕਰਿਆ ਕਰਦੇ ਸਨ।

ਦਰਅਸਲ, ਇੱਕ ਜਨਾਨੀ ਦੇ ਦੂਜਾ ਬੱਚਾ ਨਹੀਂ ਹੋਇਆ, ਤਾਂ ਉਹ ਅੰਧਵਿਸ਼ਵਾਸ ਵਿਚ ਮੇਦੂ ਭਗਤ ਦੇ ਕੋਲ ਪਹੁੰਚ ਗਈ। ਪਾਖੰਡੀ ਨੇ ਪਹਿਲਾਂ ਆਪਣੇ ਇਥੇ ਪੂਜਾ ਕੀਤੀ, ਫਿਰ ਉਹ ਜਨਾਨੀ ਦੇ ਘਰ ਜਾ ਕੇ ਕਈ ਤੰਤਰ ਕਿਰਿਆਵਾਂ ਕੀਤੀਆਂ। ਇਸ ਦੌਰਾਨ ਉਸ ਦੇ ਹਜ਼ਾਰਾਂ ਰੁਪਏ ਝਟਕ ਲਏ। ਇੱਕ ਦਿਨ ਉਹ ਤਾਂਤਰਿਕ ਜਨਾਨੀ ਦੇ ਘਰ ਗਿਆ ਅਤੇ ਤੰਤਰ ਕਿਰਿਆ ਦੇ ਨਾਂ ਉੱਤੇ ਹਵਨ ਸ਼ੁਰੂ ਕਰ ਦਿੱਤਾ। ਉਹ ਆਪਣੇ ਨਾਲ ਹੇਮੰਤ ਨੂੰ ਵੀ ਲੈ ਗਿਆ ਸੀ। ਤੰਤਰ ਕਿਰਿਆ ਵਿੱਚ ਉਸ ਨੇ ਜਨਾਨੀ ਅਤੇ ਉਸ ਦੀ ਦਰਾਣੀ/ਦੇਵਰਾਣੀ ਨੂੰ ਵੀ ਬੈਠਾ ਲਿਆ। ਉਨ੍ਹਾਂ ਨੇ ਪਾਣੀ ਵਿੱਚ ਨਸ਼ੀਲੀ ਚੀਜ਼ ਮਿਲਾ ਕੇ ਦੋਹਾਂ ਨੂੰ ਪਿਲਾ ਦਿੱਤਾ। ਜਦ ਉਹ ਬੇਹੋਸ਼ ਹੋ ਗਈਆਂ, ਤਾਂ ਉਨ੍ਹਾਂ ਦੇ ਨਾਲ ਗਲਤ ਕੰਮ ਕੀਤਾ। ਬਾਅਦ ਵਿੱਚ ਇਹ ਸਿਲਸਿਲਾ ਚੱਲਦਾ ਰਿਹਾ। ਦੋਹਾਂ ਨੇ ਸ਼ਰਮ ਦੇ ਕਾਰਨ ਕਿਸੇ ਨੂੰ ਕੁੱਝ ਨਹੀਂ ਦੱਸਿਆ। ਬਾਅਦ ਵਿੱਚ ਅੰਧਵਿਸ਼ਵਾਸ ਦਾ ਪਰਦਾ ਹਟਣ ਉੱਤੇ ਅਤੇ ਪ੍ਰੇਸ਼ਾਨ ਹੋ ਕੇ ਉਹਨਾਂ ਨੇ ਪੁਲਿਸ ਥਾਨੇ ਵਿੱਚ ਸ਼ਿਕਾਇਤ ਦਰਜ ਕਰ ਦਿੱਤੀ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਉਹ ਪਖੰਡੀ ਜਨਾਨੀਆਂ ਦੇ ਨਾਲ ਅਕਸਰ ਅਜਿਹਾ ਹੀ ਕਰਿਆ ਕਰਦੇ ਸਨ।

ਪਖੰਡ ਦਾ ਜਾਲ ਅਜਿਹਾ ਹੁੰਦਾ ਹੈ ਕਿ ਇਕ ਵਾਰ ਜਿਹੜਾ ਤਾਂਤਰਿਕ ਦੇ ਜਾਲ ਵਿੱਚ ਫਸ ਜਾਵੇ, ਉਸ ਦਾ ਨਿਕਲਣਾ ਵੀ ਮੁਸ਼ਕਲ ਹੁੰਦਾ ਹੈ। ਉੱਤਰ-ਪ੍ਰਦੇਸ਼ ਦੇ ਸੀਤਾਪੁਰ ਦਾ ਕਿੱਸਾ ਇਸੇ ਦਾ ਨਮੂਨਾ ਹੈ।

ਲਖਨਾਊ ਸੜਕ ਉੱਤੇ ਆਸ਼ਰਮ ਚਲਾਉਣ ਵਾਲੇ ਇਕ ਢੋਂਗੀ ਤਾਂਤਰਿਕ ਧਰਮਦਾਸ ਕਪੂਰ ਨੂੰ ਇੱਕ ਵਿਦਿਆਰਥਣ ਦੀ ਸ਼ਿਕਾਇਤ ਉੱਤੇ ਤਿਮਾਰਪੁਰ ਥਾਨਾ ਪੁਲਿਸ ਨੇ ਗ੍ਰਿਫਤਾਰ ਕੀਤਾ। ਉਸ ਦੇ ਆਸ਼ਰਮ ਵਿੱਚ ਆਸਪਾਸ ਦੇ ਹੀ ਨਹੀਂ, ਸਗੋਂ ਦੂਰ-ਦੂਰ ਤੋਂ ਲੋਕ ਸੁੱਖਸ਼ਾਂਤੀ ਦੀ ਤਲਾਸ਼ ਵਿੱਚ ਆਉਂਦੇ ਸਨ। ਉਸ ਦੇ ਭਗਤਾਂ ਦੀ ਗਿਣਤੀ ਹਜ਼ਾਰਾਂ ਵਿੱਚ ਸੀ।

ਧਰਮਦਾਸ ਦਾਅਵਾ ਕਰਦਾ ਸੀ ਕਿ ਜੋ ਵੀ ਬੰਦਾ ਕਿਸੇ ਵੀ ਕਾਰਨ ਪ੍ਰੇਸ਼ਾਨ ਹੋਵੇ, ਉਹ ਦੈਵੀ ਸ਼ਕਤੀਆਂ ਅਤੇ ਤੰਤਰ ਦੇ ਬਲ ਉੱਤੇ ਸਾਰੇ ਦੁੱਖ ਦੂਰ ਕਰ ਦੇਵੇਗਾ। ਇਸੇ ਦੇ ਬਾਅਦ ਹੀ ਅੰਧਵਿਸ਼ਵਾਸੀ ਉਸ ਦੇ ਇਥੇ ਕਤਾਰਾਂ ਲਗਾਉਣ ਲੱਗੇ ਸਨ। ਬਜ਼ਾਰ ਵਿੱਚ ਉਸ ਦੇ ਪ੍ਰਵਚਨਾਂ ਦੀ ਸੀਡੀ ਵਿਕਦੀ ਸੀ ਅਤੇ ਲੋਕ ਉਸਨੂੰ ਚੜ੍ਹਾਵਾ ਚੜ੍ਹਾ ਕੇ ਪੂਜਦੇ ਸਨ।

ਇੱਕ ਵਿਦਿਆਰਥਣ ਵੀ ਆਪਣੀ ਪ੍ਰੇਸ਼ਾਨੀ ਲੈ ਕੇ ਧਰਮਦਾਸ ਦੇ ਕੋਲ ਪਹੁੰਚੀ। ਧਰਮਦਾਸ ਤਾਂਤਰਿਕ ਕਿਰਿਆ ਦੇ ਬਹਾਨੇ ਉਸਨੂੰ ਇੱਕ ਕਮਰੇ ਵਿੱਚ ਲੈ ਗਿਆ। ਉਸਨੇ ਉਸ ਨੂੰ ਭਸਮ ਖਾਣ ਨੂੰ ਦਿੱਤੀ, ਜਿਸ ਨੂੰ ਖਾ ਕੇ ਉਹ ਬੇਹੋਸ਼ ਹੋ ਗਈ। ਢੋਂਗੀ ਤਾਂਤਰਿਕ ਨੇ ਉਸ ਦੇ ਨਾਲ ਗਲਤ ਕੰਮ ਕਰਨ ਦੇ ਨਾਲ ਹੀ ਮੋਬਾਈਲ ਫ਼ੋਨ ਨਾਲ ਐਮ ਐਮ ਐਸ ਵੀ ਬਣਾ ਲਿਆ। ਵਿਦਿਆਰਥਣ ਨੂੰ ਧਮਕਾਇਆ ਕਿ ਜੇਕਰ ਉਸ ਨੇ ਕਿਸੇ ਨੂੰ ਦੱਸਿਆ, ਤਾਂ ਉਹ ਐਮ ਐਮ ਐਸ ਦੀ ਸੀਡੀ ਬਜ਼ਾਰ ਵਿੱਚ ਵੇਚ ਦੇਵੇਗਾ।

5 ਮਹੀਨੇ ਤੱਕ ਸ਼ੋਸ਼ਣ ਦਾ ਸ਼ਿਕਾਰ ਹੋ ਕੇ ਆਖਰਕਾਰ ਇੱਕ ਦਿਨ ਵਿਦਿਆਰਥਣ ਨੇ ਪੁਲਿਸ ਵਿੱਚ ਸ਼ਿਕਾਇਤ ਦਰਜ ਕਰਾਈ, ਤਾਂ ਪਖੰਡੀ ਦੀ ਪੋਲ ਖੁੱਲ੍ਹ ਗਈ।

ਹੁਣੇ ਹੀ ਮੁੰਬਈ ਦੀ ਠਾਣੇ ਕਰਾਈਮ ਬਰਾਂਚ ਦੀ ਪੁਲਿਸ ਟੀਮ ਨੇ ਇੱਕ ਅਜਿਹੇ ਹੈਵਾਨ (ਨਿਰਦਈ ਆਦਮੀ, ਪਸ਼ੂ) ਤਾਂਤਰਿਕ ਵਿਜੇ ਤੋਂਬਰੇ ਨੂੰ ਗ੍ਰਿਫ਼ਤਾਰ ਕੀਤਾ, ਜਿਹੜਾ ਕੁਆਰੀਆਂ ਲੜਕੀਆਂ ਦਾ ਸ਼ਿਕਾਰੀ ਸੀ। ਉਹ ਗਰੀਬਾਂ ਦੇ ਦੁੱਖ ਦੂਰ ਕਰਨ ਦੇ ਨਾਂ ਉੱਤੇ ਗਲਤ ਕੰਮ ਕਰਦਾ ਸੀ। ਪਖੰਡੀ ਨੇ ਆਪਣਾ ਪੂਰਾ ਜਾਲ ਫੈਲਾਇਆ ਹੋਇਆ ਸੀ। ਉਸ ਨੇ ਆਦਮੀ ਏਜੰਟਾਂ ਨੂੰ ਛੱਡਿਆ ਹੋਇਆ ਸੀ। ਉਹ ਗਰੀਬ ਅਤੇ ਪ੍ਰੇਸ਼ਾਨ ਪਰਿਵਾਰਾਂ ਦਾ ਪਤਾ ਲਗਾਉਂਦੇ ਅਤੇ ਪਖੰਡੀ ਦੇ ਕੋਲ ਜਾਣ ਦੀ ਸਲਾਹ ਦਿੰਦੇ ਸਨ। ਉਹ ਝੂਠੀਆਂ ਸ਼ਕਤੀਆਂ ਦੇ ਕਿੱਸੇ ਕਹਾਣੀਆਂ ਵੀ ਸੁਣਾਉਂਦੇ ਸਨ।

ਅਜਿਹੇ ਪਰਿਵਾਰ ਜਦ ਉਸ ਦੇ ਪਾਸ ਜਾਂਦੇ ਸਨ ਤਾਂ ਉਹ ਤਾਂਤਰਿਕ ਕਹਿੰਦਾ ਸੀ ਕਿ ਆਪਣੇ ਪਰਵਾਰ ਦੀ ਕਿਸੀ ਕੁਆਰੀ ਲੜਕੀ ਨੂੰ ਉਸ ਦੇ ਸਪੁਰਦ ਕਰੋ। ਓਪਰੀ ਤਾਕਤਾਂ ਉਸ ਦੇ ਸੰਪਰਕ ਵਿੱਚ ਆ ਜਾਣਗੀਆਂ। ਜਿੰਨਾ ਉਹ ਲੜਕੀ ਨਾਲ ਸੰਬੰਧ ਬਣਾਉਣਗੀਆਂ, ਉਨੀਆਂ ਹੀ ਪ੍ਰੇਸ਼ਾਨੀਆਂ ਦੂਰ ਹੋ ਜਾਣਗੀਆਂ। ਵਿਜੇ ਤੋਂਬਰੇ ਨੇ ਇਸੀ ਤਰ੍ਹਾਂ ਲੱਗਭਗ 22 ਲੜਕੀਆਂ ਨੂੰ ਆਪਣਾ ਸ਼ਿਕਾਰ ਬਣਾਇਆ। ਪੁਲਿਸ ਨੂੰ ਇਸ ਦੀ ਖ਼ਬਰ ਲੱਗੀ, ਤਾਂ ਉਸ ਨੇ ਇਕ ਮੁਖਬਰ ਨੂੰ ਪੀੜਤ ਬਣਾ ਕੇ ਉਸ ਦੇ ਪਾਸ ਭੇਜਿਆ। ਵਿਜੇ ਤੋਂਬਰੇ ਨੇ ਉਸ ਨੂੰ ਵੀ ਲੜਕੀ ਦੀ ਗੱਲ ਆਖੀ ਅਤੇ ਸਾਰੇ ਕਸ਼ਟ ਦੂਰ ਕਰਨ ਦਾ ਵਾਅਦਾ ਕੀਤਾ। ਪੁਲਿਸ ਨੇ ਚਕਮਾ ਦੇ ਕੇ ਉਸ ਹੈਵਾਨ ਨੂੰ ਗ੍ਰਿਫਤਾਰ ਕਰ ਲਿਆ। 42 ਸਾਲਾਂ ਤੋਂ ਉਹ ਪਖੰਡੀ ਗਰੀਬ ਪਰਵਾਰਾਂ ਨੂੰ ਭਰਮਜਾਲ ਵਿੱਚ ਫਸਾ ਕੇ ਨਾਬਾਲਗ ਲੜਕੀਆਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਸੀ। ਪੁਲਿਸ ਨੇ ਉਸ ਦੇ ਵਿਰੁੱਧ ਪਾਸਕੋ ਐਕਟ ਅਤੇ ਐਂਟੀਬਲੈਕ ਮੈਜਿਕ ਐਕਟ ਦੇ ਤਹਿਤ ਕਾਰਵਾਈ ਕੀਤੀ।

ਇਲਾਹਾਬਾਦ ਦੇ ਕਸਬਾ ਖੀਰੀ ਦੀ ਇੱਕ ਇਸਤਰੀ ਦੀ ਤਬੀਅਤ ਖਰਾਬ ਹੋਣ ਉੱਤੇ ਇਕੋ ਤਾਂਤਰਿਕ ਰਾਮਲਾਲ ਕੋਰੀ ਦੇ ਕੋਲ ਗਈ, ਉਹ ਅੰਧਵਿਸ਼ਵਾਸ ਦਾ ਫਾਇਦਾ ਉੱਠਾ ਕੇ ਇਕਾਂਤ ਵਿੱਚ ਝਾੜਫੂਕ ਕਰਨ ਲੱਗਾ ਅਤੇ ਬੇਹੂਦਾ ਹਰਕਤਾਂ ਸ਼ੁਰੂ ਕਰ ਦਿੱਤੀਆਂ। ਉਹ ਜਨਾਨੀ ਉਥੋਂ ਭੱਜ ਨਿਕਲੀ ਅਤੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ। ਇਸ ਦੇ ਬਾਅਦ ਪੁਲਿਸ ਨੇ ਉਸ ਪਖੰਡੀ ਨੂੰ ਗ੍ਰਿਫਤਾਰ ਕਰ ਲਿਆ।

ਆਪਣਾ ਸਭ ਕੁਝ ਲੁਟਾ ਕੇ ਜਨਾਨੀਆਂ ਸਿਰ ਪਿੱਟ ਕੇ ਰਹਿ ਜਾਂਦੀਆਂ ਹਨ। ਅੰਧਵਿਸ਼ਵਾਸ ਦੀ ਐਨਕ ਉਨ੍ਹਾਂ ਦੀਆਂ ਅੱਖਾਂ ਉੱਤੇ ਇਸ ਤਰ੍ਹਾਂ ਲੱਗੀ ਹੁੰਦੀ ਹੈ ਕਿ ਉਨ੍ਹਾਂ ਨੂੰ ਕੁਝ ਸਮਝ ਨਹੀਂ ਆਉਂਦਾ ਹੈ। ਅਣਗਿਣਤ ਕੇਸਾਂ ਵਿੱਚ ਇਤਰੀਆਂ ਸਾਮਾਜਿਕ ਬਦਨਾਮੀ ਦੇ ਡਰ ਤੋਂ ਖਾਮੋਸ਼ ਹੋ ਜਾਂਦੀਆਂ ਹਨ।

ਤਾਂਤਰਿਕਾਂ ਉੱਤੇ ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਹੈ। ਇਕ ਸ਼ਿਕਾਰ ਜਾਂਦਾ ਹੈ, ਤਾਂ ਦੂਜਾ ਉਹਨਾਂ ਦੀ ਸ਼ਰਨ ਵਿੱਚ ਆ ਜਾਂਦਾ ਹੈ, ਇਸ ਲਈ ਜ਼ਰੂਰਤ ਅੰਧਵਿਸ਼ਵਾਸ ਤੋਂ ਨਿਕਲਣ ਦੀ ਹੈ।

ਧੰਨਵਾਦ ਸਹਿਤ ਮੈਗਜ਼ੀਨ 'ਸਰਸ ਸਲਿਲ'
ਜੁਲਾਈ (ਦੂਜਾ) 2015

**ਸੂ ਚ ਨਾ**

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ ੪੦੦/-ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**





# ਸੁਪਨੇ ਮਰਨੇ ਨਹੀਂ ਚਾਹੀਦੇ

ਇਸ ਧਰਤੀ ’ਤੇ ਪੈਦਾ ਹੋਇਆ ਇਨਸਾਨ ਵਧੀਆ ਜ਼ਿੰਦਗੀ ਜਿਉਣ ਦੇ ਸੁਪਨੇ ਦੇਖਦਾ ਹੈ। ਹਰ ਇਨਸਾਨ ਦੇ ਵੱਖਰੇ-ਵੱਖਰੇ ਸੁਪਨੇ ਹੁੰਦੇ ਹਨ। ਇਕ ਗ਼ੁਲਾਮ, ਆਜ਼ਾਦ ਹੋਣ ਦੇ ਸੁਪਨੇ ਦੇਖਦਾ ਹੈ, ਜਦਕਿ ਇਕ ਕਿਸਾਨ ਚੰਗੀ ਫ਼ਸਲ ਹੋਣ ਦੇ, ਬੇਘਰ ਵਿਅਕਤੀ ਘਰ ਬਣਾਉਣ ਦੇ। ਇਕ ਸਿਆਸਤਦਾਨ ਪ੍ਰਧਾਨ ਮੰਤਰੀ ਬਣਨ ਦੇ ਅਤੇ ਇਕ ਵਪਾਰੀ ਚੋਟੀ ਦਾ ਕਾਰੋਬਾਰੀ ਬਣਨ ਦੇ। ਇਸ ਤਰ੍ਹਾਂ ਇਕ ਵਿਦਿਆਰਥੀ ਚੰਗੇ ਨੰਬਰ ਲੈਣ ਦੇ ਅਤੇ ਇਕ ਨੌਜਵਾਨ ਚੰਗੀ ਨੌਕਰੀ ਅਤੇ ਘਰ ਪਰਿਵਾਰ ਦੇ। ਇਕ ਔਰਤ ਖ਼ੁਸ਼ਹਾਲ ਜ਼ਿੰਦਗੀ ਅਤੇ ਸੁਖੀ ਪਰਿਵਾਰ ਦੇ ਸੁਪਨੇ ਦੇਖਦੀ ਹੈ। ਜਦੋਂਕਿ ਅਗਾਂਹਵਧੂ ਲੋਕ ਬਰਾਬਰਤਾ ਵਾਲਾ ਸਮਾਜ ਸਿਰਜਣ ਦੇ ਸੁਪਨੇ ਦੇਖਦੇ ਹਨ। ਇਸ ਲਈ ਹਰ ਇਕ ਦਾ ਅਪਣੀ ਜ਼ਿੰਦਗੀ ਵਿਚ ਵੱਖਰਾ ਮਕਸਦ ਹੁੰਦਾ ਹੈ। ਪਰ ਜਦੋਂ ਇਹ ਸੁਪਨੇ ਅਸਲੀਅਤ ਨਹੀਂ ਬਣਦੇ ਤਾਂ ਇਹ ਨੀਂਦ ਵਿਚ ਆਉਣੇ ਸ਼ੁਰੂ ਹੋ ਜਾਂਦੇ ਹਨ। ਜਿਹੜੇ ਸੁਪਨੇ ਜ਼ਿੰਦਗੀ ਵਿਚ ਹਕੀਕਤ ਨਹੀਂ ਬਣ ਸਕਦੇ, ਉਸ ਨੂੰ ਮਨੁੱਖ ਸੌਣ ਵੇਲੇ ਆਏ ਸੁਪਨਿਆਂ ਰਾਹੀਂ ਅਚੇਤ ਤੌਰ ’ਤੇ ਪੂਰਾ ਕਰਨ ਦਾ ਯਤਨ ਕਰਦਾ ਹੈ। ਇਸ ਲਈ ਇਹ ਸੁਪਨੇ ਸਾਡੀ ਜ਼ਿੰਦਗੀ ਦਾ ਇਕ ਅਹਿਮ ਹਿੱਸਾ ਹਨ। ਇਨ੍ਹਾਂ ਨੂੰ ਮਰਨ ਨਹੀਂ ਦੇਣਾ ਚਾਹੀਦਾ।

## ਸੁਪਨੇ ਕੀ ਹੁੰਦੇ ਹਨ ?

ਵਿਗਿਆਨਕ ਅਧਿਐਨ ਦਸਦੇ ਹਨ ਕਿ ਜਦੋਂ ਅਸੀਂ ਸੌਂਦੇ ਹਾਂ ਤਾਂ ਸਾਡੀਆਂ ਅੱਖਾਂ ਅਤੇ ਦਿਮਾਗ਼ ਵਿਚ ਬਹੁਤ ਜ਼ਿਆਦਾ ਉਥਲ-ਪੁਥਲ ਹੁੰਦੀ ਹੈ। ਜਦੋਂ ਅਸੀਂ ਗੂੜ੍ਹੀ ਨੀਂਦ ਵਿਚ ਹੁੰਦੇ ਹਾਂ ਤਾਂ ਅਸੀਂ ਸੁਪਨਿਆਂ ਦੀ ਲੰਬੀ ਉਡਾਣ ਭਰ ਰਹੇ ਹੁੰਦੇ ਹਾਂ, ਉਸ ਸਮੇਂ ਸਾਡੀਆਂ ਪਲਕਾਂ ਵਿਚ ਬਣੇ ਆਈਰਸ਼ (ਜੋ ਅੱਖਾਂ ਵਿਚ ਗੋਲ ਨੀਲਾ ਬਿੰਦੂ ਹੁੰਦਾ ਹੈ) ਉਪਰ-ਹੇਠਾਂ ਜਾਂ ਸੱਜੇ ਖੱਬੇ ਹੁੰਦੇ ਰਹਿੰਦੇ ਹਨ। ਜਿਵੇਂ ਅਸੀਂ ਸੁਪਨੇ ਵਿਚ ਕਾਰ ਚਲਾਉਂਦੇ ਹਾਂ ਤਾਂ ਅਸੀਂ ਸੱਜੇ-ਖੱਬੇ ਦੇਖਦੇ ਹਾਂ। ਇਸ ਤਰ੍ਹਾਂ ਸਾਡੀਆਂ ਪਲਕਾਂ ਹੇਠਾਂ ਬਣੇ ਆਈਰਸ਼ ਸੱਜੇ-ਖੱਬੇ ਘੁੰਮਦੇ ਹਨ। ਇਨ੍ਹਾਂ ਕਾਰਨ ਹੀ ਇਸ ਨੂੰ ‘ਰੈਪਿਡ ਆਈ ਮੂਵਮੈਂਟ (ਆਰ.ਈ.ਐਮ.) ਕਿਹਾ ਜਾਂਦਾ ਹੈ।

ਪ੍ਰਕਾਸ਼

ਯੂਨੀਵਰਸਿਟੀ ਆਫ਼ ਸ਼ਿਕਾਗੋ ਦੀ ਇਸ ਨਾਲ ਜੁੜੀ ਖੋਜ ਰਿਪੋਰਟ ਸਾਨੂੰ ਦਸਦੀ ਹੈ ਕਿ ਇਹ ਉਹ ਅਵਸਥਾ ਹੁੰਦੀ ਹੈ, ਜਦੋਂ ਅਸੀਂ ਸੁਪਨਿਆਂ ਦੀ ਲੰਬੀ ਉਡਾਰੀ ਮਾਰ ਰਹੇ ਹੁੰਦੇ ਹਾਂ। ਖੋਜਾਰਥੀ ਯੂਗੇਨ ਏਸਿਰਿਅਸੰਕੀ ਅਨੁਸਾਰ, ਅਜਿਹੇ ਸਮੇਂ ਮਾਸਪੇਸ਼ੀਆਂ ਪੈਰਾਲਾਈਜ਼ (ਲਕਵਾ ਮਾਰਨ ਵਾਂਗ) ਯਾਨੀ ਸਥਿਲ ਪੈ ਜਾਂਦੀਆਂ ਹਨ ਅਤੇ ਦਿਮਾਗ਼ ਦੀ ਸਰਗਰਮੀ ਵਧ ਜਾਂਦੀ ਹੈ।

ਫ਼ਰਾਂਸ ਦੀ ਯੂਨੀਵਰਸਿਟੀ ਆਫ਼ ਲਿਉਨ ਦੇ ਡਾ. ਮਾਈਕਲ ਜੋਵੇਟ ਨੇ ਆਪਣੀ ਖੋਜ ਦੇ 48 ਸਾਲ ਸਿਰਫ਼ ਰੈਪਿਡ ਆਈ ਮੂਵਮੈਂਟ (ਰੈਮ) ਵਿਚ ਹੀ ਗੁਜ਼ਾਰੇ ਹਨ। ਉਨ੍ਹਾਂ ਦੀ ਰਿਪੋਰਟ ਕਹਿੰਦੀ ਹੈ ਕਿ ਇਹ ਨੀਂਦ ਦਾ ਸਿਰਫ਼ ਪੜਾਅ ਹੀ ਨਹੀਂ, ਸਗੋਂ ਇਹ ਇਕ ਅਜਿਹੀ ਅਵਸਥਾ ਹੁੰਦੀ ਹੈ, ਜਿਥੇ ਸੁਪਨੇ ਤਾਰੀਆਂ ਲਾਉਂਦੇ ਹਨ। ਹੁਣ ਤਕ ਦੀਆਂ ਖੋਜਾਂ ਦਸਦੀਆਂ ਹਨ ਕਿ ਅਚੇਤ ਦਿਮਾਗ਼ ਦੀਆਂ ਸਮੱਸਿਆਵਾਂ ਦਾ ਸਿਰਫ਼ ਸੱਤ ਫ਼ੀਸਦੀ ਹੀ ਅਸੀਂ ਜਾਣ ਸਕੇ ਹਾਂ। ਸੁਪਨਿਆਂ ਸਬੰਧੀ ਇਕ ਜੈਨੇਟਿਕ ਰਿਹਰਸਲ ਨਾਮ ਦਾ ਸਿਧਾਂਤ ਹੈ, ਜਿਹੜਾ ਇਸ ਗੱਲ ਦੀ ਵਿਆਖਿਆ ਕਰਦਾ ਹੈ ਕਿ ਜਦੋਂ ਅਸੀਂ ਸੁਪਨਾ ਦੇਖ ਰਹੇ ਹੁੰਦੇ ਹਾਂ ਤਾਂ ਸਾਡਾ ਸਰੀਰ ਪੂਰੀ ਤਰ੍ਹਾਂ ਸ਼ਾਂਤ ਪਿਆ ਹੁੰਦਾ ਹੈ। ਅਸਲ ਵਿਚ ਦਿਮਾਗ਼ ਦਾ ਇਕ ਹਿੱਸਾ ਅਜਿਹਾ ਹੈ, ਜਿਹੜਾ ਨੀਂਦ ਦੌਰਾਨ ਮਾਸਪੇਸ਼ੀਆਂ ਦੀ ਸਰਗਰਮੀ ਨੂੰ ਆਪਣੇ ਕਾਬੂ ਵਿਚ ਰਖਦਾ ਹੈ। ਜੇਕਰ ਅਜਿਹਾ ਨਾ ਹੋਵੇ ਤਾਂ ਸਾਡੇ ਸੁਪਨੇ ਸਾਡੇ ’ਤੇ ਹੀ ਹਾਵੀ ਹੋ ਸਕਦੇ ਹਨ।

## ਕੀ ਸੁਪਨਿਆਂ ਨੂੰ ਫੜਿਆ ਜਾ ਸਕਦਾ ਹੈ ?

ਹਰ ਕੋਈ ਚਾਹੁੰਦਾ ਹੈ ਕਿ ਉਸ ਨੂੰ ਨੀਂਦ ਵਿਚ ਆਏ ਸੁਪਨੇ ਸੱਚ ਹੋ ਜਾਣ। ਕਈ ਵਿਅਕਤੀ ਤਾਂ ਆਪਣੇ ਦੋਸਤ ਮਿੱਤਰ ਨਾਲ ਆਪਣੇ ਸੁਪਨੇ ਸਾਂਝੇ ਵੀ ਕਰਦੇ ਹਨ। ਕਈ ਅਜਿਹੇ ਸੱਜਣ ਹੁੰਦੇ ਹਨ, ਜਿਹੜੇ ਆਪਣੇ ਮਨ ਦਾ ਭੇਤ ਨਹੀਂ ਖੋਲ੍ਹਦੇ। ਅਜਿਹੇ ਵਿਚ ਸਵਾਲ ਉਠਦਾ ਹੈ ਕਿ ਕੀ ਸੁਪਨਿਆਂ ਨੂੰ ਫੜਿਆ ਜਾ ਸਕਦਾ ਹੈ ਜਾਂ ਕਿਸ ਵਿਅਕਤੀ ਦੇ ਕੀ ਸੁਪਨੇ ਹਨ, ਉਨ੍ਹਾਂ ਨੂੰ ਜਾਣਿਆ ਜਾ ਸਕਦਾ ਹੈ ? ਇਨ੍ਹਾਂ ਸਵਾਲਾਂ ਦਾ ਜਵਾਬ ਲੱਭਣ ਲਈ ਵਿਗਿਆਨੀ ਦਿਨ-ਰਾਤ ਖੋਜ ਕਾਰਜਾਂ ਵਿਚ ਲੱਗੇ ਹੋਏ ਹਨ। ‘ਸਾਇੰਸ ਜਨਰਲ’ ਵਿਚ ਛਪੀ ਇਕ ਰਿਪੋਰਟ ਅਨੁਸਾਰ, ਜਾਪਾਨ ਵਿਚ ਖੋਜਾਰਥੀਆਂ ਨੇ ਐਮ. ਆਰ.ਆਈ. ਸਕੈਨ ਨਾਲ ਨੀਂਦ ਦੀ ਸ਼ੁਰੂਆਤੀ ਅਵਸਥਾ ਵਿਚ ਦੇਖੀਆਂ ਗਈਆਂ ਚੀਜ਼ਾਂ ਦਾ ਮੁਲੰਕਣ ਕਰ ਕੇ ਘੱਟ ਤੋਂ ਘੱਟ ਅੱਠ ਫ਼ੀਸਦੀ ਸੁਪਨਿਆਂ ਨੂੰ ਸਮਝ ਲੈਣ ਦੀ ਪੁਸ਼ਟੀ ਕੀਤੀ ਹੈ। ਕਿਉਟੋ ਸਥਿਤ ਏ.ਟੀ.ਆਰ. ਕੰਪਿਊਟੇਸ਼ਨ ਨਿਊਰੋਸਾਇੰਸ ਲੈਬ ਵਿਚ ਪ੍ਰੋਫ਼ੈਸਰ ਯੂਕ੍ਰਿਆਸੂ ਕਮਿਤਾਨੀ ਦੀ ਅਗਵਾਈ ਵਾਲੀ ਟੀਮ ਨੇ ਇਕ ਖੋਜ ਰਾਹੀਂ ਇਸ ਨੂੰ ਅਮਲੀਜਾਮਾ ਪਹਿਨਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਆਪਣੀ ਪ੍ਰਯੋਗਸ਼ਾਲਾ ਵਿਚ ਤਿੰਨ ਵਿਅਕਤੀਆਂ ਨੂੰ ਸੁਲਾਇਆ, ਜਿੰਨਾਂ ’ਤੇ ਐਮ.ਆਰ.ਆਈ. ਸਕੈਨ ਨਾਲ ਨਜ਼ਰ ਰੱਖੀ ਗਈ। ਨੀਂਦ ਆਉਣ ’ਤੇ ਉਨ੍ਹਾਂ ਦੀਆਂ ਹਰਕਤਾਂ ਦਾ ਅਧਿਐਨ ਕੀਤਾ ਗਿਆ। ਇਸ ਤੋਂ ਬਾਅਦ ਪ੍ਰੋਫ਼ੈਸਰ ਯੂਕ੍ਰਿਆਸੂ ਨੇ ਤਿੰਨਾਂ ਵਿਅਕਤੀਆਂ ਵਲੋਂ ਲਏ ਸੁਪਨਿਆਂ ਦਾ ਅਧਿਐਨ ਕੀਤਾ। ਉਨ੍ਹਾਂ ਦੇ ਅੰਕੜੇ ਇਕੱਠੇ ਕੀਤੇ, ਜੋ ਚੀਜ਼ਾਂ ਉਨਾਂ ਨੂੰ ਸੁਪਨਿਆਂ ਵਿਚ ਆਈਆਂ ਉਨ੍ਹਾਂ ਦੇ ਅੰਕੜੇ ਇਕੱਠੇ ਕੀਤੇ ਅਤੇ ਉਨ੍ਹਾਂ ਨੂੰ ਵੱਖ-ਵੱਖ ਸਮੂਹਾਂ ਵਿਚ ਵੰਡਿਆ। ਇਸ ਪ੍ਰਕਿਰਿਆ ਨੂੰ ਕਈ ਵਾਰ ਦੁਹਰਾਇਆ ਗਿਆ। ਇਸ ਤੋਂ ਬਾਅਦ ਵਿਗਿਆਨੀਆਂ ਨੇ ਸੁਪਨੇ ਲੈਣ ਵਾਲੇ ਵਿਅਕਤੀਆਂ ਦਾ ਜਾਗਦਿਆਂ ਦਾ ਸਕੈਨ ਕੀਤਾ ਅਤੇ ਉਨ੍ਹਾਂ

ਨੂੰ ਤਸਵੀਰਾਂ ਦੀ ਲੜੀ ਵਿਖਾਈ ਗਈ। ਉਹ ਇਸ ਗੱਲ ਤੋਂ ਹੈਰਾਨ ਸਨ, ਕਿ ਜਿਹੜੀ ਚੀਜ਼ ਉਨ੍ਹਾਂ ਨੇ ਸੁਪਨੇ ਵਿਚ ਦੇਖੀ ਸੀ, ਉਹ ਉਨ੍ਹਾਂ ਦੇ ਸਾਹਮਣੇ ਸੀ। ਜਾਪਾਨੀ ਖੋਜੀ ਇਸ ਸਫ਼ਲਤਾ ਤੋਂ ਕਾਫ਼ੀ ਖ਼ੁਸ਼ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਵਿਸ਼ਲੇਸ਼ਣ ਮਨੁੱਖ ਦੇ ਦਿਮਾਗ਼ ਨੂੰ ਪੜ੍ਹਨ ਵਿਚ ਮਦਦ ਕਰੇਗਾ।

ਇਸੇ ਤਰ੍ਹਾਂ ਹੀ ਅਮਰੀਕਾ ਦੀ ਲੁਸਿਆਨਾ ਯੂਨੀਵਰਸਿਟੀ ਵਿਚ ਮੈਡੀਕਲ ਇਲੈਕਟ੍ਰਾਨਿਕਸ ਦੇ ਵਿਗਿਆਨੀ ਡਾ. ਹਾਲ ਬ੍ਰੇਕਰ ਨੇ ਅਪਣੀ 'ਟੈਕਿਸਟੋਸਕੋਪਿਕ ਪ੍ਰੋਜੈਕਸ਼ਨ' ਨਾਮਕ ਉਪਕਰਨ 'ਤੇ ਦਿਲਚਸਪ ਪ੍ਰੀਖਣ ਕੀਤਾ। ਇਹ ਉਪਕਰਨ ਮਨੁੱਖ ਦੇ ਦਿਮਾਗ਼ ਵਿਚ ਬਾਹਰੋਂ ਸੰਦੇਸ਼ ਪਹੁੰਚਾਉਣ ਵਿਚ ਸਮਰੱਥਾ ਰਖਦਾ ਹੈ। ਉਨ੍ਹਾਂ ਨੇ ਆਪਣੇ ਇਕ ਪ੍ਰੀਖਣ ਵਿਚ ਕੁੱਝ ਲੋਕਾਂ ਦੇ ਦਿਮਾਗ ਵਿਚ 'ਮੈਂ ਇਮਾਨਦਾਰ ਹਾਂ', 'ਮੈਂ ਚੋਰੀ ਨਹੀਂ ਕਰਾਂਗਾ', 'ਜੇਕਰ ਮੈਂ ਚੋਰੀ ਕਰੀ ਤਾਂ ਫੜਿਆ ਜਾਵਾਂਗਾ', ਸੰਦੇਸ਼ ਭੇਜਿਆ। ਇਹ ਸ਼ਬਦ ਵਾਰ-ਵਾਰ ਦੁਹਰਾਉਣ ਕਾਰਨ ਉਨ੍ਹਾਂ ਦੇ ਦਿਮਾਗ਼ ਵਿਚ ਬੈਠ ਗਏ। ਇਸੇ ਤਰ੍ਹਾਂ ਇਕ ਨਿਊਯਾਰਕ ਯੂਨੀਵਰਸਿਟੀ ਦੇ ਵਿਗਿਆਨੀ ਲਾਯਡ ਸਿਲਵਰਮੈਨ ਨੇ ਆਪਣੇ ਮਰੀਜ਼ਾਂ ਦੇ ਦਿਮਾਗ ਵਿਚ 'ਮੈਂ ਅਤੇ ਮੇਰੀ ਮਾਂ ਇਕ ਹਾਂ' ਦਾ ਸੰਦੇਸ਼ ਪਹੁੰਚਾਇਆ। ਇਹ ਦਿਲਚਸਪ ਹੈ ਕਿ ਦੋਵੇਂ ਪ੍ਰੀਖਣ ਸਫ਼ਲ ਹੋਏ। ਬੁਰੀਆਂ ਆਦਤਾਂ ਵਾਲੇ ਵਿਅਕਤੀਆਂ ਨੇ ਚੋਰੀ ਤੋਂ ਤੌਬਾ ਕਰ ਲਈ ਅਤੇ ਦੂਜੇ ਦੀ ਅਪਣੀ ਮਾਂ ਪ੍ਰਤੀ ਇੱਜ਼ਤ ਵਧ ਗਈ। ਇਥੇ ਹੀ ਵੱਸ ਨਹੀਂ ਕਈਆਂ ਨੇ ਇਸ ਪ੍ਰਣਾਲੀ ਰਾਹੀ ਸਿਗਰਟ-ਬੀੜੀ ਪੀਣੀ ਛੱਡ ਦਿਤੀ ਅਤੇ ਕਈ ਇਸ ਪ੍ਰਕਿਰਿਆ ਰਾਹੀਂ ਮੋਟਾਪੇ ਵਰਗੀਆਂ ਅਲਾਮਤਾਂ ਤੋਂ ਖਹਿੜਾ ਛੁਡਾਇਆ।

## ਸੁਪਨਿਆਂ ਦੀ ਲੜੀ ਟੁੱਟਣ ਨਾ ਦਿਓ!

ਜਦੋਂ ਅਸੀਂ ਸੌਣ ਵੇਲੇ ਸੁਪਨਿਆਂ ਦੀ ਦੁਨੀਆਂ ਵਿਚ ਗੁਆਚੇ ਹੁੰਦੇ ਹਾਂ ਤਾਂ ਅਸੀਂ ਆਪਣੀ ਬਾਹਰ ਦੀ ਦੁਨੀਆਂ ਨੂੰ ਭੁੱਲ ਜਾਂਦੇ ਹਾਂ, ਪਰ ਜਦੋਂ ਸਾਨੂੰ ਕੋਈ ਕੱਚੀ ਨੀਂਦ ਵਿਚ ਉਠਾ ਦਿੰਦਾ ਹੈ ਤਾਂ ਸਾਡੇ ਖੱਟੇ-ਮਿੱਠੇ ਸੁਪਨਿਆਂ ਦੀ ਲੜੀ ਟੁੱਟ ਜਾਂਦੀ ਹੈ। ਸਾਡੀ ਜ਼ੁਬਾਨ 'ਤੇ ਇਕ ਹੀ ਸ਼ਬਦ ਹੁੰਦਾ ਹੈ, 'ਯਾਰ! ਕਿੰਨਾ ਵਧੀਆ ਸੁਪਨਾ ਆ ਰਿਹਾ ਸੀ'। ਕਈ ਵਾਰ ਤਾਂ ਅਸੀਂ ਜਗਾਉਣ ਵਾਲੇ ਨਾਲ ਲੜ ਵੀ ਪੈਂਦੇ ਹਾਂ ਕਿ ਉਸ ਨੇ ਮਿੱਠੇ ਸੁਪਨਿਆਂ ਦੀ ਲੜੀ ਤੋੜ ਦਿਤੀ, ਕਿਉਂਕਿ ਇਹ ਲੜੀ ਮੁੜ ਨਹੀਂ ਜੋੜੀ ਜਾ ਸਕਦੀ। ਪਰ ਹੁਣ ਸੁਪਨਿਆਂ ਦੀ ਟੁੱਟੀ ਲੜੀ ਨੂੰ ਜੋੜਿਆ ਜਾ ਸਕਦਾ ਹੈ, ਕਿਉਂਕਿ ਪ੍ਰਸਿੱਧ ਅਮਰੀਕੀ ਵਿਗਿਆਨੀ ਆਰਨੈਸਟੋ ਸਪੀਨਿਲੀ ਨੇ ਅਪਣੀ ਖੋਜ ਰੀਪੋਰਟ ਅਜਿਹੇ ਹੀ ਵਿਸ਼ੇ 'ਤੇ ਪ੍ਰਕਾਸ਼ਤ ਕੀਤੀ ਹੈ। ਉਨ੍ਹਾਂ ਨੇ ਅਪਣੀ ਪ੍ਰਯੋਗਸ਼ਾਲਾ ਦੇ ਲੋਕਾਂ ਦੇ ਵਿਚਾਰ ਇਕ-ਦੂਜੇ ਨਾਲ ਸਾਂਝੇ ਕਰਵਾਏ। ਅਮਰੀਕੀ ਸੰਸਥਾ ਸੁਸਾਇਟੀ ਫ਼ਾਰ ਸਾਇੰਟੀਫ਼ਿਕ ਰਿਸਰਚ ਵਿਚ ਪ੍ਰਯੋਗਸ਼ਾਲਾ ਵਿਚ ਕੀਤੇ ਗਏ ਪ੍ਰੀਖਣਾਂ ਨੂੰ ਪ੍ਰਕਾਸ਼ਤ ਕਰ ਕੇ ਇਕੱਤਰ ਕਰ ਲਿਆ ਹੈ।

ਕੁੱਝ ਵਿਗਿਆਨੀਆਂ ਨੇ ਦਿਮਾਗ਼ ਵਿਚ ਇਕਠੀਆਂ ਹੋਈਆਂ ਯਾਦਾਂ ਅਤੇ ਚੇਤਨ ਅਵਸਥਾ ਦੇ ਅਨੁਭਵ ਅਤੇ ਕਲਪਨਾਸ਼ਕਤੀ ਨੂੰ ਲੈ ਕੇ ਸੁਪਨੇ ਬੁਣਨ ਵਾਲੀਆਂ ਵਿਧੀਆਂ ਦੀ ਸ਼ੁਰੂਆਤ ਕੀਤੀ ਹੈ। ਸੁਪਨੇ ਵਿਸ਼ਲੇਸ਼ਕਾਂ ਨੇ ਨੀਂਦ ਆਉਣ ਤੋਂ ਪਹਿਲਾਂ ਅਜਿਹੇ ਸੁਪਨੇ ਤਿਆਰ ਕਰਨ ਵਿਚ ਸਫ਼ਲਤਾ ਹਾਸਲ ਕਰ ਲਈ ਹੈ, ਜੋ ਟੁੱਟੇ ਸੁਪਨਿਆਂ ਨੂੰ ਜੋੜ ਕੇ ਨਵਾਂ ਬਣਾ ਲੈਂਦੇ ਹਨ ਤਾਂ ਉਹ ਨਵੇਂ ਸੁਪਨੇ ਵੀ ਤਿਆਰ ਕਰ ਲੈਂਦੇ ਹਨ। ਅਸਲ ਵਿਚ ਅਸੀਂ ਆਪਣੇ ਦਿਮਾਗ਼ ਕਲਪਨਾ ਦੇ ਆਧਾਰ 'ਤੇ ਸੁਪਨੇ ਦੇਖਣ ਲਈ ਪ੍ਰੇਰਿਤ ਕਰਦੇ ਹਾਂ।

## ਸੁਪਨਿਆਂ ਵਿਚ ਆਪਣੇ ਚਹੇਤਿਆਂ ਨਾਲ ਕਰੋ ਗੱਲਾਂ

ਹਰ ਕਿਸੇ ਦੀ ਆਪਣੇ ਮਿੱਤਰ, ਮਹਿਬੂਬ ਜਾਂ ਫ਼ਿਲਮ ਦੇ ਨਾਇਕ ਨੂੰ ਮਿਲਣ ਦੀ ਇੱਛਾ ਰਹਿੰਦੀ ਹੈ। ਹਰ ਕੋਈ ਚਾਹੁੰਦਾ ਹੈ ਕਿ ਉਹ ਆਪਣੇ ਚਹੇਤਿਆਂ ਨਾਲ ਢੇਰ ਸਾਰੀਆਂ ਗੱਲਾਂ ਕਰੇ ਅਤੇ ਆਪਣੇ ਦਿਲ ਨੂੰ ਖੋਲ੍ਹਕੇ ਉਨ੍ਹਾਂ ਮੂਹਰੇ ਰੱਖ ਦੇਵੇ। ਕਿਸੇ ਦਾ ਸੁਪਨਾ ਅਮਿਤਾਭ ਬਚਨ ਜਾਂ ਆਮਿਰ ਖ਼ਾਨ ਜਾਂ ਕਿਸੇ ਹੀਰੋਇਨ ਨੂੰ ਮਿਲਣ ਦਾ ਹੁੰਦਾ ਹੈ ਅਤੇ ਕਿਸੇ ਦਾ ਕ੍ਰਿਕਟਰ ਸਚਿਨ ਤੇਂਦੁਲਕਰ ਜਾਂ ਟੈਨਿਸ ਸਟਾਰ ਸਾਨੀਆ ਮਿਰਜ਼ਾ ਨੂੰ ਮਿਲਣ ਦਾ ਹੋ ਸਕਦਾ ਹੈ। ਕੀ ਇਹ ਹਕੀਕਤ ਵਿਚ ਸੱਚ ਹੋ ਸਕਦਾ ਹੈ? ਹਾਂ, ਹੁਣ ਇਹ ਸੱਚ ਹੋਣ ਦੇ ਬਰਾਬਰ ਹੈ। ਤੁਸੀਂ ਆਪਣੇ ਚਹੇਤੇ ਨਾਲ ਸੁਪਨਿਆਂ ਦੀ ਦੁਨੀਆ ਵਿਚ ਢੇਰ ਸਾਰੀਆਂ ਗੱਲਾਂ ਕਰ ਸਕਦੇ ਹੋ। ਡੱਚ ਵਿਗਿਆਨੀ ਫ਼ਰੈਡਰਿਕ ਵਾਨ ਇੰਡਿਨ ਨੇ ਸੁਪਨਿਆਂ ਵਿਚ ਆਪਣੇ ਚਹੇਤਿਆਂ ਨੂੰ ਬੁਲਾਉਣ, ਆਪਣੇ ਹਿਸਾਬ ਨਾਲ ਕਹਾਣੀ ਘੜਨ ਅਤੇ ਸੁਪਨਿਆਂ ਵਿਚ ਸੁਧਾਰ ਲਿਆਉਣ ਵਰਗੇ ਕਈ ਮੁੱਦਿਆਂ 'ਤੇ ਕੰਮ ਕੀਤਾ ਹੈ। ਡੱਚ ਵਿਗਿਆਨੀ ਦੀ ਰੀਪੋਰਟ ਅਨੁਸਾਰ, ਇਹ ਮਿੱਠੇ ਸੁਪਨੇ ਆਮ ਸੁਪਨਿਆਂ ਨਾਲੋਂ ਬਿਲਕੁਲ ਵੱਖਰੇ ਅਤੇ ਵਿਸ਼ੇਸ਼ ਹੁੰਦੇ ਹਨ। ਇਸ ਖੋਜ ਨੂੰ ਅੱਗੇ ਵਧਾਉਂਦਿਆਂ ਹੁਲ ਯੂਨੀਵਰਸਿਟੀ ਦੇ ਵਿਗਿਆਨੀ ਕੈਥ ਹੀਅਰਨ ਨੂੰ ਵੀ ਸਫਲਤਾ ਮਿਲੀ। ਉਨ੍ਹਾਂ ਨੇ ਇਸ ਖੋਜ ਲਈ ਵੱਖ-ਵੱਖ ਉਮਰ ਦੇ ਲੋਕਾਂ ਦੇ ਸੁਪਨਿਆਂ ਦਾ ਅਧਿਐਨ ਕੀਤਾ ਅਤੇ ਇਹ ਦੇਖਿਆ ਕਿ ਕਿਸ ਵਿਅਕਤੀ ਦੇ ਸੁਪਨੇ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਇਸ ਦਾ ਇਕ ਮਹੱਤਵਪੂਰਨ ਉਦਾਹਰਨ ਰੀਟਾ ਨਾਮ ਦੀ ਲੜਕੀ ਦਾ ਹੈ, ਜੋ ਅਪਣੀ ਮਾਂ ਨੂੰ ਇਸ ਹੱਦ ਤਕ ਪਿਆਰ ਕਰਦੀ ਸੀ ਕਿ ਉਹ ਉਸ ਦੇ ਸਰੀਰ ਦੀ ਮਹਿਕ ਤਕ ਨਹੀਂ ਭੁੱਲੀ। ਉਸ ਨੇ ਡਾ. ਹੀਅਰਨ ਨੂੰ ਅਪਣੀ ਮਾਂ ਨੂੰ ਮਿਲਣ ਦੀ ਇੱਛਾ ਪ੍ਰਗਟਾਈ। ਡਾ. ਹੀਅਰਨ ਨੇ ਐਸ.ਡੀ.ਪੀ. (ਸਵੀਟ ਡਰੀਮ ਪ੍ਰੋਸੈਸ) ਰਾਹੀਂ ਰੀਟਾ ਨੂੰ ਉਸ ਦੀ ਮਾਂ ਨਾਲ ਮਿਲਾਇਆ। ਇਸ ਪ੍ਰਣਾਲੀ ਅਨੁਸਾਰ, ਜਿਵੇਂ ਦਾ ਤੁਸੀਂ ਸੁਪਨਾ ਵੇਖਣਾ ਚਾਹੁੰਦੇ ਹੋ ਅਤੇ ਉਸ ਦੇ ਲਈ, ਜਿਸ ਨੂੰ ਤੁਸੀਂ ਬੁਲਾਉਣਾ ਚਾਹੁੰਦੇ ਹੋ, ਪਹਿਲਾਂ ਉਸ ਦਾ ਤਾਣਾ-ਬਾਣਾ ਤਿਆਰ ਕਰ ਲਵੋ, ਫਿਰ ਸੋਚੋ ਕਿ ਕੀ ਹਾਲ ਹੀ ਵਿਚ ਤੁਸੀਂ ਉਸ ਨਾਲ ਮਿਲਦਾ-ਜੁਲਦਾ ਕੋਈ ਸੁਪਨਾ ਵੇਖਿਆ ਹੈ, ਫਿਰ ਉਸ ਨਾਲ ਸੁਪਨਿਆਂ ਦੀ ਲੜੀ ਜੋੜੋ। ਡਾ. ਹੀਅਰਨ ਦਾ ਮੰਨਣਾ ਹੈ ਕਿ ਹਰ ਹਾਲ ਵਿਚ ਤੁਹਾਨੂੰ ਉਸ ਤਰ੍ਹਾਂ ਦਾ ਸੁਪਨਾ ਆ ਜਾਵੇਗਾ, ਜਿਸ ਤਰ੍ਹਾਂ ਦਾ ਤੁਸੀਂ ਵੇਖਣਾ ਚਾਹੁੰਦੇ ਹੋ। ਹੁਲ ਯੂਨੀਵਰਸਿਟੀ ਦੀ ਇਕ ਰਿਪੋਰਟ ਵਿਚ ਸੁਪਨੇ ਵਿਚ ਇਕ ਵਿਅਕਤੀ ਵਲੋਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਮਰਹੂਮ ਅਬਰਾਹਿਮ ਲਿੰਕਨ ਨੂੰ ਬੁਲਾਉਣ ਦਾ ਜ਼ਿਕਰ ਕੀਤਾ ਗਿਆ ਹੈ।





ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
✪ ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

# ਵਿੱਦਿਆ ਦਾ ਕੀ ਅਰਥ ਹੈ?



ਜਗਤਾਰ ਸਹੋਤਾ

ਮੁਸਲਮਾਨਾਂ ਦੇ ਰਾਜ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਵਿੱਦਿਆ ਦਾ ਅਰਥ ਪੜ੍ਹ ਲਿਖ ਕੇ ਚੰਗੀ ਨੌਕਰੀ ਲੱਭਣ ਤੱਕ ਹੀ ਹੈ। ਵਿਦੇਸ਼ੀਆਂ ਨੇ ਅਫਸਰਸ਼ਾਹੀ ਨੂੰ ਨਾਲ ਰੱਖਣ ਲਈ ਭਾਰਤ ਵਿਚ ਮਜ਼ਦੂਰਾਂ ਅਤੇ ਦਫਤਰਾਂ ਵਿਚ ਕੰਮ ਕਰਨ ਵਾਲੇ ਬਾਬੂਆਂ ਦੀਆਂ ਤਨਖਾਹਾਂ ਵਿਚ ਬਹੁੱਤ ਫਰਕ ਰੱਖੀ ਰੱਖਿਆ। ਵਿਕਸਿਤ ਦੇਸ਼ਾਂ ਵਿਚ ਤਨਖਾਹਾਂ ਦਾ ਇਨਾ ਫਰਕ ਨਹੀਂ। ਭਾਰਤ ਵਿਚ ਬਹੁੱਤ ਦੇਰ ਤੱਕ ਵਿੱਦਿਆ ਸਰਕਾਰੀ ਭਾਸ਼ਾ ਨਾਲ ਹੀ ਜੁੜੀ ਰਹੀ ਜੋ ਬਾਹਰਲੇ ਦੇਸ਼ਾਂ ਦੀਆਂ ਜ਼ਬਾਨਾਂ ਸਨ ਜਿਵੇਂ ਫਾਰਸੀ, ਉਰਦੂ ਅਤੇ ਅੰਗਰੇਜ਼ੀ। ਇਹ ਸਰਕਾਰੀ ਜ਼ਬਾਨਾਂ ਆਮ ਇਨਸਾਨ ਦੀ ਸਮਝ ਤੋਂ ਬਾਹਰ ਸਨ। ਅਜੇ ਵੀ ਸਰਕਾਰੀ ਜ਼ਬਾਨ ਅਤੇ ਆਮ ਇਨਸਾਨ ਦੀ ਜ਼ਬਾਨ ਵਿਚ ਬਹੁੱਤ ਫਰਕ ਹੈ। ਇਸ ਕਰਕੇ ਇਕ ਤਾਂ ਪੜ੍ਹੇ ਲਿਖੇ ਇਨਸਾਨਾਂ ਅਤੇ ਅਨਪੜ੍ਹਾਂ ਵਿਚ ਦਰਾੜ ਵੱਧਦਾ ਰਿਹਾ ਅਤੇ ਅਜੇ ਵੀ ਵੱਧਦਾ ਜਾ ਰਿਹਾ ਹੈ, ਦੂਸਰਾ ਵਿੱਦਿਆ ਗਰੀਬ ਦੀ ਪਹੁੰਚ ਤੋਂ ਬਾਹਰ ਹੋਣ ਕਰਕੇ ਉਨ੍ਹਾਂ ਦੀ ਸੋਚ ਦਿਸ਼ਾਹੀਨ ਹੀ ਰਹੀ। ਧਰਮਾਂ ਨੇ ਵੀ ਆਪਣੇ ਧੰਦੇ ਖਾਤਰ ਆਮ ਇਨਸਾਨ ਨੂੰ ਅੰਧ ਵਿਸ਼ਵਾਸ ਦੇ ਚਕਰਾਂ ਵਿਚ ਪਾਈ ਰੱਖਿਆ। ਇਸ ਲਈ ਭਾਰਤ ਵਿਚ ਆਮ ਲੋਕਾਂ ਵਿਚ ਅੰਧ ਵਿਸ਼ਵਾਸ ਦੀ ਭਰਮਾਰ ਹੈ ਅਤੇ ਵਿੱਦਿਆ ਦਾ ਅਰਥ ਚੰਗੀ ਨੌਕਰੀ ਹੀ ਹੈ।

ਭਾਰਤ ਵਿਚ ਅੰਗਰੇਜ਼ਾਂ ਤੋਂ ਪਹਿਲਾਂ ਵਿੱਦਿਆ ਧਰਮਾਂ ਦੀ ਪੜ੍ਹਾਈ ਨਾਲ ਜੁੜੀ ਰਹੀ। ਅੰਗਰੇਜ਼ਾਂ ਨੇ ਭਾਰਤ ਵਿਚ ਅੰਗਰੇਜ਼ੀ ਤਾਂ ਸ਼ੁਰੂ ਕੀਤੀ ਪਰ ਸਿਰਫ ਕਲੱਰਕ ਬਣਾਉਣ ਲਈ ਜਾਣੀ ਤਰਕ ਤੋਂ ਸਿਖਣੀ। ਦੁੱਖ ਦੀ ਗੱਲ ਹੈ ਕਿ ਅੱਜ ਭਾਰਤ ਵਿਚ ਉਸ ਕਲੈਰਲੀਕਲ ਵਿੱਦਿਆ ਦਾ ਵੀ ਸਰਕਾਰਾਂ ਨੇ ਮਿਆਰ ਗਿਰਾ ਦਿਤਾ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਅਜ਼ਾਦੀ ਤੋਂ ਬਾਅਦ ਵਿੱਦਿਆ ਦਾ ਮਿਆਰ ਉੱਚਾ ਚੁੱਕਿਆ ਜਾਂਦਾ ਹੈ। ਮੈਨੂੰ ਯਾਦ ਹੈ 1961 ਵਿਚ ਮੈਂ ਮੈਟ੍ਰਿਕ ਪਾਸ ਕੀਤੀ ਸੀ ਅਤੇ ਦਸਵੀ ਵਿਚ ਸਾਨੂੰ ਅੰਗਰੇਜ਼ੀ ਦੀ ਕਿਤਾਬ 'Frontiers of Knowledge' ਲੱਗੀ ਹੁੰਦੀ ਸੀ, ਜਿਸ ਵਿਚ ਸੱਚਮੁੱਚ ਗਿਆਨ ਮਿਲਦਾ ਸੀ। ਉਸ ਵਿਚ ਇਹੋ ਜਿਹੇ ਵੀ ਸਵਾਲ ਉਠਾਏ ਗਏ ਸਨ ਜਿਵੇਂ ਪੈਸਾ ਕੀ ਹੈ? ਦੋਸਤ ਕੌਣ ਹੁੰਦਾ ਹੈ? ਵਗੈਰਾ ਵਗੈਰਾ। ਸਾਡੇ ਤੋਂ ਜਲਦੀ ਬਾਅਦ ਇਹ ਕਿਤਾਬ ਇਹ ਕਹਿਕੇ ਹਟਾ ਦਿਤੀ ਗਈ ਕਿ ਇਹ ਪੜ੍ਹਣੀ ਜਰ੍ਹਾ ਔਖੀ ਹੈ।

ਵਿੱਦਿਆ ਦਾ ਅਰਥ ਵਿਦਿਆਰਥੀ ਨੂੰ ਲਿਖਾਈ ਪੜ੍ਹਾਈ ਤੋਂ ਇਲਾਵਾ ਸੱਭਿਆਵਾਨ ਬਣਾਉਣਾ ਵੀ ਹੈ। ਭਾਰਤ ਵਿਚ ਅਜੇ ਵੀ ਵਿੱਦਿਆ ਨਿਰੋਲ (pure) ਮਜ਼ਮੂਨ ਹੈ ਜਾਣੀ ਸੱਭਿਆਵਾਨ ਬਣਾਉਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਇਸ ਲਈ ਭਾਰਤ ਦਾ ਪੜ੍ਹਿਆ ਲਿਖਿਆ ਇਨਸਾਨ ਆਪਣੇ ਮਜ਼ਮੂਨ ਵਿਚ ਮਾਹਰ ਤਾਂ ਹੋ ਸਕਦਾ ਹੈ ਪਰ ਉਹ ਜ਼ਿੰਦਗੀ ਦੀ ਪੜ੍ਹਾਈ ਵਿਚ ਸਿਫਰ ਹੀ ਹੋਵੇਗਾ। ਮੈਂ ਪੜ੍ਹਾਈ ਵਿਚ ਹੁਸ਼ਿਆਰ ਹੁੰਦਾ ਸੀ ਅਤੇ ਮੈਟ੍ਰਿਕ ਵਿਚ ਮੈਨੂੰ ਵਜ਼ੀਫਾ ਲੱਗਾ ਸੀ। ਇਸ ਲਈ ਮੈਨੂੰ ਹੈਡ ਮਾਸਟਰ ਨੇ ਖਾਲਸਾ ਕਾਲਜ ਅਮ੍ਰਿਤਸਰ ਵਿਚ ਦਾਖਲ ਕਰਾ ਦਿੱਤਾ। ਖਾਲਸਾ ਕਾਲਜ ਸ਼ਹਿਰ ਤੋਂ ਦੂਰ ਹੋਣ ਕਰਕੇ ਮੈਂ ਕਿਰਾਏ ਤੇ ਸਾਇਕਲ ਲੈ ਕੇ ਸ਼ਹਿਰ ਵਿਚ ਕਿਤਾਬਾਂ ਲੈਣ ਜਾਇਆ ਕਰਦਾ ਸੀ। ਇਕ ਦਿਨ ਮੈਂ ਸਾਇਕਲ ਚਲਾ ਕੇ ਕਿਤਾਬ ਲੈਣ ਜਾ ਰਿਹਾ ਸੀ, ਰਸਤੇ ਵਿਚ ਮੈਨੂੰ ਪੁਲੀਸ ਵਾਲੇ ਨੇ ਖੜ੍ਹਾ ਕਰ ਲਿਆ ਅਤੇ ਕਹਿਣ ਲੱਗਾ ਕਿ ਤੇਰਾ ਚਲਾਣ ਕਰਨਾ ਹੈ। ਮੈਂ ਪੁੱਛਿਆ ਕਿਉਂ? ਉਸ ਨੇ ਕਿਹਾ ਕਿ ਮੈਂ ਵਅਨਵੇਅ ਰਾਹੀਂ ਆਇਆ ਹਾਂ। ਮੈਨੂੰ ਉਸ ਦੀ ਗੱਲ ਸਮਝ ਨਹੀਂ ਲੱਗੀ। ਬਾਅਦ ਵਿਚ ਪਤਾ ਲੱਗਾ ਕਿ ਇਸ ਦਾ ਅਰਥ ਸੀ ਕਿ ਉਹ ਰਾਹ ਜਿਥੇ ਟਰੈਫਿਕ ਇਕ ਪਾਸੇ ਵੱਲ ਨੂੰ ਹੀ ਚਲਦੀ ਹੈ ਅਤੇ ਤੁਸੀਂ ਦੂਸਰੇ ਪਾਸੇ ਵੱਲ ਨੂੰ ਨਹੀਂ ਚਲਾ ਸਕਦੇ। ਹੁਣ ਯੂਰਪ ਵਿਚ ਜਦ ਅਧਿਆਪਕਾਂ ਨੂੰ ਸਕੂਲ ਦੇ ਬੱਚਿਆ ਨੂੰ ਰਸਤਾ ਪਾਰ ਕਰਨਾ ਸਿਖਾਉਂਦੇ ਦੇਖਦਾ ਹਾਂ, ਤੱਦ ਮੈਨੂੰ ਯਾਦ ਆਉਂਦਾ ਹੈ ਕਿ ਮੈਨੂੰ ਤਾਂ ਵਅਨਵੇਅ ਦਾ ਵੀ ਕਿਸੇ ਨੇ ਸਹੀ ਅਰਥ ਨਹੀਂ ਦੱਸਿਆ ਸੀ। ਇਹ ਛੋਟੀਆਂ ਛੋਟੀਆਂ ਗੱਲਾਂ ਬੱਚਿਆਂ ਦੀ ਸ਼ਖਸੀਅਤ ਦੇ ਵਿਕਾਸ ਦਾ ਹਿੱਸਾ ਹਨ। ਮੈਂ ਪੜ੍ਹਾਈ ਦੇ ਮਜ਼ਮੂਨਾ ਵਿਚ ਤਾਂ ਪਾਸ ਸੀ ਪਰ ਸੜਕ ਤੇ ਸਾਇਕਲ ਚਲਾਉਣ ਦੇ ਨਿਯਮਾਂ ਵਿਚ ਫੇਲ੍ਹ ਸੀ।

ਵਿੱਦਿਆ ਦਾ ਅਰਥ ਵਿੱਦਿਆਰਥੀਆਂ ਵਿਚ ਅਜ਼ਾਦ ਅਤੇ ਤਰਕ ਦੀ ਸੋਚ ਨੂੰ ਪੈਦਾ ਕਰਨਾ ਹੈ ਤਾਂ ਕਿ ਉਹ ਜ਼ਿੰਦਗੀ ਵਿਚ ਆਪਣੇ ਪੈਰਾਂ ਤੇ ਖੜੇ ਹੋ ਸਕਣ। ਪਰ ਭਾਰਤ ਵਿਚ ਲਾਈਲੱਗਤਾ ਅਤੇ ਅੰਧ ਵਿਸ਼ਵਾਸ ਪੜ੍ਹਾਈ ਦਾ ਹਿੱਸਾ ਹੈ। ਇਸੇ ਲਈ ਪੜ੍ਹੇ ਲਿਖੇ ਲੋਕ ਵੀ ਲਾਈਲੱਗ ਅਤੇ ਅੰਧ ਵਿਸ਼ਵਾਸੀ ਹਨ। ਇਸ ਤੋਂ ਵੱਧ ਅੰਧ ਵਿਸ਼ਵਾਸ ਦੀ ਹੱਦ ਕੀ ਹੋ ਸਕਦੀ ਹੈ? ਜਿਥੇ ਭਾਰਤ ਦਾ ਪ੍ਰਧਾਨ ਮੰਤਰੀ 'ਮੋਦੀ' ਕਹਿੰਦਾ ਹੈ ਕਿ ਗਣੇਸ਼ ਦੀ ਕਹਾਣੀ ਮਿਥਿਹਾਸ ਨਹੀਂ ਬਲਕਿ ਪੁਰਾਤਨ ਯੁੱਗ ਵਿਚ ਭਾਰਤ ਵਿਚ ਪਲਾਸਟਿਕ ਸਰਜਰੀ ਲਾ ਤਰੱਕੀ ਕਰ ਚੁੱਕੀ ਸੀ ਕਿ ਹਾਥੀ ਦਾ ਸਿਰ ਇਕ ਬੱਚੇ ਦੀ ਧੋਣ ਤੇ ਲਾ ਦਿਤਾ। ਹਾਲਾਂਕਿ ਪਲਾਸਟਿਕ ਸਰਜਰੀ ਅੱਜ ਤੱਕ ਵੀ ਇੰਨੀ ਤਰੱਕੀ ਨਹੀਂ ਕਰ ਸਕੀ। ਯੂਰਪ ਵਿਚ ਇਕ ਸਕੂਲ ਦਾ ਬੱਚਾ ਵੀ ਜਾਣਦਾ ਹੈ ਕਿ ਗਣੇਸ਼, ਯੂਨਾਨ ਦਾ ਸਿਨਟੋਰ (ਘੋੜੇ ਤੇ ਆਦਮੀ ਦਾ ਸਿਰ ਲੱਗਾ ਹੋਇਆ) ਅਤੇ ਮਿਸ਼ਰ ਦੇ ਕਿੰਨੇ ਦੇਵੀ ਦੇਵਤੇ, ਜੋ ਅੱਧੇ ਆਦਮੀ ਅਤੇ ਅੱਧੇ ਜਾਨਵਰ ਹਨ, ਸਭ ਮਿਥਿਹਾਸ ਦੀਆਂ ਗੱਲਾਂ ਹਨ।

ਵਿੱਦਿਆ ਦਾ ਕੰਮ ਇਨਸਾਨ ਨੂੰ ਚੰਗਾ ਬਣਾਉਣਾ ਹੈ। ਚੰਗਾ ਉਹ ਇਨਸਾਨ ਹੈ ਜੋ ਚੰਗਾ ਕੰਮ ਕਿਸੇ ਇਨਾਮ ਜਾਂ ਫਲ ਤੋਂ ਬਿਨਾਂ ਕਰਦਾ ਹੈ। ਸੂਫੀ ਮੱਤ ਦੀ ਪਹਿਲੀ ਔਰਤ ਨੇ ਇਕ ਚੰਗੇ ਇਨਸਾਨ ਦੀ ਵਿਆਖਿਆ ਬਹੁੱਤ ਚੰਗੀ ਤਰ੍ਹਾਂ ਕੀਤੀ ਹੈ। ਲੋਕਾਂ ਨੇ ਦੇਖਿਆ ਕਿ ਬਸਰਾ ਵਿਚ ਰਾਬੀਆ ਬਸਰੀ ਇਕ ਹੱਥ ਵਿਚ ਜਲਦੇ ਕੋਲਿਆਂ ਵਾਲਾ ਭਾਂਡਾ ਅਤੇ ਦੂਸਰੇ ਹੱਥ ਵਿਚ ਪਾਣੀ ਦੀ ਬਾਲਟੀ ਫੜੀ ਗਲੀਆਂ ਵਿਚ ਘੁੰਮਦੀ ਫਿਰਦੀ ਹੈ। ਪੁੱਛਣ ਤੇ ਉਸ ਨੇ ਦੱਸਿਆ ਕਿ "ਮੈਂ ਨਰਕ ਦੀ ਅੱਗ ਅਤੇ ਸਵਰਗ ਦੇ ਇਨਾਮਾਂ (ਪਾਣੀ) ਨੂੰ ਖਤਮ ਕਰ ਦੇਣਾ ਚਾਹੁੰਦੀ ਹਾਂ"। ਤਾਂ ਕਿ ਲੋਕੀ ਨਰਕ ਦੇ ਡਰ ਅਤੇ ਸਵਰਗ ਦੇ ਲਾਲਚ ਤੋਂ ਬਗੈਰ ਚੰਗੇ ਕੰਮ ਕਰਨ। ਸਹੀ ਇਨਸਾਨ ਉਹੀ ਹੈ ਜੋ ਚੰਗਾ ਕੰਮ ਆਪਣੀ ਮਨ ਦੀ ਤਸੱਲੀ ਲਈ ਕਰਦਾ ਹੈ। ਐਲਬਰਟ ਆਈਨਸਟਾਈਨ ਨੇ ਇਸੇ ਗੱਲ ਨੂੰ ਕੁੱਝ ਇਸ ਤਰ੍ਹਾਂ ਕਿਹਾ ਹੈ ਕਿ "ਸਫ਼ਲ ਇਨਸਾਨ ਬਣਨ ਦੀ ਕੋਸ਼ਿਸ਼ ਕਰਨ ਦੀ ਥਾਂ ਚੰਗੇ ਸਿਧਾਂਤਾ ਵਾਲੇ ਇਨਸਾਨ ਬਣਨ ਦੀ ਕੋਸ਼ਿਸ਼ ਕਰੋ"।

ਵਿੱਦਿਆ ਦਾ ਅਰਥ ਸਿਰਫ ਕਿਤਾਬਾਂ ਤੋਂ ਸਿਖਣਾ ਹੀ ਨਹੀਂ ਸਗੋਂ ਇਕ ਦੂਸਰੇ ਤੋਂ ਵੀ ਸਿਖਣ ਦੀ ਲੋੜ ਹੈ। ਇਸ ਲਈ ਸਾਨੂੰ ਇਕ ਦੂਸਰੇ ਨਾਲ ਮੱਤ-ਭੇਦ ਰੱਖਣ ਵਿਚ ਵੀ ਸਹਿਮਤ ਹੋਣਾ ਪਵੇਗਾ। ਇਨਸਾਨ ਇਕ ਦੂਸਰੇ ਤੋਂ ਸਿੱਖ ਕੇ ਹੀ ਅੱਗੇ ਵੱਧਿਆ ਹੈ। ਸਾਨੂੰ ਸਿਰਫ ਗਿਆਨ ਦਾ ਹੀ ਲਾਲਚ ਹੋਣਾ ਚਾਹੀਦਾ ਹੈ। ਖਾਲਸਾ ਕਾਲਜ ਦਾ ਪ੍ਰੋਫੈਸਰ ਕਰਤਾਰ ਸਿੰਘ ਕਹਿੰਦਾ ਹੁੰਦਾ ਸੀ ਕਿ "ਗਿਆਨ ਬਹੁਤ ਹੀ ਵੱਡੀ ਸ਼ਕਤੀ ਹੈ"। ਉਹ ਕਹਿੰਦਾ ਸੀ ਗਿਆਨ ਜ਼ਿੰਦਗੀ ਦੇ ਹਰ ਪੜ੍ਹਾ ਵਿਚ ਮੱਦਦ ਕਰਦਾ ਹੈ। ਜੇਕਰ ਤੁਹਾਨੂੰ ਜ਼ਿੰਦਗੀ ਵਿਚ ਮੰਗਣਾ ਵੀ ਪੈ ਜਾਵੇ, ਉਹ ਵੀ ਤੁਸੀਂ ਸੁਚੱਜੇ ਢੰਗ ਨਾਲ ਮੰਗੋਗੇ। ਵਿੱਦਿਆ ਸਾਨੂੰ ਦੁੱਖਾਂ ਨਾਲ ਜੂਝਣਾ ਵੀ ਸਿਖਾਉਂਦੀ ਹੈ। ਇਸ ਲਈ ਭਾਰਤ ਨੇ ਜੇ ਦੁਨੀਆਂ ਵਿਚ ਅੱਗੇ ਵੱਧਣਾ ਹੈ, ਤੱਦ ਉਨ੍ਹਾਂ ਨੂੰ ਆਪਣੇ ਵਿੱਦਿਅਕ ਢਾਂਚੇ ਨੂੰ ਬਦਲਣਾ ਪਵੇਗਾ ਜੋ ਵਿੱਦਿਆਰਥੀਆਂ ਨੂੰ ਗਿਆਨਵਾਨ, ਸੂਝਵਾਨ ਅਤੇ ਸਭਿਆਵਾਨ ਬਣਾ ਸਕੇ। ਲੋਕਾਂ ਨੂੰ ਵਧੀਆ ਵਿੱਦਿਅਕ ਢਾਂਚੇ ਦੀ ਮੰਗ ਆਪ ਕਰਨੀ ਪਵੇਗੀ, ਭਾਰਤੀ ਰਾਜ ਕਰਦੀਆਂ ਪਾਰਟੀਆਂ ਤੋਂ ਇਹ ਆਸ ਰੱਖਣੀ ਨਹੀਂ ਚਾਹੀਦੀ ਕਿਉਂਕਿ ਇਹ ਉਨ੍ਹਾਂ ਦੇ ਕਾਰੋਬਾਰ ਲਈ ਖਤਰੇ ਦੀ ਘੰਟੀ ਹੋਵੇਗੀ।

# ਆਖਿਰ ਕਦ ਤੱਕ..........?

ਦੁਨੀਆਂ ਵਿੱਚ ਤਿੰਨ ਤਰ੍ਹਾਂ ਦੇ ਲੋਕ ਵਸਦੇ ਹਨ। ਪਹਿਲੇ ਨੰਬਰ ਉੱਤੇ ਉਹ ਲੋਕ ਆਉਂਦੇ ਹਨ ਜੋ ਖੂਨ ਪਸੀਨਾ ਇੱਕ ਕਰਦੇ ਹੋਏ ਪੂਰੀ ਮਿਹਨਤ ਨਾਲ ਆਪਣੀ ਰੋਜ਼ੀ ਰੋਟੀ ਕਮਾਉਂਦੇ ਹਨ। ਸਾਰੀ ਉਮਰ ਮਿਹਨਤ ਦੀ ਰੋਟੀ ਕਮਾਉਂਦੇ ਹੋਣ ਤੇ ਵੀ ਇਹਨਾਂ ਦਾ ਜੀਵਨ -ਪੱਧਰ ਹੇਠਲੀ ਕਿਸਮ ਦਾ ਹੀ ਰਹਿੰਦਾ ਹੈ। ਸਿੱਧੇ ਅਰਥਾਂ ਵਿੱਚ ਇਹ ਆਪਣਾ ਸਰੀਰ ਵੇਚਦੇ ਹਨ ਤੇ ਥੋੜ੍ਹੀ ਜਿਹੀ ਮਜ਼ਦੂਰੀ ਨਾਲ ਆਪਣਾ ਅਤੇ ਆਪਣੇ ਪਰਿਵਾਰ ਦਾ ਪੇਟ ਪਾਲ਼ਦੇ ਹਨ।

ਦੂਜੀ ਸ਼੍ਰੇਣੀ ਵਿੱਚ ਉਹ ਲੋਕ ਆਉਂਦੇ ਹਨ ਜੋ ਆਪਣਾ ਸਰੀਰ ਵੇਚਣ ਦੀ ਥਾਂ ਆਪਣਾ ਦਿਮਾਗ ਵੇਚਦੇ ਹਨ। ਭਾਵ ਇਹ ਲੋਕ ਸਿੱਧੀ ਸ਼ਰੀਰਕ ਮਿਹਨਤ ਨਹੀਂ ਕਰਦੇ, ਸਗੋਂ ਦਿਮਾਗੀ ਮਿਹਨਤ ਕਰਦੇ ਹਨ। ਦਿਮਾਗੀ ਮਿਹਨਤ ਕਰਨ ਵਾਲਿਆ ਦਾ ਮੁੱਲ ਸ਼ਰੀਰਕ ਮਿਹਨਤ ਕਰਨ ਵਾਲਿਆਂ ਨਾਲੋਂ ਵੱਧ ਪੈਂਦਾ ਹੈ ਅਤੇ ਇਸ ਵਰਗ ਦਾ ਜੀਵਨ-ਪੱਧਰ ਵੀ ਉਹਨਾਂ ਤੋਂ ਉੱਚਾ ਹੁੰਦਾ ਹੈ।

ਤੀਜੀ ਧਿਰ ਉਹਨਾਂ ਲੋਕਾਂ ਦੀ ਹੈ ਜੋ ਨਾ ਤਾਂ ਕੋਈ ਸਰੀਰਕ ਮਿਹਨਤ ਕਰਦੇ ਹਨ ਅਤੇ ਨਾ ਹੀ ਦਿਮਾਗੀ ਮਿਹਨਤ ਨਾਲ ਉਹ ਕੋਈ ਉਤਪਾਦਨ ਵਾਲਾ ਕੰਮ ਕਰਦੇ ਹਨ। ਇਹ ਬਿਲਕੁਲ ਵਿਹਲੜ ਕਿਸਮ ਦਾ ਵਰਗ ਹੁੰਦਾ ਹੈ। ਜਿਸਦਾ ਮੁੱਖ ਕੰਮ ਉੱਪਰਲੇ ਦੋਨਾਂ ਤਰ੍ਹਾਂ ਦੇ ਲੋਕਾਂ ਨੂੰ ਲੁੱਟਣਾ ਹੁੰਦਾ ਹੈ। ਇਸ ਵਰਗ ਵਿੱਚਲੇ ਸਾਰੇ ਹੀ ਲੋਕ ਹੱਦ ਦਰਜੇ ਦੇ ਨੀਚ, ਕਮੀਨੇ, ਬੇਈਮਾਨ, ਝੂਠ ਬੋਲਣ ਦੇ ਮਾਹਿਰ ਅਤੇ ਸਾਜਿਸ਼ਾਂ ਰਚਣ ਵਾਲੇ ਹੁੰਦੇ ਹਨ। ਝੂਠੀਆਂ ਅਫਵਾਹਾਂ ਫੈਲਾਉਣੀਆਂ, ਧਰਮ ਦੇ ਨਾਮ ਉੱਤੇ ਚੜ੍ਹਾਵਾ ਲੈਣ ਦਾ ਧੰਦਾ ਚਲਾਉਣਾ ਇਹਨਾਂ ਦਾ ਮੁੱਖ ਕੰਮ ਹੁੰਦਾ ਹੈ। ਲੋਕਾਂ ਨੂੰ ਝੂਠ ਅਤੇ ਪਾਖੰਡ ਦੇ ਜਾਲ਼ ਵਿੱਚ ਫਸਾ ਕੇ ਲੁੱਟਣਾ ਇਹਨਾਂ ਦਾ ਧੰਦਾ ਬਣ ਜਾਂਦਾ ਹੈ। ਹਰ ਪ੍ਰਕਾਰ ਦੇ ਵਹਿਮਾਂ-ਭਰਮਾਂ ਅਤੇ ਅੰਧ-ਵਿਸਵਾਸ਼ਾਂ ਦਾ ਪ੍ਰਚਾਰ ਕਰਦੇ ਰਹਿਣ ਨਾਲ ਇਹਨਾਂ ਦਾ ਧੰਦਾ ਪੀੜ੍ਹੀ ਦਰ ਪੀੜ੍ਹੀ ਚੱਲਦਾ ਆਇਆ ਹੈ। ਧਰਮ ਦੀ ਖੋਜ਼ ਅਸਲ ਵਿੱਚ ਇਹਨਾਂ ਵਿਹਲੜ ਅਤੇ ਮੱਕਾਰ ਲੋਕਾਂ ਦੁਆਰਾ ਹੀ ਕੀਤੀ ਗਈ ਸੀ।

ਆਦਿ ਸਮਾਜ ਵਿੱਚ ਜਦੋਂ ਅੱਗ ਦੀ ਖੋਜ਼ ਹੋਈ ਤਾਂ ਇਹ ਅੱਗ ਇੱਕ ਵਰਦਾਨ ਸਾਬਿਤ ਹੋਈ।ਅੱਗ ਦੀ ਖੋਜ਼ ਨੇ ਮਨੁੱਖੀ ਜੀਵਨ ਨੂੰ ਬੜਾ ਸਰਲ ਅਤੇ ਸੁੱਰਖਿਅਤ ਬਣਾ ਦਿੱਤਾ। ਸਰਲ ਇਸ ਲਈ ਕਿ ਮਨੁੱਖ ਦਾ ਸਾਰਾ ਭੋਜਨ ਹੁਣ ਕੱਚੇ ਦੀ ਥਾਂ ਪਕਾਇਆ ਜਾਣ ਲੱਗਾ ਜੋ ਖਾਣ ਵਿੱਚ ਪੌਸ਼ਟਿਕ ਅਤੇ ਜਲਦੀ ਹਜ਼ਮ ਹੋਣ ਲੱਗਾ। ਅੱਗ ਦੀ ਖੋਜ਼ ਨਾਲ ਮਨੁੱਖ ਦੀ ਸੁੱਰਖਿਆ ਇਸ ਲਈ ਵਧੀ ਕਿਉਂਕਿ ਅੱਗ ਕੋਲੋਂ ਸਾਰੇ ਹੀ ਜੰਗਲੀ ਤੇ ਭਿਆਨਕ ਜਾਨਵਰ ਡਰਦੇ ਸਨ।ਅੱਗ ਨੇ ਆਦਿ ਮਨੁੱਖ ਨੂੰ ਸੱਚਮੁੱਚ ਇੰਨਾਂ ਸ਼ਕਤੀਸਾਲੀ ਬਣਾ ਦਿੱਤਾ ਕਿ ਮਨੁੱਖ ਲਈ ਹਰ ਵੇਲੇ ਅੱਗ ਨੂੰ ਜਲ਼ਾ ਕੇ ਰੱਖਣਾ ਇੱਕ ਕਿੱਤਾ ਹੀ ਬਣ ਗਿਆ। ਇਸ ਅੱਗ ਨੂੰ ਜਲਦੀ ਰੱਖਣ ਲਈ ਕੁੱਝ ਵਿਅਕਤੀਆਂ ਦੀ ਡਿਊਟੀ ਲਾਈ ਗਈ।

ਕਬੀਲੇ ਦੇ ਨੌਜੁਵਾਨ ਮਰਦ-ਔਰਤਾਂ ਸਵੇਰੇ ਹੀ ਸ਼ਿਕਾਰ ਕਰਨ ਜਾਂ ਹੋਰਨਾਂ ਕੰਮਾਂ ਤੇ ਤੁਰ ਜਾਂਦੇ ਪਰ ਕਬੀਲੇ ਵਿਚਲੇ ਬੀਮਾਰ, ਬੁੱਢੇ ਅਤੇ ਬੱਚਿਆਂ ਨੂੰ ਉਹ ਅੱਗ ਕੋਲ ਸੁਰੱਖਿਆ ਲਈ ਛੱਡ ਜਾਂਦੇ। ਅੱਗ ਜਲਾ ਕੇ ਰੱਖਣ ਵਾਲੇ ਲੋਕ ਹੌਲੀ-ਹੌਲੀ ਵਿਹਲੇ ਹੋਣ ਕਾਰਨ ਨਾਚ-ਗਾਣੇ ਰਾਹੀਂ ਆਪਣਾ ਮਨੋਰੰਜਨ ਕਰਦੇ। ਵਿਹਲਾ ਮਨ ਸ਼ੈਤਾਨ ਦੀ ਟਕਸਾਲ ਹੁੰਦਾ ਹੈ। ਉਹਨਾਂ ਨੇ ਅਨੇਕਾਂ ਮਨਘੜਤ ਕਹਾਣੀਆਂ ਕਬੀਲੇ ਦੇ ਲੋਕਾਂ ਨੂੰ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਕਬੀਲੇ ਦੇ ਸਧਾਰਨ ਲੋਕਾਂ ਨੂੰ ਇਹਨਾਂ ਦੀਆਂ ਇਹਨਾਂ ਕਹਾਣੀਆਂ ਵਿੱਚੋਂ ਆਨੰਦ ਮਿਲਦਾ। ਅਗਲੇ ਦਿਨ ਹੋਰ ਕਲਪਣਾ ਕਰਦੇ ਇਹ ਅੱਗ ਦੇ ਰਖਵਾਲੇ ਵਰਗ ਨੇ ਆਪਣਾ ਸਾਰਾ ਧਿਆਨ ਹੀ ਅਜਿਹੀਆਂ ਮਨਘੜਤ ਗੱਲਾਂ ਵੱਲ ਲਾ ਕੇ ਆਪਣਾ ਪ੍ਰਭਾਵ ਜਮਾਉਣਾ ਸ਼ੁਰੂ ਕਰ ਦਿੱਤਾ। ਆਦਿ-ਮਨੁੱਖ ਲਈ ਕੁਦਰਤ ਦੀ ਹਰ ਉਹ ਚੀਜ਼ ਦੇਵਤਾ (ਦੈਵੀ ਗੁਣਾਂ ਵਾਲਾ) ਬਣਗਈ ਜਿਸਨੇ ਉਸਦੇ ਜੀਵਨ ਨੂੰ ਸਰਲ ਬਣਾਉਣ ਵਿੱਚ ਯੋਗਦਾਨ ਦਿੱਤਾ। ਅੱਗ, ਪਾਣੀ, ਧਰਤੀ, ਆਕਾਸ਼, ਸੂਰਜ, ਚੰਦ ਆਦਿ ਸਭ ਕੁਦਰਤੀ ਚੀਜਾਂ ਉਸ ਲਈ ਦੇਵੀ-ਦੇਵਤਿਆਂ ਦਾ ਰੂਪ ਧਾਰ ਗਏ। ਅੱਗ ਦੇ ਰਖਵਾਲੇ ਹੀ ਹੌਲੀ-ਹੌਲੀ ਪੁਜ਼ਾਰੀ, ਪੰਡੇ, ਪੁਰੋਹਿਤ ਬਣਦੇ ਗਏ। ਧਰਮ ਦੇ ਨਾਲ ਜੁੜੇ ਸਾਰੇ ਕਰਮਕਾਂਡ, ਧਾਰਮਿਕ ਪਰੰਪਰਾਵਾਂ ਜਾਂ ਰੀਤੀ-ਰਿਵਾਜਾਂ ਦਾ ਦੌਰ ਇੱਥੋਂ ਹੀ ਸ਼ੁਰੂ ਹੋਇਆ।

ਆਦਿ-ਮਨੁੱਖ ਲੰਬੇ ਸਮੇਂ ਤੱਕ ਸ਼ਿਕਾਰੀ ਹੀ ਰਿਹਾ। ਜਦੋਂ ਕੋਈ ਵੱਡਾ ਜਾਂ ਵਧੀਆਂ ਸ਼ਿਕਾਰ ਕਬੀਲੇ ਨੂੰ ਮਿਲਦਾ ਤਾਂ ਪੂਰੇ ਕਬੀਲੇ ਦੇ ਲੋਕ ਅੱਗ ਦੁਆਲੇ ਇੱਕਠੇ ਹੋ ਕੇ ਉਸਦਾ ਮਾਸ ਪਕਾਉਂਦੇ , ਨਾਚ-ਗਾਣਾ ਕਰਦੇ। ਪੁਜਾਰੀ ਵਰਗ ਨੇ ਇਸ ਵਿੱਚੋਂ ਦੇਵਤਿਆਂ ਨੂੰ ਖੁਆਉਣ ਦੇ ਬਹਾਨੇ ਆਪਣਾ ਚੋਣਵਾਂ ਹਿੱਸਾ ਸਭ ਤੋਂ ਪਹਿਲਾਂ ਲੈਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਹਰ ਚੀਜ ਵਿੱਚੋਂ ਅਗਨੀ ਦੇਵਤਾ ਦੇ ਨਜ਼ਦੀਕ ਰਹਿਣ ਵਾਲੇ ਲੋਕਾਂ ਨੂੰ ਸਭ ਤੋਂ ਪਹਿਲਾਂ ਭੇਟਾ ਦਿੱਤੀ ਜਾਂਦੀ। ਦੇਵਤੇ ਨੂੰ ਦੇਣ ਦੇ ਬਹਾਨੇ ਇਹਨਾ ਲੋਕਾਂ ਨੂੰ ਮੁਫ਼ਤ ਵਿੱਚ ਹੀ, ਬਿਨਾਂ ਕਿਸੇ ਮਿਹਨਤ ਦੇ ਚੰਗ-ਚੰਗੇਰਾ ਖਾਣ ਨੂੰ ਮਿਲਣ ਲੱਗਾ। ਅੱਗ ਦੇ ਨੇੜੇ ਰਹਿਣ ਵਾਲੇ ਇਸ ਵਰਗ ਨੇ ਦੇਵਤਿਆਂ ਨੂੰ ਖੁਸ਼ ਕਰਨ ਦੇ ਬਹਾਨੇ ਨਾਚ-ਗਾਣਾ, ਬਲੀ ਦੇਣਾ ਆਦਿ ਦਾ ਰਿਵਾਜ਼ ਹੀ ਤੋਰ ਲਿਆ, ਜੋ ਪਹਿਲਾਂ ਪਸ਼ੂ ਬਲੀ ਤੱਕ ਸੀਮਿਤ ਸੀ। ਜਦੋਂ ਤੋਂ ਮਨੁੱਖ ਨੇ ਅਨਾਜ ਪੈਦਾ ਕਰਨਾ ਸ਼ੁਰੂ ਕੀਤਾ ਤਾਂ ਅੱਗ ਵਿੱਚ ਇਸ ਅਨਾਜ ਦੀ ਵੀ ਬਲੀ ਦਿੱਤੀ ਜਾਣ ਲੱਗ ਪਈ। ਭਾਵ ਹਵਨ-ਯੱਗ ਦੀ ਪਰੰਪਰਾ ਚੱਲ ਪਈ। ਜਦੋਂ ਇਹ ਪੁਜਾਰੀ ਵਰਗ ਸ਼ਕਤੀਸ਼ਾਲੀ ਹੋ ਗਿਆ ਤਾਂ ਇਹਨਾਂ ਨੇ ਕਬੀਲੇ ਵਿਚਲੇ ਆਪਣੇ ਦੁਸ਼ਮਣ ਵਿਅਕਤੀਆਂ ਦੀਆਂ ਬਲੀਆਂ ਦੇ ਕੇ ਨਰ-ਬਲੀ ਦਾ ਰਿਵਾਜ ਵੀ ਤੋਰ ਦਿੱਤਾ ਜੋ ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਕਿਤੇ ਨਾ ਕਿਤੇ ਦੇਖਣ ਨੂੰ ਮਿਲਦਾ ਹੈ।

ਹੌਲੀ-ਹੌਲੀ ਇਸ ਵਿਹਲੜ-ਵਰਗ ਦੀ ਸ਼ਕਤੀ ਵਧਦੀ ਗਈ ਅਤੇ ਇਹ ਧੰਦਾ ਪੈਤ੍ਰਿਕ ਹੀ ਬਣਦਾ ਗਿਆ। ਇਹਨਾਂ ਦਾ ਪੂਰਾ ਪਰਿਵਾਰ ਹੀ ਹੁਣ ਉੱਤਮ ਬਣ ਗਿਆ। ਉਹਨਾਂ ਨੇ ਮਿਹਨਤ ਦਾ ਧੰਦਾ ਕਰਨ ਦੀ ਥਾਂ ਇਸੇ ਧੰਦੇ ਨੂੰ ਪ੍ਰਫੁੱਲਤ ਕਰਨ ਦੇ ਢੰਗ ਤਰੀਕੇ ਲੱਭਣੇ ਸ਼ੁਰੂ ਕੀਤੇ। ਪੀੜ੍ਹੀ ਦਰ ਪੀੜ੍ਹੀ ਇਹਨਾਂ ਲੋਕਾਂ ਦਾ ਗਿਆਨ ਵੀ ਵਧਦਾ ਗਿਆ। ਸਧਾਰਨ ਲੋਕ ਕੰਮ ਕਰਨ ਜੋਗੇ ਹੀ ਰਹਿ ਗਏ।

ਪਹਿਲਾਂ ਹਰ ਕਬੀਲੇ ਦਾ ਮੁੱਖੀਆ ਸਭ ਤੋਂ ਸ਼ਕਤੀਸ਼ਾਲੀ ਅਤੇ ਅਨੁਭਵੀ ਮਨੁੱਖ ਹੁੰਦਾ ਸੀ ਜੋ ਪੂਰੇ ਕਬੀਲੇ ਦੀ ਸੁੱਰਖਿਆ ਅਤੇ ਪਾਲਣਾ ਦੀ ਜਿੰਮੇਦਾਰੀ ਲੈਂਦਾ ਸੀ।



ਇਤਿਹਾਸ ਦਸਦਾ ਹੈ ਕਿ ਸਦੀਆਂ ਤੱਕ ਕਬੀਲੇ ਦੀ ਮੁੱਖੀਆ ਮਾਂ ਹੀ ਹੁੰਦੀ ਸੀ। ਹਜਾਰਾਂ ਸਾਲਾਂ ਤੱਕ ਮਾਂ-ਪ੍ਰਧਾਨ ਸਮਾਜ ਚੱਲਦਾ ਰਿਹਾ। ਇਸੇ ਕਰਕੇ ਇਸ ਮਾਂ ਨੂੰ ਗੌਰੀ, ਭਿਵਾਨੀ ਜਾਂ ਪਾਰਬਤੀ ਦਾ ਨਾਮ ਦਿੱਤਾ ਜਾਂਦਾ ਹੈ। ਹੌਲੀ-ਹੌਲੀ ਮਾਤਰ-ਪ੍ਰਧਾਨ ਇਹ ਸਮਾਜ ਅਨੇਕ ਕਾਰਨਾਂ ਕਰਕੇ ਪਿੱਤਰ-ਪ੍ਰਧਾਨ ਬਣਦਾ ਗਿਆ। ਗਰਭਵਤੀ ਹਾਲਤ ਵਿੱਚ, ਬੀਮਾਰੀ ਜਾਂ ਹੋਰ ਕਾਰਨਾਂ ਕਰਕੇ ਕਬੀਲੇ ਦੇ ਤਕੜੇ ਮਰਦਾਂ ਦੇ ਹੱਥਾਂ ਵਿੱਚ ਸ਼ਕਤੀ ਚਲੀ ਗਈ। ਜਦੋਂ ਤੋਂ ਮਨੁੱਖੀ ਸਮਾਜ ਸਥਾਈ ਬਣਿਆ ਤਾਂ ਔਰਤ ਦੀ ਬਾਹਰਲੇ ਕੰਮਾਂ ਵਿੱਚ ਭਾਗੀਦਾਰੀ ਘਟਦੀ ਗਈ। ਹੁਣ ਔਰਤ ਦਾ ਕੰਮ ਬੱਚੇ ਜੰਮਣ, ਉਹਨਾਂ ਦਾ ਪਾਲਣ ਪੋਸ਼ਣ ਕਰਨਾ ਅਤੇ ਘਰੇਲੂ ਕੰਮਾਂ ਤੱਕ ਸੀਮਿਤ ਹੋ ਗਿਆ ਹੈ। ਬਾਹਰੀ ਸਾਰੇ ਕੰਮ ਮਰਦ ਨੇ ਸੰਭਾਲ ਲਏ। ਇਸ ਤਰ੍ਹਾਂ ਸੱਤਾ ਉੱਤੇ ਪੂਰਾ ਕਬਜਾ ਮਰਦਾਂ ਦਾ ਹੋ ਗਿਆ ਅਤੇ ਮਾਤਰ-ਪ੍ਰਧਾਨ ਸਮਾਜ ਪੂਰੀ ਤਰ੍ਹਾਂ ਪਿੱਤਰ-ਪ੍ਰਧਾਨ ਹੋ ਗਿਆ। ਸੱਤਾ ਮਰਦ ਦੇ ਹੱਥ ਆ ਜਾਣ ਨਾਲ ਔਰਤ ਮਰਦ ਦੀ ਪਤਨੀ ਜਾਂ ਦਾਸੀ ਬਣ ਗਈ।

ਜਦੋਂ ਤੋਂ ਔਰਤ ਘਰੇਲੂ ਕੰਮਾਂ ਤੱਕ ਸੀਮਿਤ ਹੋਈ ਤਾਂ ਹੁਣ ਉਸਦਾ ਧਿਆਨ ਵੀ ਬਾਹਰੀ ਕੰਮ ਵੱਲੋਂ ਘਟ ਕੇ ਘਰੇਲੂ ਜਿੰਮੇਦਾਰੀਆਂ ਤੱਕ ਸੀਮਿਤੀ ਹੋ ਗਿਆ। ਘਰੇਲੂ ਕੰਮਾਂ ਤੋਂ ਵਿਹਲੀ ਔਰਤ ਪੁਜਾਰੀਆਂ ਦੇ ਵਧੇਰੇ ਨੇੜੇ ਹੁੰਦੀ ਗਈ। ਹੁਣ ਪੁਜਾਰੀ ਵਰਗ ਦਾ ਔਰਤਾਂ ਉੱਤੇ ਪ੍ਰਭਾਵ ਵਧਣ ਲੱਗਾ। ਪੂਜਾ-ਸਥਾਨ ਬਣੇ। ਵਿਹਲੀਆਂ ਹੋਈਆਂ ਔਰਤਾਂ ਦਾ ਸਮਾਂ-ਪੁਜਾਰੀਆਂ ਕੋਲ ਕਰਮਕਾਂਡ ਕਰਦਿਆਂ ਬੀਤਣ ਲੱਗਾ।

ਸਭ ਤੋਂ ਵੱਡੀ ਤਬਦੀਲੀ ਉਦੋਂ ਵਾਪਰੀ ਜਦੋਂ ਕਬੀਲੇ ਦੇ ਮੱਖੀਆਂ ਦਾ ਪਦ (ਆਹੁਦਾ) ਹੀ ਇਹਨਾਂ ਪੁਜਾਰੀਆਂ ਨੇ ਪੈਤ੍ਰਿਕ ਕਰਾਰ ਦਿੱਤਾ। ਇਹਨਾਂ ਨੇ ਦੱਸਿਆ ਕਿ ਕਬੀਲੇ ਦੇ ਮੁੱਖੀਆਂ ਨੂੰ ਦੇਵਤਿਆਂ ਵੱਲੋਂ ਭੇਜਿਆਂ ਜਾਂਦਾ ਹੈ। ਦੈਵੀ ਸਿਧਾਂਤ ਨੇ ਮੁੱਖੀਆ ਦਾ ਸ਼ਕਤੀਸ਼ਾਲੀ ਹੋਣਾ ਜਰੂਰੀ ਨਹੀਂ ਦੱਸਿਆ। ਵਿਰੋਧ ਤੋਂ ਬਚਣ ਲਈ ਆਪਣੇ ਨਾਲ ਸ਼ਕਤੀਸ਼ਾਲੀ ਲੋਕਾਂ ਦਾ ਇੱਕ ਟੋਲਾ ਰੱਖਣ ਵਾਲਾ ਕਮਜ਼ੋਰ ਮੁੱਖੀਆ ਵੀ ਹੁਣ ਸਮਾਜ ਦਾ ਸਭ ਤੋਂ ਸ਼ਕਤੀਸ਼ਾਲੀ ਵਿਅਕਤੀ ਬਣ ਗਿਆ। ਦੂਜੇ ਕਬੀਲਿਆਂ ਨੂੰ ਹਰਾਉਣ ਦੀ ਪ੍ਰਵਿਰਤੀ ਨੇ ਸੈਨਿਕ ਰੱਖਣ ਦਾ ਰਿਵਾਜ ਤੋਰ ਦਿੱਤਾ। ਇਸ ਤਰ੍ਹਾਂ ਮੁੱਖੀਆ ਦੀ ਸ਼ਕਤੀ ਵਧਾਉਣ ਵਿੱਚ ਸਭ ਤੋਂ ਮਹੱਤਵਪੂਰਨ ਰੋਲ ਪੁਜਾਰੀ ਵਰਗ ਦਾ ਰਿਹਾ। ਅਸਲ ਵਿੱਚ ਹੁਣ ਰਾਜਸੱਤਾ ਉੱਤੇ ਕਬਜ਼ਾ ਕਰਾਉਣ ਵਿੱਚ ਧਰਮ ਅਤੇ ਧਾਰਮਿਕ ਪੁਜਾਰੀ ਦੀ ਚੌਧਰ ਬਣ ਗਈ। ਲੜਦੇ-ਲੜਦੇ ਕਬੀਲੇ ਵੱਡੇ-ਵੱਡੇ ਰਾਜਾਂ ਦਾ ਰੂਪ ਧਾਰਦੇ ਗਏ। ਮੁੱਖੀਆ ਤਰੱਕੀ ਕਰਦੇ ਰਾਜਾ ਬਣ ਗਏ ਅਤੇ ਪੁਜਾਰੀ ਰਾਜ-ਪ੍ਰੋਹਿਤ। ਧਰਮ ਦੇ ਨਾਮ ਦਾ ਧੰਦਾ ਚੱਲ ਪਿਆ। ਕਰਮਕਾਂਡੀ ਜੀਵਨ ਦਾ ਮਹੱਤਵ ਵਧਦਾ ਗਿਆ। ਜੀਵਨ ਦੇ ਖੇਤਰ ਦੇ ਹਰ ਕੰਮ ਵਿੱਚ (ਖੁਸ਼ੀ-ਗ਼ਮੀ, ਵਿਆਹ-ਸ਼ਾਦੀ, ਮੌਤ ਜਾਂ ਕਾਰੋਬਾਰ ਦੇ ਖੇਤਰ ਵਿੱਚ) ਪੁਜਾਰੀ ਵਰਗ ਦਾ ਦਖਲ ਵਧਦਾ ਗਿਆ।

ਪੁਜਾਰੀ ਵਰਗ ਨੇ ਮੁਫਤ ਵਿੱਚ ਸਭ ਕੁੱਝ ਬਟੋਰ ਲੈਣ ਦਾ ਬੰਦੋਬਸਤ ਕਰ ਲਿਆ। ਕਮਾਈ ਵਿੱਚੋਂ ਚੋਖਾ ਹਿੱਸਾ ਧਰਮ-ਕਰਮ ਲਈ ਖਰਚ ਕਰਨ ਦਾ ਪ੍ਰਚਾਰ ਸੈਂਕੜੇ ਸਾਲ ਚਲਦਾ ਰਿਹਾ। ਕੰਮ ਕਰਨ ਵਾਲਾ ਵਰਗ ਸਿੱਖਿਆ ਦੇ ਪੱਖੋਂ ਪਛੜਿਆ ਹੀ ਰਿਹਾ। ਅਸਲ ਵਿੱਚ ਸਿੱਖਿਆ ਦਾ ਜਿੰਮਾ ਵੀ ਇਹਨਾਂ ਪੁਜਾਰੀਆਂ ਦੇ ਹੱਥ ਹੀ ਰਿਹਾ। ਇਸ ਕਰਕੇ ਇਹਨਾਂ ਨੇ ਆਪਣੇ ਮਤਲਬ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਅਤੇ ਸਿੱਖਿਆ ਦੇ ਨਾਂਮ ਉੱਤੇ ਅਗਿਆਨ ਵੰਡਿਆ।

ਇਸ ਤਰ੍ਹਾਂ ਇਸ ਵਰਗ ਦੀ ਰਾਜਸੱਤਾ ਨਾਲ ਹਮੇਸ਼ਾਂ ਯਾਰੀ ਰਹੀ। ਇਹਨਾਂ ਨੇ ਹਮੇਸ਼ਾ ਰਾਜਸੱਤਾ-ਪੱਖ ਕੀਤੀ ਅਤੇ ਅਜੋਕੇ ਵਿਗਿਆਨਕ ਯੁੱਗ ਵਿੱਚ ਵੀ ਕਰ ਰਿਹਾ ਹੈ। ਸਧਾਰਨ ਜਨਤਾ ਪਹਿਲਾਂ ਵੀ ਇਸ ਚੱਕਰਵਿਊ ਵਿੱਚ ਫਸੀ ਹੋਈ ਸੀ ਅਤੇ ਅੱਜ ਦੇ ਯੁੱਗ ਵਿੱਚ ਵੀ ਫਸੀ ਹੋਈ ਹੈ। ਅਜੇ ਹੋਰ ਵੀ ਲੰਮੇ ਸਮੇਂ ਤੱਕ ਫਸੀ ਰਹੇਗੀ ਕਿਉਂਕਿ ਨਾ ਤਾਂ ਪਹਿਲਾਂ ਅਸਲੀ ਸਿੱਖਿਆ ਦਿੱਤੀ ਗਈ ਅਤੇ ਨਾ ਹੀ ਅੱਜ ਦਿੱਤੀ ਜਾ ਰਹੀ ਹੈ। ਬੱਸ ਆਪਣੇ ਧੰਦੇ ਵਿੱਚ ਫਸਿਆ ਹਰ ਵਿਅਕਤੀ ਧੰਦਾ ਕਰਨ ਜੋਗੀ ਸਿੱਖਿਆ ਲੈ ਕੇ ਕੱਛੂਕੰਮੇ ਵਰਗੀ ਜਿੰਦਗੀ ਪੂਰੀ ਕਰ ਜਾਂਦਾ ਹੈ। ਹਮੇਸ਼ਾ ਅਸਲੀ ਸਿੱਖਿਆ ਤੋਂ ਕੋਰਾ, ਧਰਮ-ਕਰਮ ਦੇ ਚੱਕਰ ਵਿੱਚ ਫਸਿਆ, ਪੁਜਾਰੀਆਂ ਦੀ ਚੌਧਰ ਦਾ ਮਾਰਿਆ, ਰਾਜਸੱਤਾ ਦਾ ਸਤਾਇਆ ਹਰ ਬੰਦਾ ਵਿਗਿਆਨ ਅਤੇ ਤਰਕ ਦੇ ਨੇੜੇ ਰਹਿੰਦਾ ਵੀ ਸਾਰੀ ਉਮਰ ਅਗਿਆਨੀ ਹੀ ਬਣਿਆ ਰਹਿੰਦਾ ਹੈ ਅਤੇ ਪੁਜਾਰੀ ਵਰਗ ਤੋਂ ਛਿੱਲ ਲਗਾਉਂਦਾ ਰਹਿੰਦਾ ਹੈ।

ਬੜੇ ਅਫਸੋਸ ਦੀ ਗੱਲ ਹੈ ਕਿ ਮਿਹਨਤ ਕੋਈ ਕਰਦਾ ਹੈ। ਫਲ ਕਿਸੇ ਹੋਰ ਨੂੰ ਮਿਲਦਾ ਹੈ ਪਰ ਪੁਜਾਰੀ ਵਰਗ ਸੱਚ ਦੱਸਣ ਦੀ ਥਾਂ ਇਸਨੂੰ ਰੱਬ ਦੀ ਮਰਜ਼ੀ, ਕਿਸਮਤ ਦਾ ਚੱਕਰ ਜਾਂ ਪਿਛਲੇ ਕਰਮਾਂ ਦਾ ਫਲ ਦੱਸ ਕੇ ਭੋਲੀ ਜਨਤਾ ਨੂੰ ਫਿਰ ਬੇਵਕੂਫ ਬਣਾਉਣ ਵਿੱਚ ਕਾਮਯਾਬ ਹੋ ਜਾਂਦਾ ਹੈ। ਪਤਾ ਨਹੀਂ, ਭੋਲੀ ਜਨਤਾ ਕਦੋਂ ਜਾਗੇਗੀ ?

-ਰਾਜਾ ਰਾਮ ਹੰਡਿਆਇਆ

ਵਿਸ਼ਵ ਵਿੱਚ ਆਂਤਕਵਾਦ ਦੇ ਭੇਟੇ ਚੜ੍ਹੇ ਮਾਸੂਮ ਬੱਚਿਆਂ ਨੂੰ ਸਮਰਪਿਤ

## ਜ਼ੁਲਮ

ਵੇ ਧਰਮ ਦੇ ਠੇਕੇਦਾਰਾ
ਅੱਜ ਤੂੰ ਕੀਹਾ ਜ਼ੁਲਮ ਕਮਾਇਆ ਏ
ਧਰਮ ਦੇ ਨਾ ਤੇ ਮਸੂਮਾਂ ਦਾ ਕਤਲ ਕਰ
ਤੂੰ ਗਾਜੀ ਨਾਮ ਧਰਾਇਆ ਏ

ਜਿਹੜੇ ਬੋਟ ਤੂੰ ਕਤਲ ਕੀਤੇ
ਉਨ੍ਹਾਂ ਚੱਜ ਨਾਲ ਬੋਲਣਾ ਵੀ ਨਾ ਆਇਆ ਏ
ਉਨ੍ਹਾਂ ਦਾ ਕਤਲ ਸਬਾਬ ਏ
ਇਹ ਕਿਹੜੇ ਧਰਮ ਗ੍ਰੰਥ ਤੈਨੂੰ ਪੜ੍ਹਾਇਆ ਏ

ਤੂੰ ਤਾਂ ਮਾਰਿਆ ਕੇਵਲ ਇੱਕ ਬੱਚਾ
ਉਹਦੇ ਮਾਪਿਆਂ ਕਾਹਦੀ ਸਜ਼ਾ ਪਾਈ ਏ
ਉਹਦੇ ਅੱਬਾ ਦਾ ਰੋ-ਰੋ ਹਾਲ ਬੁਰਾ ਏ
ਆ ਕੇ ਵੇਖ ਉਹਦੀ ਮਾਂ ਪੱਥਰਾਈ ਏ

ਨਿੱਕਾ ਭਰਾ ਸਮਝ ਨਹੀ ਪਾ ਰਿਹਾ
ਹੁਣ ਕੌਣ ਉਹਦੇ ਲਾੜ ਲੜਾਏਗਾ
ਭੈਣ ਰੱਖੜੀ ਫੜੀ ਉਡੀਕਦੀ ਏ
ਮੇਰਾ ਭਰਾ ਹੁਣ ਆਏਗਾ ਕਿ ਹੁਣ ਆਏਗਾ

ਗਾਜੀ ਕਹੀਦਾ ਓਸਨੂੰ
ਜਿਹੜਾ ਮਜਲੂਮ ਦੀ ਖਾਤਰ ਲੜਦਾ ਏ
ਧਰਮ ਦੇ ਨਾਂ ਤੇ ਕਤਲ ਫਸਾਦ ਨੂੰ
ਕੋਈ ਅੱਲਾ ਰਸੂਲ ਨਾ ਮਾਫ ਕਰਦਾ ਏ

ਹਾਲੇ ਵੀ ਬੰਦਿਆਂ ਤੂੰ ਸਾਂਭ ਲੈ ਮੌਕਾ
ਛੱਡ ਦੇ ਰਾਹ ਜ਼ੁਲਮ ਫਸਾਦ ਦਾ
ਬੰਦੇ ਦਾ ਦਾਰੂ ਏ ਬੰਦਾ
ਹਰ ਧਰਮ ਇਹੀ ਸਿਖਾਉਂਦਾ ਏ।

ਸ਼ਿਵ ਪਟਿਆਲਾ, ਮੋ. 98769 72468

# ਜਾਦੂ ਦੇ ਟਰਿੱਕ

ਸਰਜੀਤ ਤਲਵਾਰ



## ਰੁਮਾਲ ਵਿਚੋਂ ਝੰਡੇ ਕੱਢਣਾ

ਜਾਦੂਗਰ ਪਹਿਲਾਂ ਕਈ ਅਖਬਾਰ ਦੇ ਕਾਗਜ਼ ਮਚਾਉਂਦਾ ਹੈ ਅਤੇ ਉਸ ਦੀ ਰਾਖ ਨੂੰ ਫ਼ਰਸ਼ ਤੇ ਮਲ ਕੇ ਉਸ ਦੇ ਵਿਚੋਂ ਰੁਮਾਲ ਕੱਢਦਾ ਹੈ ਅਤੇ ਫਿਰ ਰੁਮਾਲ ਤੋਂ ਝੰਡੇ ਉਤਪੰਨ ਕਰਦਾ ਹੈ। ਇਹ ਸਭ ਦੇਖ ਕੇ ਹਰ ਇਕ ਦਰਸ਼ਕ ਹੈਰਾਨ ਰਹਿ ਜਾਂਦਾ ਹੈ।

ਜਾਦੂ ਦਾ ਸਾਮਾਨ : ਕੁਝ ਅਖਬਾਰੀ ਕਾਗਜ਼, ਲੱਗਭਗ ਇਕ ਦਰਜਨ ਰੁਮਾਲ ਅਤੇ ਦੋ ਰੇਸ਼ਮੀ ਝੰਡੇ, ਮਾਚਿਸ।

ਜਾਦੂ ਦਿਖਾਉਣ ਦੀ ਤਿਆਰੀ : ਲੱਗਭਗ ਇਕ ਦਰਜਨ ਬਾਰੀਕ ਰੰਗੀਨ ਰੁਮਾਲਾਂ ਦੀ ਇਕ ਤਹਿ ਜਿਹੀ ਲਗਾ ਕੇ ਉਸ ਨੂੰ ਆਪਣੇ ਕੋਟ ਦੀ ਕਫ਼ ਦੇ ਅੰਦਰ ਛੁਪਾ ਲਵੋ। ਮੇਜ਼ ਦੇ ਕੋਲ ਇਕ ਕੁਰਸੀ ਵੀ ਰੱਖੋ ਜਿਸ ਦੀ ਪਿੱਠ ਤੇ ਤੁਸੀਂ ਰੁਮਾਲ ਇਕ-ਇਕ ਕਰਕੇ ਟੰਗਣੇ ਹਨ। ਕੁਰਸੀ ਦੀ ਪਿੱਠ ਦੇ ਪਿੱਛੇ ਦੋ ਮੇਖਾਂ ਗੱਡ ਕੇ ਦੋ ਰੇਸ਼ਮੀ ਝੰਡੇ ਰੱਖੋ ਇਹ ਰੇਸ਼ਮੀ ਝੰਡੇ ਰੇਡਿਓ ਆਦਿ ਦੇ ਐਂਟੀਨਾ ਦੇ ਵਿਚ ਪਰੋਏ ਹੋਏ ਹੋਣੇ ਚਾਹੀਦੇ ਹਨ ਕਿਸੇ ਆਮ ਡੰਡੇ ਦੇ ਵਿਚ ਨਹੀਂ।

ਜਾਦੂ ਦਾ ਪ੍ਰਦਰਸ਼ਨ : ਸਭ ਤੋਂ ਪਹਿਲਾਂ ਅਖਬਾਰ ਦੇ ਕਾਗਜ਼ਾਂ ਨੂੰ ਅੱਗ ਲਗਾ ਦੇਵੋ ਅਤੇ ਉਨ੍ਹਾਂ ਦੀ ਰਾਖ ਨੂੰ ਰਗੜੋ ਅਤੇ ਕਹੋ ਕਿ ਮੈਂ ਹੁਣ ਇਸ ਰਾਖ ਦੇ ਵਿਚੋਂ ਰੁਮਾਲ ਪੈਦਾ ਕਰਨ ਜਾ ਰਿਹਾ ਹਾਂ। ਇਹ ਕਹਿ ਕੇ ਦਰਸ਼ਕਾਂ ਦਾ ਧਿਆਨ ਤੁਸੀਂ ਅਖ਼ਬਾਰ ਦੇ ਕਾਗਜ਼ਾਂ ਦੀ ਰਾਖ ਵੱਲ ਖਿੱਚ ਲਵੋਗੇ ਜਿਸ ਕਾਰਨ ਤੁਸੀਂ ਆਪਣੇ ਕੋਟ ਦੀ ਕਫ਼ ਵਿਚ ਛੁਪੇ ਹੋਏ ਰੁਮਾਲ ਅਸਾਨੀ ਨਾਲ ਕੱਢ ਸਕੋਗੇ। ਇਹ ਕੰਮ ਜਰਾ ਹੁਸ਼ਿਆਰੀ ਦੇ ਨਾਲ ਕਰਨ ਵਾਲਾ ਹੈ ਇਕ-ਇਕ ਕਰਕੇ ਸਾਰੇ ਰੁਮਾਲ ਕੁਰਸੀ ਦੀ ਪਿੱਠ ਤੇ ਲਟਕਾ ਦਿਓ।

ਜਿਸ ਤਰ੍ਹਾਂ ਪਹਿਲਾਂ ਦੱਸਿਆ ਗਿਆ ਹੈ ਕਿ ਕੁਰਸੀ ਦੇ ਪਿੱਛੇ ਦੋ ਝੰਡੇ ਪਹਿਲਾਂ ਹੀ ਛੁਪੇ ਹੋਣਗੇ ਅਤੇ ਉਨ੍ਹਾਂ ਝੰਡਿਆਂ ਨੂੰ ਤੁਸੀਂ ਰੁਮਾਲਾਂ ਨੂੰ ਚੁੱਕਦੇ ਹੋਏ ਬਹੁਤ ਹੀ ਹੁਸ਼ਿਆਰੀ ਦੇ ਨਾਲ ਆਪਣੇ ਹੱਥ ਵਿਚ ਪਕੜ ਲਵੋਗੇ ਅਤੇ ਮੇਜ਼ ਦੇ ਕੋਲ ਜਾ ਕੇ ਖੜ੍ਹ ਜਾਵੋ। ਹੁਣ ਆਪਣੇ ਹੱਥਾਂ ਨੂੰ ਰਗੜਨਾ ਸ਼ੁਰੂ ਕਰੋ ਅਤੇ ਮੰਤਰਾਂ ਦਾ ਜਾਪ ਕਰੋ। ਇਸ ਸਾਰੇ ਸਮੇਂ ਦੇ ਅੰਦਰ-ਅੰਦਰ ਸਾਰੇ ਰੁਮਾਲ ਮੇਜ਼ ਦੇ ਥੱਲੇ ਸੁੱਟ ਦੇਵੋ। ਹੁਣ ਤੁਹਾਡੇ ਹੱਥ ਦੇ ਵਿਚ ਸਿਰਫ਼ ਦੋ ਝੰਡੇ ਹੋਣਗੇ। ਤੁਸੀਂ ਪਹਿਲਾਂ ਇਨ੍ਹਾਂ ਝੰਡਿਆਂ ਨੂੰ ਰੁਮਾਲ ਦੀ ਤਰ੍ਹਾਂ ਲਹਿਰਾਓ ਅਤੇ ਫਿਰ ਇਨ੍ਹਾਂ ਵਿਚ ਲੱਗੇ ਰੇਡਿਓ ਦੇ ਐਂਟੀਨੇ ਨੂੰ ਝਟਕੇ ਨਾਲ ਖੋਲ ਦੇਵੋ ਅਤੇ ਝੰਡਿਆਂ ਨੂੰ ਦਰਸ਼ਕਾਂ ਦੇ ਸਾਹਮਣੇ ਲਹਿਰਾਓ ਅਤੇ ਦਰਸ਼ਕਾਂ ਦੀ ਪ੍ਰਸ਼ੰਸਾ ਲਵੋ।

## ਲੜਕੀ ਦਾ ਬੰਦ ਡੱਬੇ ਵਿਚੋਂ ਬਾਹਰ ਨਿਕਲਣਾ

ਜਾਦੂਗਰ ਪਹਿਲਾਂ ਲੋਹੇ ਦੀ ਟੈਂਕੀ ਦੇ ਵਿਚ ਪਾਣੀ ਭਰ ਕੇ ਇਹ ਦਿਖਾਉਂਦਾ ਹੈ ਕਿ ਟੈਂਕੀ ਦੇ ਵਿਚ ਕਿਸੇ ਕਿਸਮ ਦਾ ਸੁਰਾਖ ਆਦਿ ਤਾਂ ਨਹੀਂ ਹੈ ਅਤੇ ਨਾ ਹੀ ਕੋਈ ਅੰਦਰ ਆਉਣ ਅਤੇ ਬਾਹਰ ਜਾਣ ਦਾ ਰਸਤਾ ਹੈ। ਇਸ ਦੇ ਬਾਅਦ ਜਾਦੂਗਰ ਇਕ ਲੜਕੀ ਨੂੰ ਉਸ ਟੈਂਕੀ ਦੇ ਵਿਚ ਬੈਠਣ ਲਈ ਆਖਦਾ ਹੈ। ਜਦੋਂ ਲੜਕੀ ਟੈਂਕੀ ਦੇ ਅੰਦਰ ਬੈਠ ਜਾਂਦੀ ਹੈ ਤਾਂ ਉਸ ਟੈਂਕੀ ਦਾ ਢੱਕਣ ਬੰਦ ਕਰਕੇ ਜਿੰਦੇ ਲਗਾ ਦਿੱਤੇ ਜਾਂਦੇ ਹਨ। ਇਸ ਤੋਂ ਬਾਅਦ ਉਹ ਪਰਦਾ ਗਿਰਾਉਂਦਾ ਹੈ। ਇਕ ਮਿੰਟ ਦੇ ਬਾਅਦ ਲੜਕੀ ਪਰਦੇ ਤੋਂ ਬਾਹਰ ਆਉਂਦੀ ਹੈ ਅਤੇ ਹੱਥ ਜੋੜ ਕੇ ਦਰਸ਼ਕਾਂ ਦਾ ਸੁਆਗਤ ਕਰਦੀ ਹੈ। ਜਦ ਕੇ ਟੈਂਕੀ ਪਹਿਲਾਂ ਦੀ ਤਰ੍ਹਾਂ ਹੀ ਪਈ ਹੁੰਦੀ ਹੈ ਅਤੇ ਉਸ ਤੇ ਤਾਲੇ ਵੀ ਉਸੇ ਤਰ੍ਹਾਂ ਲੱਗੇ ਹੁੰਦੇ



ਹਨ।

ਜਾਦੂ ਦਾ ਸਾਮਾਨ : ਕੇਵਲ ਇਕ ਲੋਹੇ ਦੀ ਟੈਂਕੀ ਜਿਸ ਦੇ ਵਿਚ ਇਕ ਲੜਕੀ ਅਸਾਨੀ ਨਾਲ ਸਮਾ ਸਕੇ।

ਜਾਦੂ ਦੀ ਤਿਆਰੀ : ਇਕ ਟੈਂਕੀ ਲੈ ਲਵੋ ਅਤੇ ਇਸ ਦੀ ਬਨਾਵਟ ਚਿੱਤਰ ਵਿਚ ਦਿੱਤੇ ਅਨੁਸਾਰ ਬਣਾਓ। ਇਸ ਟੈਂਕੀ ਨੂੰ ਚਿੱਤਰ ਵਿਚ ਦੱਸੇ ਅਨੁਸਾਰ ਦੋ ਹਿੱਸਿਆਂ ਦੇ ਵਿਚ ਵੰਡ ਦੇਵੋ। ਟੈਂਕੀ ਦਾ ਉਪਰਲਾ ਹਿੱਸਾ ਅਜਿਹਾ ਬਣਾਓ ਕਿ ਉਹ ਹੇਠਲੇ ਹਿੱਸੇ ਦੇ ਵਿਚ ਅਸਾਨੀ ਨਾਲ ਫਸ ਜਾਵੇ ਤਾਂ ਨਰੀਖਣ ਕਰਨ ਵਾਲੇ ਦਰਸ਼ਕ ਨੂੰ ਇਸ ਰਹੱਸ ਦਾ ਪਤਾ ਨਾ ਲੱਗੇ ਅਤੇ ਅੰਦਰਲੀ ਲੜਕੀ ਤੋਂ ਇਹ ਉਪਰਲਾ ਹਿੱਸਾ ਥੱਲੜੇ ਹਿੱਸੇ ਤੋਂ ਅਸਾਨੀ ਨਾਲ ਵੱਖ ਹੋ ਜਾਵੇ।

ਜਾਦੂ ਦਾ ਪ੍ਰਦਰਸ਼ਨ : ਸਟੇਜ਼ ਦੇ ਉੱਪਰ ਇਕ ਪ੍ਰਭਾਵਸ਼ਾਲੀ ਅੰਦਾਜ਼ ਦੇ ਨਾਲ ਆਓ। ਦਰਸ਼ਕਾਂ ਦਾ ਸਵਾਗਤ ਕਰੋ ਅਤੇ ਕਹੋ ਕਿ ਮੈਂ ਤੁਹਾਨੂੰ ਹੁਣ ਇਕ ਅਜਿਹਾ ਜਾਦੂ ਦਿਖਾਉਣ ਜਾ ਰਿਹਾ ਹਾਂ ਜੋ ਜਾਦੂ ਦਾ ਕ੍ਰਿਸ਼ਮਾ ਹੈ, ਜਿਸ ਨੂੰ ਦੇਖਣ ਦੇ ਬਾਅਦ ਤੁਸੀਂ ਹੈਰਾਨ ਹੋ ਜਾਵੋਗੇ ਅਤੇ ਸੋਚਣ ਤੇ ਮਜਬੂਰ ਹੋ ਜਾਵੋਗੇ ਕਿ ਇਹ ਸਭ ਕੁਝ ਕਿਵੇਂ ਹੋਇਆ।" ਦਰਸ਼ਕਾਂ ਦੇ ਉੱਪਰ ਤੁਹਾਡੀ ਕਹੀ ਗੱਲ ਦਾ ਬਹੁਤ ਜ਼ਿਆਦਾ ਪ੍ਰਭਾਵ ਪਵੇਗਾ ਅਤੇ ਹਰ ਦਰਸ਼ਕ ਇਹ ਟਰਿੱਕ ਦੇਖਣ ਦੇ ਲਈ ਉਤਸੁਕ ਹੋ ਜਾਵੇਗਾ। ਹੁਣ ਤੁਸੀਂ ਸਟੇਜ਼ ਤੇ ਪਈ ਲੋਹੇ ਦੀ ਟੈਂਕੀ ਦੇ ਉੱਪਰ ਕੱਪੜਾ ਜਾਂ ਪਰਦਾ ਹਟਾ ਦੇਵੋ ਅਤੇ ਟੈਂਕੀ ਨੂੰ ਦਰਸ਼ਕਾਂ ਦੇ ਸਨਮੁੱਖ ਕਰ ਦੇਵੋ। ਤੁਸੀਂ ਟੈਂਕੀ ਬਿਲਕੁਲ ਸਾਬਤ ਹੈ ਅਰਥਾਤ ਇਸ ਦੇ ਵਿਚ ਕਿਸੇ ਪ੍ਰਕਾਰ ਦਾ ਛੇਕ ਜਾਂ ਰਸਤਾ ਨਹੀਂ ਹੈ। ਮੈਂ ਤੁਹਾਡੇ ਸਾਹਮਣੇ ਇਕ ਲੜਕੀ ਨੂੰ ਇਸ ਦੇ ਅੰਦਰ ਬੰਦ ਕਰ ਰਿਹਾ ਹਾਂ ਅਤੇ ਇਹ ਲੜਕੀ ਇਸ ਬੰਦ ਲੋਹੇ ਦੀ ਟੈਂਕੀ ਦੇ ਵਿਚੋਂ ਤੁਹਾਨੂੰ ਬਾਹਰ ਆ ਕੇ ਦਿਖਾਏਗੀ। ਕਿਰਪਾ ਕਰਕੇ ਕੋਈ ਸੱਜਣ ਸਟੇਜ਼ ਤੇ ਆ ਕੇ ਇਸ ਟੈਂਕੀ ਨੂੰ ਜਿੰਦੇ ਲਗਾਉਣ ਵਿਚ ਮੇਰੀ ਮੱਦਦ ਕਰੋ। ਇਕ ਵਿਅਕਤੀ ਸਟੇਜ਼ ਉੱਪਰ ਆ ਜਾਵੇਗਾ। ਤੁਸੀਂ ਉਸ ਨੂੰ ਟੈਂਕੀ ਚੈੱਕ ਕਰਨ ਦੇ ਲਈ ਕਹੋ ਜਦੋਂ ਉਹ ਨਿਰੀਖਣ ਕਰ ਲਵੇ ਤਾਂ ਤੁਸੀਂ ਲੜਕੀ ਨੂੰ ਟੈਂਕੀ ਦੇ ਅੰਦਰ ਬਿਠਾ ਦਿਓ ਅਤੇ ਸਟੇਜ਼ ਉੱਪਰ ਆਏ ਵਿਅਕਤੀ ਨੂੰ ਜਿੰਦੇ ਪਕੜਾ ਕੇ ਟੈਂਕੀ ਦੇ ਕੁੰਡਿਆਂ ਉੱਪਰ ਲਗਾਉਣ ਦੇ ਲਈ ਆਖੋ। ਜਦੋਂ ਉਹ ਵਿਅਕਤੀ ਤਿੰਨੇ ਜਿੰਦੇ ਲਗਾ ਦੇਵੇ ਤਾਂ ਤੁਸੀਂ ਉਸਨੂੰ ਆਪਣੀ ਜਗ੍ਹਾ ਤੇ ਬੈਠਣ ਦੇ ਲਈ ਆਖੋ ਅਤੇ ਟੈਂਕੀ ਨੂੰ ਪਰਦੇ ਨਾਲ ਢੱਕ ਦੇਵੋ। ਅਤੇ ਲੜਕੀ ਇਕ ਮਿੰਟ ਦੇ ਵਿਚ ਹੀ ਬਾਹਰ ਆ ਜਾਵੇਗੀ।

## ਤੀਸਰੀ ਅੱਖ ਦਾ ਜਾਦੂ

ਜਾਦੂਗਰ ਦੀ ਗੈਰ ਮੌਜੂਦਗੀ ਦੇ ਵਿਚ ਚਾਹ ਦੇ ਕੱਪ ਦੇ ਨੀਚੇ ਰੁਪਏ ਜਾਂ ਸਿੱਕੇ ਲਕੋ ਕੇ ਰੱਖ ਦਿੱਤੇ ਜਾਂਦੇ ਹਨ। ਜਾਦੂਗਰ ਕੁਝ ਸਮੇਂ ਬਾਅਦ ਸਟੇਜ਼ ਦੇ ਉੱਪਰ ਆਉਂਦਾ ਹੈ ਅਤੇ ਦੱਸ ਦਿੰਦਾ ਹੈ ਕਿ ਕੱਪ ਦੇ ਥੱਲੇ ਕਿੰਨੇ ਸਿੱਕੇ ਛੁਪਾਏ ਗਏ ਹਨ। ਜਾਦੂਗਰ ਆਖਦਾ ਹੈ ਕਿ ਇਹ ਉਸ ਦੀ ਤੀਸਰੀ ਅੱਖ ਦਾ ਕਮਾਲ ਹੈ। ਸਾਰੇ ਦਰਸ਼ਕ ਹੈਰਾਨ



ਹੋ ਜਾਂਦੇ ਹਨ।

ਜਾਦੂ ਦਾ ਸਾਮਾਨ : ਚਾਹ ਵਾਲਾ ਇਕ ਕੱਪ, ਕੁਝ ਸਿੱਕੇ ਅਤੇ ਇਕ ਸਹਿਯੋਗੀ।

ਜਾਦੂ ਦੀ ਤਿਆਰੀ : ਸਭ ਤੋਂ ਪਹਿਲਾਂ ਤੁਸੀਂ ਇਕ ਮੇਜ਼ ਲਵੋ। ਇਸ ਮੇਜ਼ ਦੇ ਉੱਪਰ ਕੱਪ ਦੇ ਅਕਾਰ ਤੋਂ ਕੁਝ ਦੂਰੀ ਤੇ ਗੋਲ ਅਕਾਰ ਦੇ ਵਿਚ 1 ਤੋਂ ਲੈ ਕੇ 12 ਨਿਸ਼ਾਨ ਬਣਾਓ ਜਿਵੇਂ ਘੜੀ ਦੇ ਉੱਪਰ ਹੁੰਦੇ ਹਨ। ਇਹ ਨਿਸ਼ਾਨ ਇਸ ਢੰਗ ਦੇ ਨਾਲ ਬਣਾਓ ਕਿ ਕਿਸੇ ਦੂਸਰੇ ਦਰਸ਼ਕ ਨੂੰ ਇਨ੍ਹਾਂ ਦੀ ਖਬਰ ਨਾ ਹੋਵੇ ਅਰਥਾਤ ਦਿਖਾਈ ਨਾ ਦੇਣ। ਇਕ ਨਿਸ਼ਾਨ ਨੂੰ ਨਿਸ਼ਚਤ ਕਰ ਲਵੋ ਜਿਥੋਂ ਤੁਸੀਂ ਗਿਣਤੀ ਸਟਾਰਟ ਕਰਨੀ ਹੈ। ਅਰਥਾਤ ਉਸ ਨਿਸ਼ਾਨ ਨੂੰ ਕੁਝ ਵਿਸ਼ੇਸ਼ ਰੂਪ ਦੇ ਦੇਵੋ ਜਿਥੇ ਤੁਸੀਂ ਗਿਣਤੀ ਸ਼ੁਰੂ ਕਰਨੀ ਹੈ। ਇਕ ਸਹਿਯੋਗੀ ਨੂੰ ਤੁਸੀਂ ਦਰਸ਼ਕਾਂ ਦੇ ਵਿਚ ਬੈਠਣ ਦੇ ਲਈ ਕਹੋ।

ਜਾਦੂ ਦਾ ਪ੍ਰਦਰਸ਼ਨ : ਤੁਸੀਂ ਦਰਸ਼ਕਾਂ ਦੇ ਵਿਚ ਦੋ ਦਰਸ਼ਕਾਂ ਨੂੰ ਬੁਲਾਓ ਜਿਨ੍ਹਾ ਵਿਚੋਂ ਇਕ ਤੁਹਾਡਾ ਸਹਿਯੋਗੀ ਹੋਵੇਗਾ। ਜੋ ਦਰਸ਼ਕ ਤੁਸੀਂ ਸਟੇਜ਼ ਤੇ ਬੁਲਾਇਆ ਹੈ ਉਸਨੂੰ ਕੋਈ ਵੀ ਸਿੱਕਾ ਕੱਪ ਦੇ ਥੱਲੇ ਰੱਖਣ ਦੇ ਲਈ ਕਹੋ ਅਤੇ ਆਪਣੇ ਸਹਿਯੋਗੀ ਨੂੰ ਕੱਪ ਸੈੱਟ ਕਰਕੇ ਰੱਖਣ ਦੀ ਜ਼ਿੰਮੇਵਾਰੀ ਸੌਂਪ ਦੇਵੋ। ਦਰਸ਼ਕ ਸਿੱਕਾ ਰੱਖ ਦੇਵੇਗਾ ਅਤੇ ਤੁਹਾਡਾ ਸਹਿਯੋਗੀ ਉਸ ਸਿੱਕੇ ਨੂੰ ਦੇਖ ਕੇ ਪਹਿਲਾਂ ਤੋਂ ਮੇਜ਼ ਉੱਪਰ ਅੰਕਤ ਨਿਸ਼ਾਨਾ ਦੇ ਅਨੁਸਾਰ ਕੱਪ ਦੀ ਡੰਡੀ ਉਸ ਸਿੱਕੇ ਦੇ ਕੋਡ ਨੰ : ਦੇ ਵੱਲ ਕਰ ਦੇਵੇਗਾ। ਇਹ ਕੋਡ ਇਸ ਤਰ੍ਹਾਂ ਹੋਣਗੇ:

1 ਪੈਸੇ - 1
2 ਪੈਸੇ - 2
3 ਪੈਸੇ - 3
5 ਪੈਸੇ - 4
10 ਪੈਸੇ - 5
20 ਪੈਸੇ - 6
25 ਪੈਸੇ - 7
50 ਪੈਸੇ - 8
ਇਕ ਰੁਪਏ
(100 ਪੈਸੇ) - 9
2 ਰੁਪਏ ਦੇ ਨੋਟ - 10
5 ਰੁਪਏ ਦੇ ਨੋਟ - 11
10 ਰੁਪਏ ਦੇ ਨੋਟ - 12

ਇਸ ਕੋਡ ਤਾਲਿਕਾ ਨੂੰ ਯਾਦ ਕਰਨਾ ਤੁਹਾਡੇ ਲਈ ਅਤੇ ਸਹਿਯੋਗੀ ਦੇ ਲਈ ਬਹੁਤ ਜ਼ਰੂਰੀ ਹੈ ਨਹੀਂ ਤਾਂ ਗਲਤੀ ਹੋ ਸਕਦੀ ਹੈ। ਇਕ ਗੱਲ ਹੋਰ ਉਹ ਇਹ ਕਿ ਤੁਸੀਂ ਦਰਸ਼ਕਾਂ ਨੂੰ ਕਹੋ ਕਿ ਉਹ ਦਸ ਰੁਪਏ ਤੋਂ ਵੱਧ ਦੇ ਨੋਟ ਦਾ ਪ੍ਰਯੋਗ ਨਹੀਂ ਕਰਨਗੇ। ਅਰਥਾਤ ਇਕ ਪੈਸੇ ਤੋਂ ਲੈ ਕੇ 10 ਰੁਪਏ ਦਾ ਨੋਟ ਤੱਕ ਹੀ ਪ੍ਰਯੋਗ ਹੋਵੇਗਾ। ਤੁਸੀਂ ਇਸ ਦਾ ਬਹਾਨਾ ਇਹ ਕਰੋਗੇ ਕਿ ਜਾਦੂ ਇਸ ਤੋਂ ਵੱਡੀ ਰਕਮ ਤੇ ਨਹੀਂ ਚੱਲਦਾ।

ਜਦੋਂ ਤੁਸੀਂ ਕੱਪ ਦੀ ਡੰਡੀ ਕਿਸੇ ਨਿਸ਼ਾਨੇ ਦੇ ਵੱਲ ਦੇਖੋਗੇ ਤਾਂ ਤੁਹਾਨੂੰ ਨਿਸ਼ਾਨ ਦਾ ਨੰਬਰ ਪਤਾ ਲੱਗ ਜਾਵੇਗਾ ਕਿਉਂਕਿ ਤੁਸੀਂ ਇਹ ਯਾਦ ਕੀਤੇ ਹੋਣਗੇ ਫਿਰ ਤੁਸੀਂ ਉਸ ਨੰਬਰ ਦੇ ਸਿੱਕੇ ਨੂੰ ਯਾਦ ਕਰੋ ਫਿਰ ਤੁਸੀਂ ਅਸਾਨੀ ਦੇ ਨਾਲ ਦੱਸ ਸਕਦੇ ਹੋ ਕਿ ਕੱਪ ਦੇ ਥੱਲੇ ਕਿਹੜਾ ਸਿੱਕਾ ਹੈ ਜਾਂ ਕਿਹੜਾ ਨੋਟ ਹੈ। ਦਰਸ਼ਕ ਤੁਹਾਡੀ ਇਸ ਸੋਚਣ ਅਤੇ ਪਾਰਦਰਸ਼ੀ ਸ਼ਕਤੀ ਤੋਂ ਹੈਰਾਨ ਹੋਣਗੇ।

## ਕੱਪੜੇ ਨੂੰ ਮਚਾ ਕੇ ਫਿਰ ਤੋਂ ਵਾਪਸ ਸਾਬਤ ਕਰਨਾ

ਜਾਦੂਗਰ ਸਟੇਜ਼ ਤੇ ਆ ਕੇ ਇਕ ਵੱਡੇ ਚਕੋਰ ਕੱਪੜੇ ਨੂੰ ਸਟੇਜ਼ ਦੇ ਚਾਰੇ ਪਾਸੇ ਘੁਮਾਉਂਦਾ ਹੈ ਫਿਰ ਉਸ ਕੱਪੜੇ ਨੂੰ ਇਕ ਪਾਸੇ ਤੋਂ ਮੋਮਬੱਤੀ ਨਾਲ ਜਲਾ ਦਿੰਦਾ ਹੈ ਕੱਪੜੇ ਨੂੰ ਅੱਗ ਲੱਗਦੀ ਹੈ ਅਤੇ ਜਾਦੂਗਰ ਕੱਪੜੇ ਦੀ ਅੱਗ ਨੂੰ ਆਪਣੇ ਹੱਥਾਂ ਨਾਲ ਮਸਲ ਕੇ ਬੁਝਾ ਦਿੰਦਾ ਹੈ ਅਤੇ ਫਿਰ ਕੱਪੜੇ ਨੂੰ ਹਵਾ ਦੇ ਵਿਚ ਲਹਿਰਾਂਦਾ ਹੈ। ਕੱਪੜਾ ਸਾਬਤ ਹੀ ਹੁੰਦਾ ਹੈ। ਦਰਸ਼ਕਾਂ ਦੀ ਹੈਰਾਨੀ ਦਾ ਟਿਕਾਣਾ ਨਹੀਂ ਰਹਿੰਦਾ।

ਜਾਦੂ ਦਾ ਸਾਮਾਨ : ਇਕ ਵੱਡਾ ਕੱਪੜਾ, ਇਕ ਇਸੇ ਤਰ੍ਹਾਂ ਦੇ ਕੱਪੜੇ ਦਾ ਛੋਟਾ ਟੁਕੜਾ, ਇਕ ਮੋਮਬੱਤੀ ਅਤੇ ਮਾਚਿਸ।

ਜਾਦੂ ਦੀ ਤਿਆਰੀ : ਵੱਡੇ ਕੱਪੜੇ ਨੂੰ ਦੋਨਾਂ ਪਾਸਿਆਂ ਤੋਂ ਫੜ ਕੇ, ਛੋਟੇ ਕੱਪੜੇ ਨੂੰ ਆਪਣੀ ਮੁੱਠੀ ਦੇ ਵਿਚ ਚੰਗੀ ਤਰ੍ਹਾਂ ਛੁਪਾ ਲਵੋ ਇਹ ਕਿਸੇ ਨੂੰ ਦਿਸਣਾ ਨਹੀਂ ਚਾਹੀਦਾ।

ਜਾਦੂ ਦਾ ਪ੍ਰਦਰਸ਼ਨ : ਵੱਡੇ ਕੱਪੜੇ ਦੇ ਦੋਨੋਂ ਸਿਰਿਆਂ ਨੂੰ ਆਪਣੇ ਹੱਥ ਦੇ ਵਿਚ ਪਕੜ ਲਵੋ। ਉਸ ਨੂੰ ਹਵਾ ਦੇ ਵਿਚ ਲਹਿਰਾਓ ਅਤੇ ਕਹੋ ਕਿ ਇਹ ਕੱਪੜਾ ਚਾਰੇ ਪਾਸੇ ਤੋਂ ਬਿਲਕੁਲ ਸਾਬਤ ਹੈ। ਕਿਸੇ ਵੀ ਪਾਸੇ ਤੋਂ ਫਟਿਆ ਹੋਇਆ ਜਾਂ ਮੱਚਿਆ ਹੋਇਆ ਨਹੀਂ ਹੈ। ਇਹ ਕਹਿ ਕੇ ਇਸ ਕੱਪੜੇ ਨੂੰ ਹੋਰ ਫੁਰਤੀ ਦੇ ਨਾਲ ਇਕ-ਦੋ ਵਾਰ ਲਹਿਰਾਓ।

ਅਤੇ ਫਿਰ ਕਹੋ ਤੁਸੀਂ ਸਾਰਿਆਂ ਨੇ ਤਾਂ ਇਹ ਕੱਪੜੇ ਨੂੰ ਦੇਖ ਹੀ ਲਿਆ ਹੈ। ਇਹ ਚਾਰੇ ਪਾਸਿਓਂ ਸਾਬਤ ਹੈ। ਪਰ ਮੈਂ ਇਸ ਕੱਪੜੇ ਨੂੰ ਇਕ ਪਾਸੇ ਤੋਂ ਮਚਾ ਦਿੰਦਾ ਹਾਂ ਅਤੇ ਫਿਰ ਇਸ ਨੂੰ ਸਾਬਤ ਕਰਕੇ ਦਿਖਾਵਾਗਾਂ। ਇਹ ਕਹਿ ਕੇ ਤੁਸੀਂ ਕੱਪੜੇ ਦੇ ਇਕ ਭਾਗ ਨੂੰ ਮੁੱਠੀ ਦੇ ਵਿਚ ਪਕੜ ਲਵੋ ਅਤੇ ਕੱਪੜੇ ਦਾ ਥੋੜ੍ਹਾ ਜਿਹਾ ਭਾਗ ਹੀ ਮੁੱਠੀ ਦੇ ਵਿਚੋਂ ਬਾਹਰ ਕੱਢੋ। ਇਥੇ ਇਕ ਗੱਲ ਦਾ ਧਿਆਨ ਰੱਖੋ ਕਿ ਤੁਸੀਂ ਜਿਸ ਸਮੇਂ ਮੁੱਠੀ ਦੇ ਵਿਚੋਂ ਕੱਪੜਾ ਬਾਹਰ ਕੱਢਣਾ ਹੈ ਤਾਂ ਉਹ ਕੱਪੜਾ ਬਾਹਰ ਕੱਢਣਾ ਹੈ ਜੋ ਤੁਸੀਂ ਪਹਿਲਾਂ ਹੀ ਆਪਣੀ ਮੁੱਠੀ ਵਿਚ ਛੁਪਾ ਲਿਆ ਸੀ। ਪਰ ਦਰਸ਼ਕਾਂ ਨੂੰ ਇੰਝ ਲੱਗੇਗਾ ਕਿ ਤੁਸੀਂ ਵੱਡੇ ਕੱਪੜੇ ਨੂੰ ਬਾਹਰ ਕੱਢ ਰਹੇ ਹੋ। ਛੋਟੇ ਕੱਪੜੇ ਨੂੰ ਮੋਮਬੱਤੀ ਦੇ ਨਜ਼ਦੀਕ ਲੈ ਜਾਵੋ ਅਤੇ ਜਲਾ ਦੇਵੋ ਅਤੇ ਜਦੋਂ ਤੁਹਾਡਾ ਇਹ ਛੁਪਾਏ ਹੋਏ ਕੱਪੜੇ ਦਾ ਛੋਟਾ ਟੁਕੜਾ ਲੱਗਭਗ ਮੱਚ ਜਾਵੇ ਤਾਂ ਅੱਗ ਨੂੰ ਬੁਝਾਉਣ ਦੀ ਐਕਟਿੰਗ ਕਰੋ। ਦਰਸ਼ਕਾਂ ਨੂੰ ਲੱਗੇਗਾ ਤੁਸੀਂ ਵੱਡੇ ਕੱਪੜੇ ਨੂੰ ਲੱਗੀ ਅੱਗ ਬੁਝਾਈ ਹੈ। ਹੁਣ ਤੁਸੀਂ ਆਪਣਾ ਵੱਡਾ ਕੱਪੜਾ ਸਾਰੇ ਦਰਸ਼ਕਾਂ ਦੇ ਸਾਹਮਣੇ ਖਿਲਾਰ ਦੇਵੋ। ਅਤੇ ਦਰਸ਼ਕ ਮੱਚੇ ਹੋਏ ਕੱਪੜੇ ਨੂੰ ਲੱਭਦੇ ਰਹਿ ਜਾਣਗੇ ਜੋ ਤੁਸੀਂ ਉਨ੍ਹਾਂ ਦੇ ਸਾਹਮਣੇ ਮੋਮਬੱਤੀ ਤੇ ਮਚਾਇਆ ਸੀ।

# ਸ਼ੰਕਾ ਨਵਿਰਤੀ

**1. ਸਵਾਲ : ਦੁਨੀਆਂ ਵਿਚ ਸਭ ਤੋਂ ਵੱਧ ਨਾਸਤਿਕ ਕਿਸ ਦੇਸ਼ ਵਿਚ ਹਨ ?**

ਜਵਾਬ : ਦੁਨੀਆਂ ਦੇ ਸਭ ਤੋਂ ਵੱਧ ਨਾਸਤਿਕ ਚੀਨ ਵਿਚ ਹਨ। ਕੁੱਝ ਦੇਸ਼ ਅਜਿਹੇ ਵੀ ਹਨ, ਜਿਨ੍ਹਾਂ ਵਿਚ ਨਾਸਤਿਕਾਂ ਦੀ ਗਿਣਤੀ ਆਸਤਿਕਾਂ ਨਾਲੋਂ ਵੱਧ ਹੈ। ਇਨ੍ਹਾਂ ਵਿਚੋਂ ਵੀਅਤਨਾਮ, ਜਾਪਾਨ, ਸਵੀਡਨ, ਵਿਚ ਨਾਸਤਿਕਾਂ ਦੀ ਗਿਣਤੀ, ਜੇ ਆਸਤਿਕਾਂ ਨਾਲੋਂ ਵੱਧ ਨਹੀਂ ਤਾਂ ਇਨ੍ਹਾਂ ਦੇ ਨੇੜੇ-ਤੇੜੇ ਹੈ। ਛੇਤੀ ਹੀ ਆਉਣ ਵਾਲੇ ਪੰਜ ਸਾਲਾਂ ਵਿਚ 20-30 ਦੇਸ਼ ਅਜਿਹੇ ਹੋਣਗੇ, ਜਿਨ੍ਹਾਂ ਵਿਚ ਨਾਸਤਿਕਾਂ ਦੀ ਗਿਣਤੀ ਆਸਤਿਕਾਂ ਨਾਲੋਂ ਵੱਧ ਹੋ ਜਾਵੇਗੀ।

**2. ਸਵਾਲ : ਧੁੰਨੀ ਵਿਚ ਰੂੰ ਕਿਵੇਂ ਆ ਜਾਂਦੀ ਹੈ ?**

ਜਵਾਬ : ਧੁੰਨੀ ਪੇਟ ਦਾ ਨੀਵਾਂ ਹਿੱਸਾ ਹੁੰਦਾ ਹੈ। ਹਰ ਕਿਸਮ ਦੇ ਪਹਿਨੇ ਹੋਏ ਕੱਪੜੇ ਹਰ ਰੋਜ਼ ਪਿੰਡੇ ਨਾਲ ਰਗੜ ਖਾ ਕੇ ਥੋੜ੍ਹਾ-ਬਹੁਤ ਘਸਦੇ ਰਹਿੰਦੇ ਹਨ। ਇਸ ਤਰ੍ਹਾਂ ਘਸੀ ਹੋਈ ਰੂੰ ਧੁੰਨੀ ਵਿਚ ਜਮ੍ਹਾਂ ਹੁੰਦੀ ਰਹਿੰਦੀ ਹੈ। ਇਹ ਸਾਨੂੰ ਰੂੰ ਦੀ ਸ਼ਕਲ ਵਿਚ ਵਿਖਾਈ ਦਿੰਦੀ ਹੈ। ਜੇ ਧੁੰਨੀ ਦੀ ਸਫ਼ਾਈ ਹਰ ਰੋਜ਼ ਕੀਤੀ ਜਾਵੇ ਤਾਂ ਉਸ ਵਿਚ ਰੂੰ ਨਹੀਂ ਆਵੇਗੀ।

**3. ਸਵਾਲ : ਪਰਮਸਿਫ਼ਰ ਤਾਪਮਾਨ ਕੀ ਹੁੰਦਾ ਹੈ ? ਕੀ ਇਸ 'ਤੇ ਪਹੁੰਚਿਆ ਜਾ ਸਕਦਾ ਹੈ ਜਾਂ ਵਿਗਿਆਨੀ ਘੱਟ ਤੋਂ ਘੱਟ ਕਿੰਨੇ ਤਾਪਮਾਨ 'ਤੇ ਵਸਤੂਆਂ ਨੂੰ ਠੰਢਾ ਕਰ ਚੁੱਕੇ ਹਨ ?**

ਜਵਾਬ : ਮਨਫ਼ੀ (-) 273 ਡਿਗਰੀ ਸੈਂਟੀਗ੍ਰੇਡ ਨੂੰ ਸਭ ਤੋਂ ਘੱਟ ਤਾਪਮਾਨ ਮੰਨਿਆ ਜਾਂਦਾ ਹੈ। ਵਿਗਿਆਨੀਆਂ ਦਾ ਖ਼ਿਆਲ ਹੈ ਕਿ ਇਸ ਤਾਪਮਾਨ ਤੋਂ ਘੱਟ ਤਾਪਮਾਨ ਪੈਦਾ ਨਹੀਂ ਕੀਤਾ ਜਾ ਸਕਦਾ। ਵਿਗਿਆਨੀ ਇਸ ਤਾਪਮਾਨ ਦੇ ਨੇੜੇ ਤਾਂ ਪਹੁੰਚ ਚੁੱਕੇ ਹਨ, ਪਰ ਹੁਣ ਤਕ ਇਸ ਤਾਪਮਾਨ 'ਤੇ ਨਹੀਂ ਪਹੁੰਚਿਆ ਜਾ ਸਕਿਆ ਹੈ।

**4. ਸਵਾਲ : ਕੀ ਆਈਨਸਟਾਈਨ ਦੇ ਦਿਮਾਗ਼ ਨੂੰ ਵਿਗਿਆਨੀਆਂ ਨੇ ਹੁਣ ਤਕ ਸਾਂਭਿਆ ਹੋਇਆ ਹੈ ?**

ਜਵਾਬ : 18 ਅਪ੍ਰੈਲ 1955 ਨੂੰ ਅਲਬਰਟ ਆਈਨਸਟਾਈਨ ਦੀ ਮੌਤ ਹੋ ਗਈ ਸੀ। ਉਸ ਦਾ ਦਿਮਾਗ਼ ਉਸੇ ਸਮੇਂ ਫਾਰਮੈਲਡੀਹਾਈਡ ਨਾਮ ਦੇ ਘੋਲ ਵਿਚ ਰੱਖ ਲਿਆ ਗਿਆ ਸੀ। ਇਹ ਤਰਲ ਪਦਾਰਥ ਜੀਵਾਂ ਦੇ ਮ੍ਰਿਤਕ ਸਰੀਰ ਨੂੰ ਸੰਭਾਲਣ ਦੇ ਕੰਮ ਆਉਂਦਾ ਹੈ। ਆਮ ਭਾਸ਼ਾ ਵਿਚ ਇਸ ਨੂੰ ਫ਼ਾਰਮਾਲੀਨ ਵੀ ਕਹਿੰਦੇ ਹਨ। ਆਈਨਸਟਾਈਨ ਦੇ ਦਿਮਾਗ਼ ਦਾ ਵੱਡਾ ਹਿੱਸਾ ਅੱਜ ਵੀ ਨੈਸ਼ਨਲ ਮਿਊਜ਼ੀਅਮ ਆਫ਼ ਹੈਲਥ ਐਂਡ ਸਾਇੰਸ ਮੈਰੀਲੈਂਡ ਵਿਚ ਰੱਖਿਆ ਹੋਇਆ ਹੈ।

**5. ਸਵਾਲ : ਇਕ ਤੰਦਰੁਸਤ ਵਿਅਕਤੀ ਨੂੰ ਭੋਜਨ ਦੀਆਂ ਕਿੰਨੀਆਂ ਕੈਲੋਰੀਆਂ ਲੈਣੀਆਂ ਚਾਹੀਦੀਆਂ ਹਨ ? ਇਹ ਕਿੰਨੇ ਭਾਰ ਵਿਚੋਂ ਪ੍ਰਾਪਤ ਹੋ ਜਾਂਦੀਆਂ ਹਨ ?**

ਜਵਾਬ : ਇਕ ਤੰਦਰੁਸਤ ਵਿਅਕਤੀ ਨੂੰ ਹਰ ਰੋਜ਼ 1900 ਕੈਲੋਰੀ ਭੋਜਨ ਲੈਣਾ ਚਾਹੀਦਾ ਹੈ, ਕਿਉਂਕਿ ਹਰ ਕਿਸਮ ਦੇ ਭੋਜਨ ਦੇ ਇਕ ਗ੍ਰਾਮ ਕੈਲੋਰੀਆਂ ਦੀ ਮਾਤਰਾ ਵੱਖ-ਵੱਖ ਹੁੰਦੀ ਹੈ, ਜਿਵੇਂ ਖੰਡ ਅਤੇ ਘਿਉ ਦੇ ਇਕ ਗ੍ਰਾਮ ਵਿਚ ਲਗਭਗ 9 ਕੈਲੋਰੀਆਂ ਹੁੰਦੀਆਂ ਹਨ, ਜਦੋਂਕਿ ਪ੍ਰੋਟੀਨ ਅਤੇ ਕਾਰਬੋਹਾਈਡ੍ਰੇਟ ਵਿਚ 4 ਕੈਲੋਰੀਆਂ ਹੁੰਦੀਆਂ ਹਨ ਅਤੇ ਐਲਕੋਹਲ ਜਾਂ ਸ਼ਰਾਬ ਵਿਚ 7 ਕੈਲੋਰੀਆਂ ਹੁੰਦੀਆਂ ਹਨ। ਆਮ ਤੌਰ 'ਤੇ 1900 ਕੈਲੋਰੀਆਂ ਮਨੁੱਖ ਨੂੰ 400 ਗ੍ਰਾਮ ਭੋਜਨ ਵਿਚੋਂ ਪ੍ਰਾਪਤ ਹੋ ਜਾਂਦੀਆਂ ਹਨ। ਇਸ ਲਈ ਮਨੁੱਖ ਨੂੰ ਪਾਣੀ ਦੀ ਮਾਤਰਾ ਨੂੰ ਛੱਡ ਕੇ ਜੋ ਅਸੀਂ ਦੁੱਧ, ਲੱਸੀ, ਦਹੀਂ ਸਬਜ਼ੀਆਂ ਦੇ ਰੂਪ ਵਿਚ ਖਾਂਦੇ ਹਾਂ, ਉਹ ਛੱਡ ਕੇ 400 ਗ੍ਰਾਮ ਭੋਜਣ ਖਾਣਾ ਚਾਹੀਦਾ ਹੈ। ਜਿਸਮਾਨੀ ਕੰਮ ਵਾਲਿਆਂ ਨੂੰ ਵੱਧ ਭੋਜਨ ਕਰਨਾ ਚਾਹੀਦਾ ਹੈ ਅਤੇ ਦਫ਼ਤਰੀ ਕੰਮ ਕਰਨ ਵਾਲਿਆਂ ਨੂੰ ਘੱਟ ਖਾਣਾ ਚਾਹੀਦਾ ਹੈ।

**6. ਸਵਾਲ : ਕਹਿੰਦੇ ਨੇ ਕਿ ਧਰਤੀ ਦਾ ਭਾਰ ਹਰ ਸਾਲ ਵਧ ਰਿਹਾ ਹੈ ? ਅਜਿਹਾ ਕਿਉਂ ਹੋ ਰਿਹਾ ਹੈ ?**

ਜਵਾਬ : ਲਗਭਗ ਹਰ ਸਾਲ ਇਕ ਲੱਖ 51 ਹਜ਼ਾਰ ਟਨ ਦੇ ਪੱਥਰਾਂ ਦੇ ਟੁੱਕੜੇ ਜਾਂ ਉਨ੍ਹਾਂ ਦੀ ਰਾਖ ਬਾਹਰੀ ਪੁਲਾੜ ਵਿਚੋਂ ਧਰਤੀ ਨਾਲ ਟਕਰਾਉਂਦੀ ਹੈ। ਇਹ ਟੁੱਕੜੇ ਅਰਬਾਂ ਵਰ੍ਹੇ ਪਹਿਲਾਂ ਪੁਲਾੜ ਦੇ ਖਿਲਰੇ ਹੋਏ ਮਲਬੇ ਦੇ ਟੁੱਕੜੇ ਹਨ, ਜਿਹੜੇ ਧਰਤੀ ਅਤੇ ਹੋਰਾਂ ਗ੍ਰਹਿਆਂ 'ਤੇ ਡਿੱਗਦੇ ਰਹਿੰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਧਰਤੀ ਦੇ ਵਾਯੂਮੰਡਲ ਵਿਚ ਦਾਖ਼ਲ ਹੋਣ ਸਮੇਂ ਹੀ ਗਰਮ ਹੋ ਜਾਂਦੇ ਹਨ ਕਿ ਉਨ੍ਹਾਂ ਦੀ ਰਾਖ ਹੀ ਧਰਤੀ 'ਤੇ ਡਿਗਦੀ ਹੈ। ਕੁੱਝ ਧਰਤੀ ਨਾਲ ਟਕਰਾਅ ਵੀ ਜਾਂਦੇ ਹਨ। ਦੋ ਸਾਲ ਪਹਿਲਾਂ ਰੂਸ ਦੇ ਇਕ ਸ਼ਹਿਰ ਵਿਚ ਅਜਿਹਾ ਵੱਡਾ ਟੁੱਕੜਾ ਆ ਟਕਰਾਇਆ ਸੀ, ਜਿਸ ਨਾਲ ਹਜ਼ਾਰਾਂ ਵਿਅਕਤੀ ਜ਼ਖ਼ਮੀ ਹੋ ਗਏ ਸਨ। ਇਨ੍ਹਾਂ ਨੂੰ ਉਲਕਾ ਪਿੰਡ ਕਹਿੰਦੇ ਹਨ। ਇਸ ਤੋਂ ਇਲਾਵਾ ਹਾਈਡ੍ਰੋਜਨ ਅਤੇ ਹੀਲੀਅਮ ਵਰਗੀਆਂ ਗੈਸਾਂ ਹਲਕੀਆਂ ਹੋਣ ਕਾਰਨ ਧਰਤੀ ਦੇ ਵਾਯੂਮੰਡਲ ਤੋਂ ਬਾਹਰ ਵੀ ਚਲੀਆਂ ਜਾਂਦੀਆਂ ਹਨ। ਇਨ੍ਹਾਂ ਦਾ ਭਾਰ 95 ਹਜ਼ਾਰ ਟਨ ਹਾਈਡਰੋਜ਼ਨ ਅਤੇ 16 ਹਜ਼ਾਰ ਟਨ ਹੀਲੀਅਮ ਦੇ ਲਗਭਗ ਹੁੰਦਾ ਹੈ। ਇਸ ਤਰ੍ਹਾਂ ਕੁੱਲ ਮਿਲਾ ਕੇ ਟਕਰਾਉਣ ਵਾਲੇ ਕੁੱਲ ਪੱਥਰਾਂ ਦਾ ਭਾਰ ਇਕ ਲੱਖ 51 ਹਜ਼ਾਰ ਟਨ ਹੁੰਦਾ ਹੈ । ਇਸ ਤਰ੍ਹਾਂ ਧਰਤੀ ਦਾ ਭਾਰ ਹਰ ਸਾਲ 40 ਹਜ਼ਾਰ ਟਨ ਵਧ ਜਾਂਦਾ ਹੈ।

**7. ਸਵਾਲ : ਕੀ ਮੋਰਾਂ ਦੇ ਬੋਲਣ ਦਾ ਮੀਂਹ ਨਾਲ ਕੋਈ ਸਬੰਧ ਹੈ ?**

ਜਵਾਬ : ਮੋਰ ਹਵਾ ਵਿਚਲੀ ਸਿੱਲ੍ਹ ਨੂੰ ਮਹਿਸੂਸ ਕਰ ਲੈਂਦੇ ਹਨ। ਇਸ ਤਰ੍ਹਾਂ ਉਹ ਆਉਣ ਵਾਲੀ ਬਰਸਾਤ ਦਾ ਅੰਦਾਜ਼ਾ ਲਾ ਲੈਂਦੇ ਹਨ।

**8. ਸਵਾਲ : ਮਰਦਾਂ ਦੇ ਮੁਕਾਬਲੇ ਔਰਤਾਂ ਦੇ ਵਾਲ ਕਿਉਂ ਨਹੀਂ ਝੜਦੇ ?**

ਜਵਾਬ : ਮਰਦਾਂ ਅਤੇ ਔਰਤਾਂ ਵਿਚ ਵੱਖ-ਵੱਖ ਕਿਸਮ ਦੇ ਰਸ ਪੈਦਾ ਹੁੰਦੇ ਹਨ। ਆਦਮੀਆਂ ਵਿਚ ਐਂਟਰੋਜਨ ਨਾਮ ਦਾ ਰਸ ਪੈਦਾ ਹੁੰਦਾ ਹੈ ਅਤੇ ਔਰਤਾਂ ਵਿਚ ਐਸਟ੍ਰੋਜਨ ਨਾਮ ਦਾ ਰਸ ਪੈਦਾ ਹੁੰਦਾ ਹੈ। ਰਸਾਂ ਵਿਚ ਇਹ ਵਖਰੇਵਾਂ ਆਦਮੀਆਂ-ਇਸਤਰੀਆਂ ਵਿਚ ਵਾਲਾਂ ਸਬੰਧੀ ਕੁੱਝ ਵੱਖਰਾਪਣ ਪੈਦਾ ਕਰਦਾ ਹੈ। ਇਸ ਵਖਰੇਵੇਂ ਕਰ ਕੇ ਔਰਤਾਂ ਘੱਟ ਹੀ ਗੰਜੀਆਂ ਹੁੰਦੀਆਂ ਹਨ। ਬਹੁਤੇ ਮਰਦਾਂ ਵਿਚ ਉਮਰ ਦੇ ਵਾਧੇ ਕਾਰਨ ਵਾਲਾਂ ਦੀ ਗਿਣਤੀ ਘੱਟ ਜਾਂਦੀ ਹੈ।

**9. ਸਵਾਲ : ਦੁਨੀਆਂ ਦਾ ਸਭ ਤੋਂ ਉਚਾ ਦਰੱਖਤ ਕਿਹੜਾ ਹੈ ?**

ਜਵਾਬ : 2005 ਤਕ ਹੀਲੀਓਜ਼ ਨਾਮ ਦੇ ਦਰਖਤ ਨੂੰ ਦੁਨੀਆਂ ਦਾ ਸਭ ਤੋਂ ਲੰਬਾ ਦਰੱਖਤ ਮੰਨਿਆ ਜਾਂਦਾ ਸੀ। 2006 ਵਿਚ ਕੋਸ਼ਟਰੈਡਵੁੱਡ ਨਾਮ ਦੇ ਦਰੱਖਤ ਦੀ ਖੋਜ ਹੋ ਗਈ। ਕੈਲੇਫ਼ੋਰਨੀਆ ਦੇ ਰੈੱਡਵੁੱਡ ਨੈਸ਼ਨਲ ਪਾਰਕ ਵਿਚ ਸਥਿਤ ਇਸ ਹਾਈਪੇਰੀਅਨ ਨਾਮ ਦੇ ਦਰੱਖਤ ਦੀ ਉਚਾਈ 379.7 ਫ਼ੁੱਟ ਨਿਕਲੀ ਹੈ। ਅੱਜ ਇਹ ਦੁਨੀਆਂ ਦਾ ਸਭ ਤੋਂ ਲੰਬਾ ਦਰੱਖਤ ਹੈ।

**10. ਸਵਾਲ : ਚਮਕਣ ਵਾਲੇ ਜੀਵਾਂ ਦੀ ਕਿਸਮ ਨੂੰ ਕੀ ਕਹਿੰਦੇ ਹਨ ? ਇਹ ਕਿਹੜੇ ਦੇਸ਼ ਵਿਚ ਮਿਲਦੇ ਹਨ ?**

ਜਵਾਬ : ਅਸੀਂ ਜਾਣਦੇ ਹਾਂ ਕਿ ਜੁਗਨੂੰਆਂ ਦੁਆਰਾ ਇਕ ਅਜੀਬ ਕਿਸਮ ਦਾ ਪ੍ਰਕਾਸ਼ ਪੈਦਾ ਹੁੰਦਾ ਹੈ। ਇਹ ਪ੍ਰਕਾਸ਼ ਗਰਮ ਨਹੀਂ ਹੁੰਦਾ। ਸਮੁੰਦਰਾਂ ਵਿਚ ਇਕ ਖ਼ਾਸ ਕਿਸਮ ਦੇ ਸੂਖ਼ਮ ਜੀਵ ਮਿਲਦੇ ਹਨ, ਜਿਨ੍ਹਾਂ ਦੇ ਪ੍ਰਕਾਸ਼ ਦਾ ਰੰਗ ਹਰਾ ਤੇ ਨੀਲਾ ਹੁੰਦਾ ਹੈ। ਇਨ੍ਹਾਂ ਨੂੰ 'ਬਾਇਓਵੇਵ' ਕਹਿੰਦੇ ਹਨ। ਇਨ੍ਹਾਂ ਥਾਵਾਂ 'ਤੇ ਸੈਲਾਨੀ ਬਹੁਤ ਆਉਂਦੇ-ਜਾਂਦੇ ਰਹਿੰਦੇ ਹਨ। ਅਮਰੀਕੀ ਮਹਾਂਦੀਪ ਵਿਚ ਸੈਨਹੁਆਨ ਨਾਮ ਦੀ ਰਾਜਧਾਨੀ ਵਾਲਾ ਇਕ ਦੇਸ਼ ਹੈ। ਇਸ ਦੇਸ਼ ਵਿਚ ਤਿੰਨ ਥਾਵਾਂ 'ਤੇ ਬਾਇਓ-ਵੇਵ ਬਹੁਤ ਵੱਡੀ ਮਾਤਰਾ ਵਿਚ ਪਾਇਆ ਜਾਂਦਾ ਹੈ। ਸੈਲਾਨੀ ਕਿਸ਼ਤੀਆਂ ਵਿਚ ਬੈਠ ਕੇ ਇਸ ਥਾਂ ਦਾ ਨਜ਼ਾਰਾ ਲੈਂਦੇ ਹਨ।

**11. ਸਵਾਲ :ਕੀ ਪੰਜਾਬ ਵਿਚ ਕੈਂਸਰ ਦੇ ਰੋਗੀਆਂ ਦੀ ਗਿਣਤੀ ਜ਼ਿਆਦਾ ਹੈ ?**

ਜਵਾਬ : ਸਮੁੱਚੇ ਭਾਰਤ ਵਿਚ ਪੂਰੀ ਦੁਨੀਆ ਦੇ ਮੁਕਾਬਲੇ ਕੈਂਸਰ ਦੇ ਰੋਗੀਆਂ ਦੀ ਫ਼ੀਸਦੀ ਜ਼ਿਆਦਾ ਹੈ, ਪਰ ਪੰਜਾਬ ਵਿਚ

ਇਨ੍ਹਾਂ ਦੀ ਗਿਣਤੀ ਸਮੁੱਚੇ ਭਾਰਤ ਦੇ ਮੁਕਾਬਲੇ ਲਗਭਗ ਬਰਾਬਰ ਹੀ ਹੈ। ਸਾਡੇ ਦੇਸ਼ ਵਿਚ ਕੈਂਸਰ ਦੇ ਰੋਗੀਆਂ ਦੀ ਗਿਣਤੀ ਵੱਧ ਹੋਣ ਦਾ ਕਾਰਨ, ਇਥੋਂ ਦੇ ਲੋਕਾਂ ਵਿਚ ਸਿਹਤ ਪ੍ਰਤੀ ਚੇਤਨਾ ਦੀ ਘਾਟ ਹੈ। ਦੂਜਾ ਕਾਰਨ, ਅਸੀਂ ਆਪਣਾ ਵਾਤਾਵਰਣ ਬਹੁਤ ਦੂਸ਼ਿਤ ਕਰ ਲਿਆ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਥੋਂ ਦੇ ਲੋਕਾਂ ਦਾ ਧਰਮ ਪ੍ਰਤੀ ਗਲਤ ਨਜ਼ਰੀਆ ਹੈ। ਧਰਮ ਦੇ ਨਾਂਅ 'ਤੇ ਅਸੀਂ ਗੰਦੇ ਪਾਣੀਆਂ ਵਿਚ ਨਹਾਉਣ ਤੋਂ ਗੁਰੇਜ਼ ਨਹੀਂ ਕਰਦੇ, ਨਾ ਹੀ ਪੀਣ ਤੋਂ ਤੌਬਾ ਕਰਦੇ ਹਾਂ, ਜਿਸ ਕਾਰਨ ਹੈਪਾਟਾਈਟਸ ਦੇ ਰੋਗੀਆਂ ਦੀ ਗਿਣਤੀ ਵਧਦੀ ਹੈ। ਜੋ ਬਾਅਦ ਵਿਚ ਕੈਂਸਰ ਦਾ ਕਾਰਨ ਬਣਦੀ ਹੈ। ਧਾਰਮਿਕ ਭਾਵਨਾ ਕਾਰਨ, ਲੋਕ ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਜਾਂਦੇ ਹਨ, ਜਿਥੋਂ ਦੀਆਂ ਹਾਈਜੈਨਿਕ ਹਾਲਤਾਂ ਵਧੀਆ ਨਹੀਂ ਹੁੰਦੀਆਂ। ਕੀਟਨਾਸ਼ਕ, ਨਦੀਨਨਾਸ਼ਕ ਅਤੇ ਖਾਦਾਂ ਵੀ ਕੈਂਸਰ ਦੇ ਰੋਗੀਆਂ ਦੇ ਵਾਧੇ ਦਾ ਕਾਰਨ ਬਣਦੀਆਂ ਹਨ।

**12. ਸਵਾਲ : ਤਸਵੀਰ ਅੱਗੇ ਧੂਫ਼ਬੱਤੀ ਕਰਨ ਨਾਲ ਕੀ ਹੁੰਦਾ ਹੈ?**

ਜਵਾਬ : ਫ਼ੋਟੋ ਅੱਗੇ ਧੂਫ਼ਬੱਤੀ ਕਰਨ ਨਾਲ ਦੇਵੀ-ਦੇਵਤਿਆਂ ਅਤੇ ਰੱਬ ਦੇ ਦਲਾਲਾਂ ਨੂੰ ਕੋਈ ਫਰਕ ਨਹੀਂ ਪੈਂਦਾ। ਕਿਉਂਕਿ ਇਨ੍ਹਾਂ ਵਿਚ ਕੋਈ ਸਬੰਧ ਨਹੀਂ। ਮੈਂ ਇਹ ਜਾਣਦਾ ਹਾਂ, ਜੇ ਇਨ੍ਹਾਂ ਦੇਵੀ-ਦੇਵਤਿਆਂ ਜਾਂ ਸਾਧਾਂ-ਸੰਤਾਂ ਵਿਚ ਜਾਨ ਹੁੰਦੀ ਤੇ ਉਨ੍ਹਾਂ ਦੇ ਨੱਕਾਂ ਨੂੰ ਵਾਰ-ਵਾਰ ਧੂਫ਼ਬੱਤੀ ਦਾ ਧੂੰਆ ਚੜ੍ਹਾਇਆ ਜਾਂਦਾ ਤਾਂ ਉਨ੍ਹਾਂ ਨੇ ਲਾਜ਼ਮੀ ਤੌਰ 'ਤੇ ਅਜਿਹਾ ਕਰਨ ਵਾਲਿਆਂ ਦੀ ਛਿੱਤਰ-ਪਰੇਡ ਕਰਨੀ ਸੀ। ਤਸਵੀਰਾਂ ਅੱਗੇ ਕੀਤਾ ਗਿਆ ਧੂੰਆਂ, ਸਾਰੇ ਘਰ ਦੇ ਵਾਤਾਵਰਣ ਨੂੰ ਦੂਸ਼ਿਤ ਕਰਦਾ ਹੈ। ਇਥੇ ਬਹੁਤ ਸਾਰੀਆਂ ਜਥੇਬੰਦੀਆਂ ਪ੍ਰਦੂਸ਼ਣ ਅਤੇ ਸਿਗਰਟਨੋਸ਼ੀ ਵਿਰੁੱਧ ਪ੍ਰਚਾਰ ਤਾਂ ਕਰਦੀਆਂ ਹਨ, ਪਰ ਕੋਈ ਵੀ ਉਨ੍ਹਾਂ ਵਿਚੋਂ ਆਮ ਧਾਰਮਿਕ ਲੋਕਾਂ ਵੱਲੋਂ ਇਸ ਤਰ੍ਹਾਂ ਦੂਸ਼ਿਤ ਕੀਤੇ ਜਾਣ ਵਾਲੇ ਵਾਤਾਵਰਣ ਬਾਰੇ ਗੱਲ ਨਹੀਂ ਕਰਦੀਆਂ।

**13. ਸਵਾਲ : ਉੱਲੂ ਨੂੰ ਦਿਨ-ਦਿਹਾੜੇ ਵਿਖਾਈ ਕਿਉਂ ਨਹੀਂ ਦਿੰਦਾ?**

ਜਵਾਬ : ਜਦੋਂ ਅਸੀਂ ਸਿਨੇਮਾ ਹਾਲ ਵਿਚ ਫ਼ਿਲਮ ਵੇਖ ਕੇ ਬਾਹਰ ਨਿਕਲਦੇ ਹਾਂ ਤਾਂ ਕੁੱਝ ਸਮੇਂ ਲਈ ਸਾਡੀਆਂ ਅੱਖਾਂ ਅੱਗੇ ਵੀ ਹਨੇਰਾ ਛਾਅ ਜਾਂਦਾ ਹੈ। ਉੱਲੂਆਂ ਦੇ ਵੱਡ-ਵਡੇਰੇ ਤਾਂ ਕਰੋੜਾਂ ਵਰ੍ਹਿਆਂ ਤੋਂ ਹਨੇਰੀਆਂ ਗੁਫ਼ਾਵਾਂ ਵਿਚ ਰਹਿਣ ਦੇ ਆਦੀ ਹੋ ਗਏ ਸਨ। ਇਸ ਲਈ ਜਿਉਂਦੇ ਰਹਿਣ ਦੀ ਜੱਦੋ-ਜਹਿਦ ਦੇ ਸਿੱਟੇ ਵਜੋਂ ਇਨ੍ਹਾਂ ਦੀਆਂ ਅੱਖਾਂ ਹਨੇਰਿਆਂ ਵਿਚ ਵੇਖਣ ਦੇ ਅਨੁਕੂਲ ਹੋ ਗਈਆਂ ਹਨ। ਇਸ ਲਈ ਦਿਨ ਵੇਲੇ ਇਨ੍ਹਾਂ ਨੂੰ ਘੱਟ ਨਜ਼ਰ ਆਉਂਦਾ ਹੈ।

**14. ਸਵਾਲ : ਇਕ ਸੰਤ ਕਹਿੰਦਾ ਹੈ ਕਿ ਮਰੀ ਹੋਈ ਕੁੱਤੀ ਨੇ ਸੰਤਾਂ ਦਾ ਦੁੱਧ ਪੀ ਲਿਆ ਅਤੇ ਉਹ ਇੰਗਲੈਂਡ ਦੀ ਮਹਾਰਾਣੀ ਬਣ ਗਈ?**

ਜਵਾਬ : ਸਾਧ-ਸੰਤ ਅਤੇ ਕੀਰਤਨੀਏ ਜੋ ਦੀਵਾਨ ਲਾਉਂਦੇ ਹਨ, ਉਨ੍ਹਾਂ ਵਿਚੋਂ ਕਈ ਵੱਡੇ-ਵੱਡੇ ਗੱਪ ਹੀ ਛੱਡੇ ਜਾਂਦੇ ਹਨ, ਜਿਨ੍ਹਾਂ ਦਾ ਹਕੀਕਤ ਨਾਲ ਕੋਈ ਸਬੰਧ ਨਹੀਂ ਹੁੰਦਾ। ਇਸ ਸੰਤ ਜੀ ਮਹਾਰਾਜ ਨੂੰ ਕੋਈ ਪੁੱਛਣ ਵਾਲਾ ਹੋਵੇ, ਉਸ ਨੇ ਖੁਦ ਮਰੀ ਹੋਈ ਕੁੱਤੀ ਵੇਖੀ ਸੀ? ਆਪਣਾ ਦੁੱਧ ਆਪਣੇ ਹੱਥੀਂ ਉਸ ਨੂੰ ਖੁਦ ਪਿਲਾਇਆ ਸੀ? ਅਤੇ ਇੰਗਲੈਂਡ ਦੀ ਮਹਾਰਾਣੀ ਦੀ ਮਾਂ ਦੀ ਕੁੱਖ ਵਿਚ ਕੀ ਉਸ ਨੇ ਕੁੱਤੀ ਨੂੰ ਜੰਮਦਿਆਂ ਵੇਖਿਆ ਸੀ? ਅਸਲ ਵਿਚ, ਅਜਿਹੇ ਹਰੇਕ ਅਖੌਤੀ ਵਿਦਵਾਨ ਪ੍ਰਾਚੀਨ ਕਿੱਸਿਆਂ ਵਿਚੋਂ ਕੁੱਝ ਕਲਪਿਤ ਉਦਾਹਰਣਾਂ ਦੇ ਕੇ ਆਪਣੇ ਭਾਸ਼ਣ ਨੂੰ ਰੌਚਕ ਅਤੇ ਜੋਸ਼ੀਲਾ ਬਣਾਉਣ ਦਾ ਯਤਨ ਕਰਦੇ ਹਨ ਤਾਂ ਜੋ ਉਨ੍ਹਾਂ ਦੁਆਲੇ ਭੀੜ ਹੋਰ ਵਧੇ ਅਤੇ ਉਨ੍ਹਾਂ ਦੀ ਕਮਾਈ ਦੇ ਵਸੀਲੇ ਵੱਡੇ ਹੋਣ। ਧਾਰਮਿਕ ਸੋਚ ਕਾਰਨ ਦੀਵਾਨ ਸੁਣਨ ਆਏ ਬਹੁਤੇ ਲੋਕਾਂ ਦੇ ਦਿਮਾਗ ਬੰਦ ਹੁੰਦੇ ਹਨ ਤੇ ਕੋਈ ਵੀ ਉਨ੍ਹਾਂ ਵੱਲੋਂ ਦੱਸੀਆਂ ਗੱਲਾਂ 'ਤੇ ਕਿੰਤੂ-ਪ੍ਰੰਤੂ ਨਹੀਂ ਕਰਦਾ।

**15. ਸਵਾਲ : ਕੀ ਅਨਪੜ੍ਹ ਲੋਕ ਵੀ ਆਪਣੀ ਸੋਚ ਵਿਗਿਆਨਕ ਬਣਾ ਸਕਦੇ ਹਨ?**

ਜਵਾਬ : ਤਰਕਸ਼ੀਲ ਲਹਿਰ ਦੇ ਇਤਿਹਾਸ ਵਿਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ, ਜਿਨ੍ਹਾਂ ਵਿਚ ਅਨਪੜ੍ਹ ਲੋਕਾਂ ਨੇ ਵੀ ਆਪਣੀ ਸੋਚ ਵਿਗਿਆਨਕ ਬਣਾਈ ਹੈ। ਇਕ ਵਿਅਕਤੀ ਨੇ ਤਾਂ ਸਾਈਕਲ ਪੈਂਚਰ ਲਾਉਂਦਿਆਂ ਹੀ ਵਿਹਲੇ ਸਮੇਂ ਵਿਚ ਕਿਸੇ ਸਾਥੀ ਤੋਂ ਤਰਕਸ਼ੀਲ ਕਿਤਾਬਾਂ ਦੀਆਂ ਲਿਖਤਾਂ ਨੂੰ ਸੁਣਨਾ ਸ਼ੁਰੂ ਕੀਤਾ। ਜਦੋਂ ਉਸਦੀ ਦਿਲਚਸਪੀ ਜਾਗੀ, ਉਹ ਪੜ੍ਹਨ ਲਈ ਕਾਇਦਾ ਲੈ ਆਇਆ। ਇਸ ਤਰ੍ਹਾਂ ਪੰਜਾਬੀ ਪੜ੍ਹਨਾ ਸਿੱਖ ਗਿਆ ਤੇ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਸਾਈਕਲਾਂ ਦੀ ਮੁਰੰਮਤ ਕਰਦੇ-ਕਰਦੇ ਨੇ ਕਾਰਾਂ ਦੀ ਮੁਰੰਮਤ ਕਰਨਾ ਸਿੱਖ ਲਿਆ। ਇਸ ਤੋਂ ਬਾਅਦ ਉਹ ਕੰਬਾਈਨਾਂ ਦੀ ਫ਼ੈਕਟਰੀ ਵਿਚ ਨੌਕਰੀ ਕਰਨ ਲੱਗ ਪਿਆ ਅਤੇ ਕੰਬਾਈਨਾਂ ਬਣਾਉਣੀਆਂ ਸਿੱਖ ਗਿਆ। ਅਸਲੀ ਗੱਲ ਦਿਲਚਸਪੀ ਪੈਦਾ ਹੋਣ ਦੀ ਹੈ। ਇਸ ਲਈ ਵਿਗਿਆਨਕ ਸੋਚ ਆਪਣੇ ਅੰਦਰ ਪੈਦਾ ਕਰਨਾ ਬਹੁਤ ਜ਼ਿਆਦਾ ਔਖਾ ਕੰਮ ਨਹੀਂ। ਇਹ ਕੀਤਾ ਜਾ ਸਕਦਾ ਹੈ।




# ਵਿਗਿਆਨ ਜੋਤ

ਨੂੰ ਘਰ ਘਰ ਪਹੁੰਚਾਉਣ ਲਈ
ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ ਬਣਾਉਣ ਵਾਲੇ ਨੂੰ**

**70 ਰੁਪਏ ਮੁੱਲ ਦੀਆਂ ਕਿਤਾਬਾਂ**
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ ਬਣਾਉਣ ਵਾਲੇ ਨੂੰ**

**160 ਰੁਪਏ ਮੁੱਲ ਦੀਆਂ ਕਿਤਾਬਾਂ**
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ ਬਣਾਉਣ ਵਾਲੇ ਨੂੰ**

**340 ਰੁਪਏ ਮੁੱਲ ਦੀਆਂ ਕਿਤਾਬਾਂ**
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ ਬਣਾਉਣ ਵਾਲੇ ਨੂੰ**

**1000 ਰੁਪਏ ਮੁੱਲ ਦੀਆਂ ਕਿਤਾਬਾਂ ਅਤੇ ਇੱਕ ਪ੍ਰਸ਼ੰਸਾ ਪੱਤਰ**
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :

**ਅਮਿੱਤ ਮਿੱਤਰ**
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਜਦੋਂ ਮਨੁੱਖ ਬਾਂਦਰਾਂ ਦੀ ਤਰ੍ਹਾਂ ਜੰਗਲਾਂ ਵਿੱਚ ਰਹਿੰਦਾ ਸੀ

ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834

ਬਹੁਤ ਲੰਮੇ ਸਮੇਂ ਤੱਕ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਧਰਤੀ ’ਤੇ ਹਰ ਤਰ੍ਹਾਂ ਦੇ ਜੀਵਨ ਦੀ ਉੱਤਪਤੀ ਵੱਖ-ਵੱਖ ਰੂਪਾਂ ਵਿੱਚ ਹੋਈ ਹੈ ਅਤੇ ਕਿਸੇ ਨੇ ਵੀ ਕਦੇ ਆਪਣਾ ਸਰੂਪ ਨਹੀਂ ਬਦਲਿਆ। ਚਾਰਲਸ ਡਾਰਵਿਨ ਪਹਿਲੇ ਅਜਿਹੇ ਵਿਗਿਆਨਿਕ ਸਨ ਜਿਨ੍ਹਾਂ ਨੇ ਇਸ ਧਾਰਨਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਅਤੇ ਵਿਕਾਸ ਦੀ ਆਧੁਨਿਕ ਥਿਊਰੀ ਦਾ ਆਧਾਰ ਤਿਆਰ ਕੀਤਾ। ਇਸ ਐਵੋਲਿਊਸ਼ਨ ਸਿਧਾਂਤ ਦੇ ਅਨੁਸਾਰ ਵਿਕਾਸ ਵਿੱਚ ਪ੍ਰਕਿਰਿਆ ਹੈ ਜਿਸ ਨਾਲ ਧਰਤੀ ਉੱਤੇ ਰਹਿਣ ਵਾਲਾ ਹਰ ਜੀਵ ਲੱਖਾਂ ਸਾਲ ਪਹਿਲਾਂ ਇੱਥੇ ਰਹਿਣ ਵਾਲੇ ਸਾਂਝੇ ਪੂਰਵਜਾਂ ਦੇ ਵੰਸ਼ਜ ਹਨ। ਸਾਰੇ ਪੌਦਿਆਂ ਅਤੇ ਜਾਨਵਾਰਾਂ ਦਾ ਵਿਕਾਸ ਇੱਕ ਕਰਮਵਾਰ ਤਰੀਕੇ ਨਾਲ ਹੋਇਆ ਅਤੇ ਹੁਣ ਤੱਕ ਹੋ ਰਿਹਾ ਹੈ। ਚਾਰਲਸ ਡਾਰਵਿਨ ਦਾ ਜਨਮ 1809 ਵਿੱਚ ਹੋਇਆ ਸੀ। ਉਨ੍ਹਾਂ ਨੇ ਆਪਣੀ ਸਿੱਖਿਆ ਐਡਿਨਬਰਗ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੂੰ ਜੀਵ ਵਿਗਿਆਨ ਦੀ ਸਿੱਖਿਆ ਵਿੱਚ ਬਹੁਤ ਰੁਚੀ ਸੀ। ਡਾਰਵਿਨ ਨੇ ਆਪਣੀ ਯਾਤਰਾ ਨਾਲ ਸੰਬੰਧਿਤ ਤੱਥਾਂ ਨੂੰ ਇੱਕ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ। ਪੁਸਤਕ ਦਾ ਟਾਈਟਲ ਸੀ ‘ਦਿ ਓਰੀਜਨ ਆਫ਼ ਸਪੀਸਿਜ਼ ਬਾਈ ਨੈਚੁਰਲ ਸਿਲੈਕਸ਼ਨ।’ ਪੰਜਾਬੀ ਵਿੱਚ ਇਸ ਦਾ ਨਾਂ ‘ਜੀਵ ਵਿਕਾਸ’ ਹੈ। ਇਸ ਦਾ ਪਹਿਲਾਂ ਐਡੀਸ਼ਨ 1859 ਵਿੱਚ ਪ੍ਰਕਾਸ਼ਿਤ ਹੋਇਆ। ਡਾਰਵਿਨ ਦਾ ਅਧਿਐਨ, ਇਸ ਆਧਾਰ ਨੂੰ ਸਿੱਧ ਕਰਨ ਦਾ ਯਤਨ ਸੀ ਕਿ ਸਾਰੇ ਜੀਵਾਂ ਨੂੰ ਉਨ੍ਹਾਂ ਦਾ ਮੌਜੂਦਾ ਸਰੂਪ ਪੀੜ੍ਹੀਆਂ ਦੇ ਵਿਕਾਸ ਤੋਂ ਬਾਅਦ ਮਿਲਿਆ ਹੈ ਅਤੇ ਸਾਰੇ ਪੂਰਵਜ ਸਾਂਝੇ ਸਨ। ਇਸ ਤੋਂ ਇਲਾਵਾ ਕੁਦਰਤੀ ਚੋਣ ਬਾਰੇ ਉਨ੍ਹਾਂ ਦਾ ਸਿਧਾਂਤ ਇਹ ਦੱਸਣਾ ਹੈ ਕਿ ਜੀਵਨ ਲਈ ਸੰਘਰਸ਼ ਵਿੱਚ ਸਿਰਫ਼ ਸਹੀ ਜਾਂ ਯੋਗ (ਫਿਟੈਸਟ) ਹੀ ਜੀਵਨ ਰਹਿ ਸਕਦੇ ਹਨ। ਹਰ ਜੀਵ ਆਪਣੇ ਪੂਰਵਜਾਂ ਤੋਂ ਥੋੜ੍ਹਾ ਜਿਹਾ ਵੱਖਰਾ ਹੁੰਦਾ ਹੈ ਅਤੇ ਸਮੇਂ ਦੇ ਪ੍ਰਵਾਹ ਨਾਲ ਉਹ ਆਪਣਾ ਮੌਜੂਦਾ ਸਰੂਪ ਪ੍ਰਾਪਤ ਕਰਦਾ ਹੈ। ਇਹ ਪੁਸਤਕ ਜਦ ਪਹਿਲੀ ਵਾਰ ਪ੍ਰਕਾਸ਼ਿਤ ਹੋਈ ਤਾਂ ਇਸ ਨੇ ਧਾਰਮਿਕ ਲੋਕਾਂ ਦੇ ਵਿਸ਼ਵਾਸਾਂ ਵਿੱਚ ਹੰਗਾਮਾ ਖੜ੍ਹਾ ਕਰ ਦਿੱਤਾ। ਖਾਸ ਕਰਕੇ ਧਾਰਮਿਕ ਗਰੰਥਾਂ ਨੂੰ ਮੰਨਣ ਵਾਲੇ ਲਾਈਲੱਗ ਮੂਰਖਾਂ ਦੀ ਸੋਚ ਦੀਆਂ ਧੱਜੀਆਂ ਉਡਾ ਦਿੱਤੀਆਂ। ਹੁਣ ਡਾਰਵਿਨ ਦੇ ਸਿਧਾਂਤ ਨੂੰ ਵੱਡੀ ਪੱਧਰਾਂ ’ਤੇ ਮਾਨਤਾ ਪ੍ਰਾਪਤ ਹੈ ਡਾਰਵਿਨ ਨੇ ਆਪਣਾ ਸਾਰਾ ਜੀਵਨ, ਜੀਵ-ਵਿਗਿਆਨ ਦੀਆਂ ਗੁੰਝਲਦਾਰ ਸਮੱਸਿਆਵਾਂ ਦੇ ਅਧਿਐਨ ਲਈ ਸਮਰਪਿਤ ਕਰ ਦਿੱਤਾ। ਇਸ ਮਹਾਨ ਕੁਦਰਤੀ ਸ਼ਾਸਤਰੀ ਦੀ 1882 ਵਿੱਚ ਮੌਤ ਹੋ ਗਈ।



ਬਾਂਦਰ, ਲੰਗੂਰ, ਗੋਰੀਲਾ, ਚਿੰਪੈਂਜ਼ੀ ਅਤੇ ਉਰਾਂਗੁਟਾਨ ਕੁੱਝ ਅਜਿਹੇ ਜਾਨਵਰ ਹਨ ਜੋ ਕਈ ਮਾਮਲਿਆਂ ਵਿੱਚ ਮਨੁੱਖ ਨਾਲ ਰਲਦੇ ਮਿਲਦੇ ਹਨ। ਗੋਰੀਲਾ, ਚਿੰਪੈਂਜ਼ੀ ਅਤੇ ਓਰਾਂਗੁਟਾਨ ‘ਐਥ੍ਰੋਪਾਰਿਡ’ ਸ਼੍ਰੇਣੀ ਨਾਲ ਸੰਬੰਧ ਰੱਖਦੇ ਹਨ ਜੋ ਅਫ਼ਰੀਕਾ ਤੇ ਏਸ਼ੀਆਂ ਦੇ ਸੰਘਣੇ ਜੰਗਲਾਂ ਵਿੱਚ ਪਾਏ ਜਾਂਦੇ ਹਨ। ਇਨ੍ਹਾਂ ਜਾਨਵਰਾਂ ਵਿੱਚੋਂ ਚਿੰਪੈਂਜ਼ੀ ਮਨੁੱਖ ਨਾਲ ਸਭ ਤੋਂ ਵੱਧ ਰਲਦਾ ਮਿਲਦਾ ਹੈ। ਇਨ੍ਹਾਂ ਸਾਰੇ ਜਾਨਵਰਾਂ ਦੀ ਸਰੀਰਕ ਬਣਤਰ ਮਨੁੱਖਾਂ (ਸਾਡੇ) ਵਰਗੀ ਹੀ ਹੁੰਦੀ ਹੈ। ਇੱਥੋਂ ਤੱਕ ਕਿ ਉਨ੍ਹਾਂ ਦਾ ਖੂਨ ਵੀ ਸਾਡੇ ਵਰਗਾ ਹੀ ਹੁੰਦਾ ਹੈ, ਭਾਵੇਂ ਉਹ ਸਾਡੇ ਵਾਂਗ ਬੋਲ ਨਹੀਂ ਸਕਦੇ। ਉਹ ਫੁੱਲ, ਫਲ, ਪੱਤੇ, ਟਾਹਣੀਆਂ, ਕੀੜੇ-ਮਕੌੜੇ ਅਤੇ ਪੰਛੀਆਂ ਦੇ ਆਂਡੇ ਖਾਂਦੇ ਹਨ। ਗੋਰੀਲਾ ਆਮ ਤੌਰ ’ਤੇ ਮਨੁੱਖਾਂ ਦੀ ਤਰ੍ਹਾਂ ਹੀ ਲੰਮਾ ਹੁੰਦਾ ਹੈ ਪਰ ਉਨ੍ਹਾਂ ਤੋਂ ਭਾਰਾ ਅਤੇ ਤਾਕਤਵਰ ਹੁੰਦਾ ਹੈ। ਉਹ ਆਮ ਤੌਰ ਤੇ ਸ਼ਾਂਤੀ ਵਾਲੇ ਮਾਹੌਲ ਨੂੰ ਪਸੰਦ ਕਰਨ ਵਾਲੇ ਜਾਨਵਰ ਹਨ ਪਰ ਇੱਕ ਵਾਰ ਛੇੜਨ ’ਤੇ ਜਾਂ ਜ਼ਖ਼ਮੀ ਕਰ ਦੇਣ ’ਤੇ ਉਹ ਆਪਣੀ ਛਾਤੀ ਪਿੱਟਣੀ ਸ਼ੁਰੂ ਕਰ ਦਿੰਦੇ ਹਨ। ਉਹ ਆਪਦੇ ਮੂੰਹ ਨਾਲ ਢੋਲਕ ਵਰਗੀ ਆਵਾਜ਼ ਕੱਢ ਸਕਦੇ ਹਨ। ਉਨ੍ਹਾਂ ਦੀ ਚਮੜੀ ਕਾਲੀ ਹੁੰਦੀ ਹੈ। ਚਿੰਪੈਂਜ਼ੀ ਇਨ੍ਹਾਂ ਸਾਰੇ ਜਾਨਵਰਾਂ ਵਿੱਚੋਂ ਚਲਾਕ ਹੁੰਦਾ ਹੈ। ਇਹ ਮਨੁੱਖ ਦੀਆਂ ਕਈ ਆਦਤਾਂ ਦੀ ਨਕਲ ਕਰ ਸਕਦਾ ਹੈ। ਇਸ ਦਾ ਸਰੀਰ ਕਾਲ਼ੇ ਵਾਲਾਂ ਨਾਲ ਢਕਿਆ ਹੁੰਦਾ ਹੈ। ਇਸ ਨੂੰ ਆਸਾਨੀ ਨਾਲ ਫੜਿਆ ਜਾ ਸਕਦਾ ਹੈ। ਗੋਰੀਲਾ ਅਤੇ ਚਿੰਪੈਂਜ਼ੀ ਦੇ ਉਲਟ ਓਰਾਂਗੁਟਾਨ ਤਕਰੀਬਨ ਦਰੱਖਤਾਂ ’ਤੇ ਰਹਿਣ ਵਾਲਾ ਜੀਵ ਹੈ, ਇਸ ਦੇ ਬੁੱਲ੍ਹ ਬਾਹਰ ਵੱਲ ਨਿਕਲੇ ਹੁੰਦੇ ਹਨ ਅਤੇ ਕੰਨ ਛੋਟੇ ਹੁੰਦੇ ਹਨ। ਇਸ ਦਾ ਮੱਥਾ ਗੋਰੀਲਾ ਅਤੇ ਚਿੰਪੈਂਜ਼ੀ ਤੋਂ ਵੱਧ ਉੱਚਾ ਹੁੰਦਾ ਹੈ। ਬਾਂਦਰ ਅਤੇ ਲੰਗੂਰ ਇਨ੍ਹਾਂ ਜਾਨਵਰਾਂ ਤੋਂ ਫੁਰਤੀਲੇ ਹੁੰਦੇ ਹਨ, ਇਹ ਜ਼ਿਆਦਾਤਰ ਜੰਗਲੀ ਤੇ ਪਹਾੜੀ ਇਲਾਕਿਆਂ ਵਿੱਚ ਰਹਿੰਦੇ ਹਨ। ਮਨੁੱਖਾਂ ਵਾਂਗ ਇਹ ਆਪਣਾ ਘਰ ਤੇ ਭੋਜਨ ਆਪ ਤਿਆਰ ਨਹੀਂ ਕਰ ਸਕਦੇ ਅਤੇ ਦਰੱਖਤਾਂ ਉੱਪਰ ਰਹਿ ਕੇ ਆਪਣਾ ਸਾਰਾ ਜੀਵਨ ਗੁਜ਼ਾਰ ਦਿੰਦੇ ਹਨ। ਇਹ ਜੰਗਲਾਂ ਵਿੱਚ ਫੁੱਲ, ਫ਼ਲ, ਪੰਛੀ ਅਤੇ ਪੌਦਿਆਂ ਦੀਆਂ ਟਹਿਣੀਆਂ ਅਤੇ ਜੜ੍ਹਾਂ ਖਾਂ ਕੇ ਗੁਜ਼ਾਰਾ ਕਰਦੇ ਹਨ। ਇਹ ਜਲਦੀ ਹੀ ਮਨੁੱਖ ਦੁਆਰਾ ਸਿਖਾਏ ਜਾਣ ਤੇ ਉਸ ਦੇ ਵਫ਼ਾਦਾਰ

ਸਾਥੀ ਬਣ ਜਾਂਦੇ ਹਨ ਪਰ ਬੋਲ ਨਹੀਂ ਸਕਦੇ, ਬਾਕੀ ਜਾਨਵਰਾਂ ਦੀ ਤਰ੍ਹਾਂ ਹੀ ਚੀਕਾਂ ਤੇ ਕੂਕਾਂ ਮਾਰਦੇ ਹਨ, ਇਨ੍ਹਾਂ ਦੀ ਪੂਛ ਹੁੰਦੀ ਹੈ ਜੋ ਇਨ੍ਹਾਂ ਨੂੰ ਦਰਖ਼ਤਾਂ ਉੱਪਰ ਚੜ੍ਹਨ ਲਈ ਸਹਾਈ ਹੁੰਦੀ ਹੈ। ਮਨੁੱਖ ਇਨ੍ਹਾਂ ਜਾਨਵਰਾਂ ਨੂੰ ਚਲਾਕੀ ਭਰੀ ਸਕੀਮ ਨਾਲ ਹੀ ਫੜ੍ਹ ਸਕਦਾ ਹੈ। ਇਹ ਸਾਰੇ ਜਾਨਵਰ ਉਸ ਸ਼੍ਰੇਣੀ ਨਾਲ ਸਬੰਧਿਤ ਹਨ ਜਿਸ ਨਾਲ ਕੇ ਅਸੀਂ। ਲੱਖਾਂ ਸਾਲ ਪਹਿਲਾਂ ਤੇ ਲੱਖਾਂ ਸਾਲਾਂ ਤੱਕ ਮਨੁੱਖ (ਅਸੀਂ) ਵੀ ਇਨ੍ਹਾਂ ਜਾਨਵਰਾਂ ਦੀ ਤਰ੍ਹਾਂ ਹੀ ਜੰਗਲਾਂ ਵਿੱਚ ਰਹਿੰਦੇ ਸੀ। ਪਰ ਅੱਜ ਨਹੀਂ। ਅੱਜ ਦਾ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ।

ਡਾਰਵਿਨ ਦਾ ਸਿਧਾਂਤ 'ਮਨੁੱਖੀ ਵਿਕਾਸ' ਬਾਰੇ ਪੂਰੀ ਤਰ੍ਹਾਂ ਸਿੱਧ ਕਰਦਾ ਹੈ ਕਿ ਮਨੁੱਖ ਪਹਿਲਾਂ ਬਾਂਦਰਾਂ ਦੀ ਤਰ੍ਹਾਂ ਦੀ ਜੰਗਲਾਂ ਵਿੱਚ ਰਹਿੰਦਾ ਸੀ। ਬਾਂਦਰਾਂ ਦੀ ਤਰ੍ਹਾਂ ਹੀ ਬੋਲਦਾ, ਤੁਰਦਾ ਤੇ ਰਹਿੰਦਾ ਸੀ। ਸਿਧਾਂਤ ਦੱਸਦਾ ਹੈ ਕਿ ਮਨੁੱਖ ਦੇ ਜੀਵਨ ਸਫ਼ਰ ਤੇ ਸ਼ਰੀਰਕ ਬਣਤਰ ਵਿਚ ਸ਼ੁਰੂ ਤੋਂ ਹੁਣ ਤੱਕ ਕਾਫੀ ਤਬਦੀਲੀ ਆਈ ਹੈ। ਜੰਗਲਾਂ ਵਿੱਚ ਰਹਿੰਦੇ ਹੋਏ, ਹੌਲੀ-ਹੌਲੀ ਇਹ ਆਪਣੇ ਜੀਵਨ ਸਫ਼ਰ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਲੱਗਾ। ਬਾਂਦਰਾਂ ਵਾਂਗ ਚਾਰ ਲੱਤਾਂ ਤੇ ਤੁਰਨਾ ਛੱਡ ਕੇ ਪਿਛਲੀਆਂ ਦੋ ਲੱਤਾਂ ਤੇ ਸਿੱਧਾ ਖੜ੍ਹਾ ਹੋਣ ਲੱਗਾ ਅਤੇ ਅਗਲੀਆਂ ਦੋ ਲੱਤਾਂ ਨਾਲ ਜ਼ਰੂਰਤ ਮੰਦ ਚੀਜ਼ਾਂ ਨੂੰ ਚੁੱਕ ਕੇ ਇਕ ਜਗ੍ਹਾਂ ਤੋਂ ਦੂਜੀ ਜਗ੍ਹਾਂ ਲਿਜਾਣ ਲੱਗਾ ਇਸੇ ਜ਼ਰੂਰਤ ਕਾਰਨ ਇਸ ਦੀ ਸਰੀਰਕ ਬਣਤਰ ਵਿੱਚ ਬਾਂਦਰਾਂ ਵਾਂਗ ਝੁਕ ਕੇ ਚੱਲਣ ਦੀ ਆਦਤ ਵਿੱਚ, ਸਿੱਧੇ ਖੜ੍ਹੇ ਹੋ ਕੇ ਚੱਲਣ ਵਾਲੀ ਆਦਤ ਵਿੱਚ ਤਬਦੀਲ ਹੋਣ ਲੱਗੀ। ਲੱਖਾਂ ਸਾਲਾਂ ਦੇ ਇਸ ਸੰਘਰਸ਼ ਨੇ ਇਸਨੂੰ ਚਾਰ ਲੱਤਾਂ ਤੇ ਤੁਰਨਾ ਛੱਡ ਕੇ ਦੋ ਲੱਤਾਂ ਤੇ ਸਿੱਧਾ ਖੜ੍ਹਾ ਹੋ ਕੇ ਤੁਰਨਾ ਸਿੱਖਾ ਦਿੱਤਾ ਅਤੇ ਅਗਲੀਆਂ ਦੋ ਲੱਤਾਂ (ਹੱਥਾਂ) ਨਾਲ ਜ਼ਰੂਰਤ-ਮੰਦ ਕੰਮ ਧੰਦੇ ਕਰਨ ਲੱਗਾ। ਜਿਸ ਕਾਰਨ ਇਸਦਾ ਸਰੀਰਕ ਵਿਕਾਸ ਹੋਇਆ। ਪਹਿਲਾਂ ਮਨੁੱਖ ਦੇ ਬਾਂਦਰਾਂ ਵਾਂਗ ਹੀ ਪੂਛ ਹੁੰਦੀ ਸੀ। ਜਿਸ ਨੂੰ ਇਹ ਬਾਕੀ ਜਾਨਵਰਾਂ ਵਾਂਗ ਹੀ ਮੱਖੀਆਂ ਤੇ ਮੱਛਰਾਂ ਨੂੰ ਆਪਣੇ ਸਰੀਰ ਉਪਰੋਂ ਉਡਾਉਣ ਲਈ ਇਸਤੇਮਾਲ ਕਰਦਾ ਸੀ। ਜਦੋਂ ਇਸ ਨੇ ਪੂਛ ਵਾਲਾ ਕੰਮ, ਅਗਲੀਆਂ ਦੋ ਲੱਤਾਂ (ਹੱਥਾਂ) ਤੋਂ ਲੈਣਾ ਸ਼ੁਰੂ ਕਰ ਦਿੱਤਾ ਤਾਂ ਪੂਛ ਦਾ ਕੰਮ ਬੇਲੋੜਾ ਹੋ ਗਿਆ ਅਤੇ ਪੂਛ ਵੀ ਬੇਜ਼ਾਨ ਹੋ ਕੇ ਲਟਕਦੀ ਰਹਿੰਦੀ ਸੀ। ਕੁਦਰਤ ਦਾ ਇੱਕ ਨਿਯਮ ਹੈ ਜੋ ਅੰਗ ਵਰਤੋਂ ਲਈ ਇਸਤੇਮਾਲ ਨਹੀਂ ਹੁੰਦਾ, ਉਹ ਹੌਲੀ-ਹੌਲੀ ਆਪਣੇ-ਆਪ ਹੀ ਅਲੋਪ (ਖ਼ਤਮ) ਹੋ ਜਾਂਦਾ ਹੈ। ਇਸ ਲਈ ਮਨੁੱਖ ਦੀ ਪੂਛ ਵੀ ਨਾ ਵਰਤਣ ਕਾਰਨ ਅਲੋਪ ਹੋ ਗਈ। ਅੱਜ ਵੀ ਕਈ ਵਾਰ ਪੂਛ ਵਾਲੇ ਬੱਚੇ ਪੈਦਾ ਹੋ ਜਾਂਦੇ ਹਨ ਇਹ ਇਸ ਕਰਕੇ ਹੁੰਦਾ ਹੈ ਕਿ ਲੱਖਾਂ ਸਾਲ ਪੁਰਾਣੇ ਪੂਛ ਵਾਲੇ ਜੀਨਜ, ਮਨੁੱਖੀ ਸਰੀਰ ਵਿੱਚ ਸੁੱਤੇ ਪਏ ਹੁੰਦੇ ਹਨ ਕਦੇ-ਕਦੇ ਇਹ ਜਾਗਰਿਤ ਹੋ ਕੇ ਉੱਭਰ ਆਉਂਦੇ ਹਨ, ਮਨੁੱਖ ਜਦੋਂ ਜੰਗਲ ਵਿੱਚ ਰਹਿੰਦਾ ਸੀ ਤਾਂ ਬਾਂਦਰਾਂ ਵਾਂਗ ਹੀ ਇਸਦੇ ਸਰੀਰ ਉੱਪਰ ਬਹੁਤ ਸਾਰੇ ਸੰਘਣੇ ਵਾਲ਼ ਹੁੰਦੇ ਸਨ ਇਹ ਵਾਲ਼ ਉਸਦੇ ਸਰੀਰ ਉੱਪਰ ਕੋਈ ਸੱਟ ਲੱਗਣ ਤੋਂ ਰੱਖਿਆ ਕਰਦੇ ਸਨ। ਠੰਡ ਤੋਂ ਬਚਣ ਲਈ ਵੀ ਇਹ ਵਾਲ਼ ਕਾਫ਼ੀ ਲਾਭਦਾਇਕ ਸਨ ਪਰ ਜਦੋਂ ਤੋਂ ਮਨੁੱਖ ਨੇ ਮਰੇ ਹੋਏ ਜਾਨਵਰਾਂ ਦੀਆਂ ਖੱਲਾਂ ਨੂੰ ਸਰੀਰ ਢਕਣ ਲਈ ਇਸਤੇਮਾਲ ਕਰਨਾ ਸ਼ੁਰੂ ਕੀਤਾ ਤਾਂ ਇਹ ਵਾਲ਼ ਵੀ ਹੌਲੀ-ਹੌਲੀ ਸਰੀਰ ਉਪਰੋਂ ਘੱਟ ਹੋ ਗਏ।

ਸਰੀਰਕ ਬਣਤਰ ਸਹੀ ਹੋਣ ਕਾਰਨ ਮਨੁੱਖ ਦਾ ਦਿਮਾਗ ਬਾਕੀ ਜਾਨਵਰਾਂ ਤੇ ਪੰਛੀਆਂ ਦੇ ਮੁਕਾਬਲੇ ਜ਼ਿਆਦਾ ਵਿਕਾਸ ਕਰ ਗਿਆ। ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਅਤੇ ਜੀਵਨ ਸੰਘਰਸ਼ ਨੇ ਮਨੁੱਖ ਨੂੰ ਬਾਕੀ ਜਾਨਵਰਾਂ ਤੇ ਪੰਛੀਆਂ ਨੂੰ ਗੁਲਾਮ ਬਣਾਉਣਾ ਤੇ ਮਾਰ ਕੇ ਖਾਣਾ ਸਿਖਾ ਦਿੱਤਾ। ਜਿਸ ਕਾਰਨ ਮਨੁੱਖ ਹੀ ਧਰਤੀ ਉੱਪਰ ਸਾਰੇ ਜਾਨਵਰਾਂ ਤੇ ਪੰਛੀਆਂ ਨਾਲੋਂ ਮਾਨਸਿਕ ਤੇ ਸਰੀਰਕ ਪੱਖੋਂ ਉੱਤਮ ਬਣ ਗਿਆ। ਜਾਨਵਰਾਂ ਨੂੰ ਮਾਰ ਕੇ ਖਾਣ ਲਈ ਉਹ ਪੱਥਰਾਂ ਨੂੰ ਘੜ੍ਹ ਕੇ ਹਥਿਆਰ ਬਣਾਉਂਦਾ ਸੀ। ਦਰੱਖਤਾਂ ਦੇ ਲੰਮੇ ਤੇ ਮੋਟੇ ਟਾਣਿਆਂ ਨੂੰ ਪੱਥਰਾਂ ਨਾਲ ਰਗੜ੍ਹ ਕੇ ਨੋਕਦਾਰ ਬਣਾ ਲੈਂਦਾ ਜੋ ਜਾਨਵਰਾਂ ਨੂੰ ਮਾਰਨ ਲਈ ਵਰਤਦਾ ਸੀ। ਮਰੇ ਹੋਏ ਜਾਨਵਰਾਂ ਦੀਆਂ ਹੱਡੀਆਂ ਵੀ ਉਸ ਦੇ ਹੱਥਿਆਰ ਸਨ। ਮਨੁੱਖ ਆਪਣੇ ਨਾਲੋਂ ਤਾਕਤਵਰ ਜਾਨਵਰ ਨੂੰ ਮਾਰਨ ਲਈ ਝੁੰਡਾਂ ਵਿੱਚ ਰਹਿੰਦਾ ਸੀ। ਬਹੁਤ ਸਾਰੇ ਮਨੁੱਖ, ਜਾਨਵਰ ਨੂੰ ਚਾਰੇ ਪਾਸਿਆਂ ਤੋਂ ਘੇਰ ਕੇ ਨੋਕਦਾਰ ਹਥਿਆਰਾਂ ਨਾਲ ਮਾਰ ਕੇ ਖਾ ਜਾਂਦੇ ਸਨ, ਕਦੇ-ਕਦੇ ਇਹ ਜਾਨਵਰਾਂ ਨੂੰ ਘੇਰ ਕੇ ਉੱਚੇ ਪਹਾੜ ਉੱਪਰ ਲੈ ਜਾਂਦੇ ਤੇ ਪਹਾੜ੍ਹ ਉੱਪਰੋਂ ਹੇਠਾਂ ਸੁੱਟ ਕੇ ਮਾਰ ਕੇ ਖਾ ਜਾਂਦੇ ਸਨ ਜਦੋਂ ਕਦੇ ਜੰਗਲਾਂ ਨੂੰ ਕਿਸੇ ਕਾਰਨ ਅੱਗ ਲੱਗ ਜਾਂਦੀ ਤਾਂ ਬਹੁਤ ਸਾਰੇ ਜਾਨਵਰ ਮਰ ਜਾਂਦੇ, ਜਦੋਂ ਮਨੁੱਖ ਨੇ ਉਨ੍ਹਾਂ ਮਰੇ ਹੋਏ ਜਾਨਵਰਾਂ ਦਾ ਭੁੰਨਿਆ ਹੋਇਆ ਮਾਸ ਖਾਧਾ ਤਾਂ ਉਸ ਨੂੰ ਇਹ ਬਹੁਤ ਨਰਮ ਤੇ ਸੁਆਦ ਲੱਗਿਆ, ਇਸ ਲਈ ਉਹ ਭੁੱਜੇ ਹੋਏ ਮਾਸ ਦੀ ਤਲਾਸ਼ ਵਿੱਚ ਇੱਧਰ-ਉੱਧਰ ਭੱਜਦਾ। ਇੱਕ ਦਿਨ ਜਦੋਂ ਉਹ ਪੱਥਰਾਂ ਨੂੰ ਰਗੜ੍ਹ ਕੇ ਹਥਿਆਰ ਬਣਾ ਰਿਹਾ ਸੀ ਤਾਂ ਅਚਾਨਕ ਰਗੜ੍ਹ ਕਾਰਨ ਅੱਗ ਦੀ ਚੰਗਿਆੜ੍ਹੀ ਨਿੱਕਲੀ, ਜਦੋਂ ਉਹ ਲਾਗੇ ਪਏ ਸੁੱਕੇ ਘਾਹ-ਫੂਸ ਤੇ ਡਿੱਗੀ ਤਾਂ ਅੱਗ ਮੱਚ ਗਈ, ਇਹ ਦੇਖ ਕੇ ਉਹ ਬਹੁਤ ਹੈਰਾਨ ਹੋਇਆ। ਇਸ ਨਾਲ ਉਸਨੇ ਅੱਗ ਦੀ ਕਾਢ ਕੱਢ ਲਈ। ਇਸ ਲਈ ਉਸਨੇ ਜਾਨਵਰਾਂ ਦਾ ਕੱਚਾ ਮਾਸ ਖਾਣਾ ਛੱਡ ਕੇ, ਅੱਗ ਉੱਪਰ ਭੁੰਨ ਕੇ ਖਾਣਾ ਸ਼ੁਰੂ ਕਰ ਦਿੱਤਾ। ਜਦੋਂ ਉਸ ਨੂੰ ਇਹ ਪਤਾ ਲੱਗਿਆ ਕਿ ਅੱਗ ਦੀ ਰੌਸ਼ਨੀ ਨਾਲ ਹਨੇਰਾ ਦੂਰ ਹੁੰਦਾ ਹੈ ਤਾਂ ਉਸਨੇ ਅੱਗ ਦੀ ਰੌਸ਼ਨੀ ਨਾਲ ਰਾਤ ਨੂੰ ਵੀ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਅੱਗ ਦੀ ਇਸ ਅਚਾਨਕ ਕਾਢ ਨੇ ਮਨੁੱਖ ਦੇ ਜੀਵਨ ਵਿੱਚ ਬਹੁਤ ਲਾਭਦਾਇਕ ਤਬਦੀਲੀ ਲਿਆਂਦੀ। ਸਰਦੀਆਂ ਵਿੱਚ ਠੰਢ ਤੋਂ ਬਚਣ ਲਈ ਇਹ ਅੱਗ ਬਾਲ ਕੇ ਸੇਕਦਾ ਹੁੰਦਾ ਸੀ।

ਇੱਕ ਦਿਨ ਜਦੋਂ ਇਸ ਨੇ ਅਚਾਨਕ ਹੀ ਇੱਕ ਵੱਡੇ ਪੱਥਰ ਨੂੰ ਪਹਾੜ ਉਪਰੋਂ ਹੇਠਾਂ ਨੂੰ ਰੁੜ੍ਹਦੇ ਦੇਖਿਆ ਤਾਂ ਉਹ ਹੈਰਾਨ ਹੋ ਗਿਆ। ਜਿਸ ਕਾਰਨ ਉਸਨੇ ਪਹੀਏ ਦੀ ਕਾਢ ਕੱਢ ਲਈ, ਉਹ ਪੱਥਰਾਂ ਨੂੰ ਗੋਲਾਈ ਵਿੱਚ ਰਗੜ੍ਹ ਕੇ ਪਹੀਏ ਤਿਆਰ ਕਰ ਲੈਂਦਾ ਫਿਰ ਉਹ ਲੱਕੜੀਆਂ ਦਾ ਇੱਕ ਢਾਂਚਾ ਜਿਹਾ ਬਣਾ ਕੇ ਇਨ੍ਹਾਂ ਪਹੀਆਂ ਉੱਪਰ ਇਸ ਤਰ੍ਹਾਂ ਰੱਖਦਾ ਤਾਂ ਜੋ ਇਸ ਨੂੰ ਰੋੜ੍ਹ ਕੇ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਆਸਾਨੀ ਨਾਲ ਲਿਜਾ ਸਕੇ। ਹੁਣ ਉਹ ਭਾਰੇ ਸਮਾਨ ਨੂੰ ਵੀ ਆਸਾਨੀ ਨਾਲ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਲਿਜਾਣ ਲੱਗਾ, ਇਸ ਨੂੰ ਖਿੱਚਣ ਲਈ ਉਹ ਤਾਕਤਵਰ ਜਾਨਵਰਾਂ ਨੂੰ ਗੁਲਾਮ ਬਣਾ ਕੇ ਇਸਤੇਮਾਲ ਕਰਦਾ। ਪਹਿਲਾਂ ਮਨੁੱਖ ਬਾਂਦਰਾਂ ਦੀ ਤਰ੍ਹਾਂ ਹੀ ਨੰਗਾ ਰਹਿੰਦਾ ਸੀ। ਹੌਲੀ-ਹੌਲੀ ਇਹ ਠੰਡ ਤੋਂ ਬਚਣ ਲਈ ਮਰੇ ਹੋਏ ਜਾਨਵਰਾਂ ਦੀਆਂ ਖੱਲ੍ਹਾਂ ਨੂੰ ਨੰਗ ਢਕਣ ਲਈ ਇਸਤੇਮਾਲ ਕਰਨ ਲੱਗਾ। ਪਹਿਲਾਂ ਮਨੁੱਖ ਜੰਗਲ ਵਿੱਚ ਜਾਂ ਪਹਾੜ੍ਹਾਂ ਦੀਆਂ ਬਣੀਆਂ ਗੁਫ਼ਾਵਾਂ ਵਿੱਚ ਰਹਿੰਦਾ ਸੀ। ਹੌਲੀ-ਹੌਲੀ ਇਹ ਆਪਣੇ ਰਹਿਣ ਲਈ ਲੱਕੜੀ ਤੇ ਕੱਖਾਂ-ਕਾਨਿਆਂ ਦੀਆਂ ਝੌਂਪੜੀਆਂ ਬਣਾਉਣ ਲੱਗਾ। ਜ਼ਿਆਦਾਤਰ ਇਹ ਝੌਂਪੜੀਆਂ ਪਾਣੀ ਵਾਲੀ ਜਗ੍ਹਾ ਦੇ ਲਾਗੇ-ਲਾਗੇ ਹੀ ਬਣਾਉਂਦਾ ਸੀ ਤਾਂ ਜੋ ਆਸਾਨੀ ਨਾਲ ਪਾਣੀ ਦੀ ਜ਼ਰੂਰਤ ਵੀ ਪੂਰੀ ਹੋ ਸਕੇ ਅਤੇ ਗਰਮੀ ਵਿੱਚ ਉਥੇ ਨਹਾ ਸਕੇ। ਮੀਂਹ ਪੈਣ ਨਾਲ ਇਹ ਝੌਂਪੜੀਆਂ ਚੋਣ ਲੱਗ ਜਾਂਦੀਆਂ ਤੇ ਜਲਦੀ ਹੀ ਗਲ-ਸੜ੍ਹ ਕੇ ਜਾਂ ਤੇਜ਼ ਹਨੇਰੀ ਨਾਲ ਢਹਿ-ਢੇਰੀ ਹੋ ਜਾਂਦੀਆਂ, ਇਸ ਲਈ ਮਨੁੱਖ, ਇਸਨੂੰ ਹੋਰ ਮਜ਼ਬੂਤ ਕਰਨ ਲਈ ਮਿੱਟੀ ਦੇ ਕੱਚੇ ਕੋਠੇ ਬਣਾ ਕੇ ਰਹਿਣ ਲੱਗਾ। ਇਹ ਕੋਠੇ, ਝੌਂਪੜੀਆਂ ਨਾਲੋਂ

ਕੁਝ ਮਜ਼ਬੂਤ ਸਨ। ਜੰਗਲਾਂ ਵਿੱਚ ਰਹਿੰਦੇ ਸਮੇਂ ਮਨੁੱਖ ਬਾਂਦਰਾਂ ਵਾਂਗ ਹੀ ਚੀਕਾਂ ਤੇ ਕੂਕਾਂ ਮਾਰਦਾ ਸੀ। ਹੌਲੀ-ਹੌਲੀ ਇਸਨੇ ਦੂਜੇ ਮਨੁੱਖਾਂ ਨੂੰ ਦੱਸਣ ਲਈ ਬੋਲਣਾ ਵੀ ਸਿੱਖ ਲਿਆ।

ਜਦੋਂ ਮਨੁੱਖ ਨੇ ਪਾਣੀ ਵਾਲੀ ਸਲਾਭੀ ਜਗ੍ਹਾ ਤੇ ਇੱਕ ਬੀਜ ਨੂੰ ਪੁੰਗਰ ਦੇ ਵਧਦੇ ਹੋਏ ਦੇਖਿਆ, ਜਿਸ ਨਾਲ ਬਹੁਤ ਸਾਰੇ ਫਸਲ ਦੇ ਬੀਜ ਪੈਦਾ ਹੋ ਗਏ ਸਨ, ਜਦੋਂ ਇਸ ਨੇ ਉਨ੍ਹਾਂ ਨੂੰ ਖਾਧਾ ਤਾਂ ਭੁੱਖ ਮਿਟ ਗਈ। ਇਸ ਲਈ ਉਸਨੇ ਭੋਜਨ ਪੈਦਾ ਕਰਨ ਲਈ ਪੁੰਗਰੇ ਹੋਏ ਦਾਨਿਆਂ ਤੋਂ ਪੈਦਾ ਹੋਏ ਦਾਨਿਆਂ ਨੂੰ ਹੀ ਬੀਜਣਾ ਸ਼ੁਰੂ ਕਰ ਦਿੱਤਾ। ਜਿਸ ਕਾਰਨ ਉਸਨੇ ਫ਼ਸਲ ਆਪ ਬੀਜਣੀ ਸ਼ੁਰੂ ਕਰ ਦਿੱਤੀ। ਉਸ ਨੇ ਲੰਮੇ ਸਮੇਂ ਤੱਕ ਭੋਜਨ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਇਨ੍ਹਾਂ ਦਾਨਿਆਂ ਨੂੰ ਸੰਭਾਲ ਕੇ ਰੱਖਣਾ ਸ਼ੁਰੂ ਕਰ ਦਿੱਤਾ, ਇਸ ਲਈ ਮਨੁੱਖ ਨੇ ਹੁਣ ਜਾਨਵਰਾਂ ਨੂੰ ਮਾਰ ਕੇ ਖਾਣਾ ਛੱਡ ਕੇ ਆਪ ਭੋਜਨ ਤਿਆਰ ਕਰਨਾ ਸਿੱਖ ਲਿਆ ਅਤੇ ਕੱਚੇ ਕੋਠੇ ਬਣਾਉਣੇ ਛੱਡ ਕੇ ਪੱਕੇ ਮਕਾਨ ਬਣਾ ਕੇ ਰਹਿਣ ਲੱਗਾ ਪਿਆ। ਅੱਜ ਦਾ ਮਨੁੱਖ ਇਸੇ ਸੰਘਰਸ਼ ਦਾ ਹੀ ਨਤੀਜਾ ਹੈ। ਅੱਜ ਦਾ ਮਨੁੱਖ ਵਿਗਿਆਨਕ ਨਿਯਮਾਂ ਦਾ ਸਹਾਰਾ ਲੈ ਕੇ ਕਾਫ਼ੀ ਪੜ੍ਹਿਆ-ਲਿਖਿਆ, ਸਮਝਦਾਰ ਤੇ ਤਰੱਕੀ ਕਰ ਗਿਆ ਹੈ ਅਤੇ ਵਧੀਆਂ ਤਰੀਕੇ ਨਾਲ ਰਹਿੰਦਾ ਹੈ। ਜਿੱਥੇ ਮਨੁੱਖ ਨੇ ਕਾਫ਼ੀ ਚੰਗੇ ਕੰਮ ਕੀਤੇ ਹਨ, ਉੱਥੇ ਇਹ ਗਲਤ ਰੀਤੀ-ਰਿਵਾਜ਼ ਅਤੇ ਜਾਤਾਂ-ਪਾਤਾਂ ਆਦਿ ਦਾ ਨਿਰਮਾਣ ਕਰ ਬੈਠਾ ਹੈ। ਅੱਜ ਦਾ ਮਨੁੱਖ ਜ਼ਿਆਦਾ ਲਾਈਲੱਗ ਹੈ। ਜਿਸ ਕਾਰਨ ਇਹ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਵਿੱਚ ਬੁਰੀ ਤਰ੍ਹਾਂ ਫਸ ਗਿਆ ਹੈ। ਜਿਨ੍ਹਾਂ ਨੂੰ ਇਹ ਬਿਨਾਂ ਦੇਖਣ, ਸੋਚਣ ਤੇ ਪਰਖਣ ਤੋਂ ਹੀ ਮੰਨ ਲੈਂਦਾ ਹੈ ਅਤੇ ਆਪਣੇ ਵਿਸ਼ਵਾਸ ਨੂੰ ਪੱਕਾ ਬਣਾ ਲੈਂਦਾ ਹੈ। ਜਿਵੇਂ ਭੂਤ, ਚੜ੍ਹੇਲਾਂ, ਸੈਤਾਨਾਂ, ਪ੍ਰਾਥਨਾਵਾਂ, ਜਾਦੂ-ਟੂਣਿਆਂ, ਜੰਤਰਾਂ-ਮੰਤਰਾਂ, ਧਾਗੇ-ਤਵੀਤਾਂ, ਨਾਮਦਾਨਾਂ, ਆਤਮਾ-ਪ੍ਰਮਾਤਮਾ, ਕਾਗਜ਼ ਉੱਪਰ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਤੇ ਪੱਥਰਾਂ ਦੀਆਂ ਮੂਰਤੀਆਂ, ਮੰਦਰਾਂ-ਗੁਰਦੁਆਰਿਆਂ, ਚਰਚਾਂ, ਮਸੀਤਾਂ, ਗਿਰਜ਼ਾਂ ਘਰਾਂ, ਡੇਰਿਆਂ, ਮਸਜਿਦਾਂ ਅਤੇ ਮੜੀਆਂ-ਮਸਾਣਾਂ ਆਦਿ ਨੂੰ ਆਪ ਹੀ ਬਣਾਉਂਦਾ ਹੈ ਤੇ ਆਪ ਹੀ ਇਨ੍ਹਾਂ ਦੀ ਕਰੋਪੀ ਤੋਂ ਡਰਦਾ ਹੈ। ਫਿਰ ਇਨ੍ਹਾਂ ਨੂੰ ਖੁਸ਼ ਕਰਨ ਲਈ ਧੂਫ-ਬੱਤੀ ਤੇ ਪੂਜਾ ਪਾਠ ਕਰਕੇ ਰੋਟ-ਪ੍ਰਸ਼ਾਦ ਖਾਂਦਾ, ਧਾਗੇ-ਤਵੀਤ ਪਾਉਂਦਾ, ਪ੍ਰਾਰਥਨਾਵਾਂ ਕਰਦਾ, ਨਾਮ ਜਪਦਾ ਹੈ ਮੱਥੇ 'ਤੇ ਤਿਲਕ ਲਗਾਉਂਦਾ ਹੈ। ਇੱਕ ਮਨੁੱਖ ਹੀ ਦੂਜੇ ਮਨੁੱਖ ਨੂੰ ਪੂਜਣਾ ਸ਼ੁਰੂ ਕਰ ਦਿੰਦਾ ਹੈ। ਅਜਿਹਾ ਕਰਨ ਨਾਲ ਮਨੁੱਖ ਦੇ ਮਨ ਨੂੰ ਝੂਠੀ ਸ਼ਾਂਤੀ ਮਿਲਦੀ ਹੈ। ਵਿਗਿਆਨ ਤੇ ਤਰਕ ਅਨੁਸਾਰ, ਮਨੁੱਖ ਹੀ ਇੱਕ ਅਜਿਹਾ ਪ੍ਰਾਣੀ ਹੈ, ਜੋ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਵਿੱਚ ਬੁਰੀ ਤਰ੍ਹਾਂ ਫਸਿਆਂ ਹੋਇਆ ਹੈ। ਅੰਤ ਵਿੱਚ ਮਨੁੱਖ ਧਰਤੀ ਵਿੱਚੋਂ ਖਾ-ਪੀ ਕੇ ਵੱਡਾ ਹੁੰਦਾ ਹੈ ਅਤੇ ਧਰਤੀ ਵਿੱਚ ਹੀ ਸਮਾ ਜਾਂਦਾ ਹੈ।

ਪਿੰਡ-ਬਿਰਕ, ਤਹਿ-ਫਿਲੌਰ, ਜਿਲਾ-ਜਲੰਧਰ-144632

# ਸੰਖੇਪ ਵਿਚਾਰ

-ਮੇਘ ਰਾਜ ਮਿੱਤਰ




✪ ਜੇ ਭਾਰਤ ਦੇ ਲੋਕਾਂ ਨੂੰ ਖ਼ੁਸ਼ਹਾਲ ਬਣਾਉਣਾ ਹੈ ਤਾਂ ਸਾਡੇ ਸਿਆਸਤਦਾਨਾਂ ਨੂੰ ਵਿਗਿਆਨ ਦੇ ਲੜ ਲਗਣਾ ਚਾਹੀਦਾ ਹੈ। ਸਿਰਫ਼ ਤੇ ਸਿਰਫ਼ ਕਲਿਆਣਕਾਰੀ ਸਿਆਸਤ ਹੀ ਲੋਕਾਂ ਦਾ ਕਲਿਆਣ ਕਰ ਸਕਦੀ ਹੈ।

✪ ਜ਼ਿੰਦਗੀ ਦੇ ਰੋਜ਼ਾਨਾ ਕੰਮ ਧੰਦਿਆਂ ਨੂੰ ਕਰਿਦਆਂ ਪਰਖਾਂ, ਨਿਰੀਖਣਾਂ ਤੇ ਪ੍ਰਯੋਗਾਂ ਰਾਹੀਂ ਸੱਚ ਨੂੰ ਲੱਭਣਾ ਤੇ ਉਸਨੂੰ ਜ਼ਿੰਦਗੀ ਦੇ ਅਮਲ ਵਿਚ ਢਾਲਣਾ ਹੀ ਵਿਗਿਆਨਕ ਸੋਚ ਹੈ।

✪ ਤਰਕਸ਼ੀਲਾਂ ਦੇ ਪੰਜ ਕਿੰਤੂ, ਕੀ, ਕਿਉਂ, ਕਦੋਂ, ਕਿੱਥੇ ਤੇ ਕਿਵੇਂ ਹਨ। ਜੇ ਸਾਡੀ ਲੋਕਾਈ ਇਹਨਾਂ ਕਿੰਤੂਆਂ ਨੂੰ ਜ਼ਿੰਦਗੀ ਦੇ ਅਮਲ ਵਿਚ ਸ਼ਾਮਿਲ ਕਰ ਲੈਂਦੀ ਹੈ ਤਾਂ ਸਾਡੀਆਂ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ।

✪ ਬ੍ਰਹਿਮੰਡ ਵਿੱਚ ਅਰਬਾਂ ਰਹੱਸ ਹਨ, ਜਿਨਾਂ ਵਿਚੋਂ ਬਹੁਤਿਆਂ ਤੋਂ ਵਿਗਿਆਨੀਆਂ ਨੇ ਪਰਦੇ ਲਾਹ ਦਿੱਤੇ ਹਨ। ਬਾਕੀ ਰਹਿੰਦਿਆਂ ਨੂੰ ਆਉਣ ਵਾਲੀਆਂ ਕੁੱਝ ਸਦੀਆਂ ਵਿਚ ਬੇਨਕਾਬ ਕਰ ਦੇਣਾ ਹੈ।

✪ ਬੁੱਧੀ ਕੋਲ ਝੁਕਣ ਵਾਲੀ ਗਰਦਨ ਨਹੀਂ ਹੁੰਦੀ।

✪ ਧਰਮਾਂ ਦੇ ਸੁੱਕੇ ਤੇ ਖੋਖਲੇ ਦਰੱਖਤਾਂ 'ਤੇ ਬੈਠੇ ਅਖੌਤੀ ਗਿਆਨੀ, ਉਲੂਆਂ ਵਾਂਗ ਇੱਕ-ਦੂਜੇ ਵੱਲ ਬਿਟਰ-ਬਿਟਰ ਦੇਖ ਰਹੇ ਹਨ।

✪ ਹਰੇਕ ਧਾਰਮਿਕ ਗ੍ਰੰਥ ਕਵਿਤਾਵਾਂ ਰੂਪੀ ਹੈ। ਭਾਵ ਅਰਥ ਕਰਨ ਵਾਲਿਆਂ ਨੇ ਆਪਣੀ ਵਿਚਾਰਧਾਰਾ ਇਹਨਾਂ ਵਿਚ ਦਰਜ ਕਰ ਕੇ ਆਮ ਲੋਕਾਂ ਨਾਲ ਬੇਇਨਸਾਫ਼ੀ ਕੀਤੀ ਹੈ।

✪ ਦੇਵੀ ਨੂੰ ਡਾਇਨਾਸੌਰ ਦੀ ਸਵਾਰੀ ਕਰਾਓ,
ਕਿਸੇ ਪਹਾੜੀ 'ਤੇ ਮੰਦਰ ਸਜਾਓ,
ਟੈਕਸ ਮੁਕਤ ਨੋਟਾਂ ਦੇ ਢੇਰ ਕਮਾਓ।

✪ ਪੁਸਤਕਾਂ ਨੂੰ ਸੰਭਾਲਣ ਨਾਲੋਂ, ਸਮਝਣ ਵਾਲਾ ਵੱਡਾ ਹੁੰਦਾ ਹੈ।

✪ ਆਸਤਿਕ ਰੱਬ ਤੋਂ ਡਰਦੇ ਹਨ, ਤਰਕਸ਼ੀਲ ਤਾਂ ਉਸ ਤੋਂ ਵੀ ਨਹੀਂ ਡਰਦੇ। ਇਸ ਲਈ ਸਿਰਫ਼ ਤੇ ਸਿਰਫ਼ ਤਰਕਸ਼ੀਲ ਹੀ ਨਿੱਡਰ ਹੋ ਸਕਦੇ ਹਨ।

✪ ਸਿਗਰਟ ਦਾ ਧੂੰਆ ਅੰਦਰ ਗਿਆ ਨੁਕਸਾਨਦਾਇਕ ਹੈ। ਪਰ ਧੂਫ਼ਬੱਤੀ ਦਾ ਕਿਹੜਾ ਫ਼ਾਇਦੇਮੰਦ ਹੈ।

✪ ਸਿਆਸਤ ਤੇ ਸੁਆਰਥ ਧਾਰਮਿਕ ਲੋਕਾਂ ਨੂੰ ਧਰਮ ਦੇ ਨਾਂਅ 'ਤੇ, ਆਦਮਖੋਰ ਵੀ ਬਣਾ ਸਕਦੇ ਹਨ।

✪ ਨਾਜਾਇਜ਼ ਕਬਜ਼ੇ ਕਰਨ ਜਾਂ ਹਟਾਉਣ ਲਈ, ਧਰਮ ਇਕ ਕਾਰਗਰ ਹਥਿਆਰ ਹੈ।

✪ ਸਿਆਸੀਓ!
ਹਿਮਾਲਿਆ ਪਰਬਤ ਚੁਕਵਾਓ,
ਦੱਖਣ ਵਿਚ ਰਖਵਾਓ,
ਵਸਤੂ ਸ਼ਾਸਤਰ ਅਨੁਸਾਰ, ਭਾਰਤ ਦੀ ਦਸ਼ਾ ਠੀਕ ਹੋ ਜਾਵੇਗੀ।

✪ ਅਖੌਤੀ ਕਥਾਵਾਚਕ ਗੱਪਾਂ ਦੇ ਗੁਬਾਰੇ ਛੱਡਣ ਜਾਂਦੇ ਹਨ, ਅਤੇ ਨੋਟਾਂ ਦੀਆਂ ਥੈਲੀਆਂ ਭਰ ਲਿਆਉਂਦੇ ਹਨ।

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



| | | | | |
|---|---|---|---|---|
| ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 40.00 | ...ਤੇ ਦੇਵ ਪੁਰਸ਼ ਹਾਰ ਗਏ 100.00 | ਦੇਵ ਦੈਂਤ ਤੇ ਰੂਹਾਂ 100.00 | ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00 | ਔਰਤਾਂ ਅਤੇ ਮਾਨਸਿਕ ਰੋਗ 50.00 |



| | | | | |
|---|---|---|---|---|
| ਮਨੋ ਵਿਸ਼ਲੇਸ਼ਣ 120.00 | ਬੱਚੇ ਅਸਫ਼ਲ ਕਿਵੇਂ ਹੁੰਦੇ ਹਨ? 80.00 | ਤਰਕਸ਼ੀਲ ਹੋਕਾ 80.00 | ਹਿਪਨੋਟਿਜ਼ਮ ਕਿਵੇਂ ਸਿੱਖੀਏ 60.00 | ਜੀਵਨ ਦੀਆਂ ਗਣਿਤਕ ਉਲਝਣਾਂ 70.00 |



| | | | | |
|---|---|---|---|---|
| ਵਸਤੂ ਸ਼ਾਸਤਰ ਕੋਰਾ ਝੂਠ 40.00 | ਰਜਨੀਸ਼ ਬੇਨਕਾਬ 30.00 | ਸ਼ੰਕਾ ਨਵਿਰਤੀ 80.00 | ਕਣ ਕਣ ਵਿੱਚ ਵਿਗਿਆਨ 40.00 | ਤਰਕਸ਼ੀਲ ਦਿਮਾਗੀ ਕਸਰਤਾਂ 50.00 |

### ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖਿਆਂ ਕਿਤਾਬਾਂ



| | | | |
|---|---|---|---|
| ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 140.00 | ਬਾਲ ਮਨਾਂ ਵਿੱਚ ਝਾਤ 120.00 | ਸਾਡੇ ਬੱਚੇ ਸਾਡੇ ਚਿਰਾਗ 80.00 | ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 140.00 |



| | | | |
|---|---|---|---|
| ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 140.00 | ਸ਼ੂਗਰ ਰੋਗ 30.00 | ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 30.00 | ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 100.00 |



| | | | |
|---|---|---|---|
| ਤੰਦਰੁਸਤ ਕਿਵੇਂ ਰਹੀਏ 80.00 | ਬਾਤਾਂ ਵਲੈਤ ਦੀਆਂ 80.00 | ਰਿਸ਼ਤਿਆਂ ਦਾ ਕਾਤਲ 40.00 | ਸਿਹਤ ਅਤੇ ਵਹਿਮ 100.00 |

### ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



| | | | | |
|---|---|---|---|---|
| ਮਨੁੱਖ ਮਹਾਂਬਲੀ ਕਿਵੇਂ ਬਣਿਆ 140.00 | ਪ੍ਰਸਿੱਧ ਵਿਗਿਆਨਕ ਖੋਜਾਂ 80.00 | ਮਹਾਨ ਵਿਗਿਆਨੀ 80.00 | ਵਿਗਿਆਨ ਦੀ ਅਦਭੁੱਤ ਦੁਨੀਆਂ 80.00 | ਮਨੁੱਖੀ ਸਰੀਰ ਦੇ ਰਹੱਸ 100.00 |



| | | | | |
|---|---|---|---|---|
| ਵਿਗਿਆਨ ਦੇ ਚਮਤਕਾਰ 80.00 | ਸਾਡਾ ਦੋਸਤ ਵਿਗਿਆਨ 80.00 | ਪੁਲਾੜ ਯਾਤਰਾ 120.00 | ਮਨੁੱਖ ਦੀ ਉਤਪਤੀ 140.00 | ਜੀਵ ਦੀ ਉਤਪਤੀ 250.00 |



| | | |
|---|---|---|
| ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/- | ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/- | ਕੰਪਿਊਟਰ ਸੰਬੰਧੀ ਸਵਾਲ-ਜਵਾਬ/80/- |



| | | |
|---|---|---|
| ਆਓ ਕੰਪਿਊਟਰ ਸਿੱਖੀਏ 80.00 | ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ 80.00 | ਸੂਚਨਾ ਦਾ ਅਧਿਕਾਰ ਕਾਨੂੰਨ 2005 30.00 |


ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:

lω□≈∆ √∆ 'ਵ∆, □≈ ≈ □ਘ, □≈≈-148101, ਘੂ : 01679-241744, 233244 ਓ√ : 01679- 241744

ਈਮੇਲ: tarksheel@gmail.com, Website: www.thepunjabi.com



ਜਨਰਲ ਨਾਲਿਜ

80.00



ਪੰਜਾਬ ਵਸੀਕਾ ਨਵੀਸੀ

250.00



ਕਚਹਿਰੀ ਸ਼ਬਦ-ਕੋਸ਼

150.00



ਜਨਰਲ ਨਾਲਿਜ

100.00



ਪ੍ਰਾਪਰਟੀ ਕਾਰੋਬਾਰ ਤੋਂ ਖ਼ੁਸ਼ਹਾਲੀ

200.00



ਦਿਮਾਗੀ ਵਿਕਾਸ ਕਿਵੇਂ ਕਰੀਏ

60.00



ਅੰਕਾਂ ਦਾ ਜਾਦੂ

60.00



ਵਿਗਿਆਨਕ ਜਾਦੂਗਰ

60.00



ਤਰਕਸ਼ੀਲ ਜਾਦੂਗਰ

60.00



ਸਟੇਜ ਦੇ ਜਾਦੂ

60.00



ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ

100.00



ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ

100.00



ਜਿਓਤਿਸ਼ ਦਾ ਐਕਸਰੇ /ਸੁਰੀਜਤ ਦੌਧਰ

100.00



ਦਿਲ ਦੀ ਵਿਗੜ ਰਹੀ ਸਿਹਤ

100.00



ਅਚਾਰ, ਮੁਰੱਬੇ ਅਤੇ ਚਟਣੀਆਂ ਤਿਆਰ ਕਰੋ

100.00



ਸੁੰਦਰਤਾ ਬਣਾਈ ਰੱਖਣ ਦੇ ਢੰਗ

100.00



ਨਾਨ-ਵੈਜ ਤਿਆਰ ਕਰਨ ਦੇ ਢੰਗ

100.00



ਨਸ਼ੇ ਛੱਡਣ ਦੇ ਢੰਗ

100.00



**ਦ ਸੈਕੰਡ ਸੈਕਸ**

400.00



**ਬੈਟਰ ਹੱਫ ਦੀ ਦੁਰਦਸ਼ਾ**

80.00



**ਸਿੱਖ ਵੀਰਾਂ ਨਾਲ ਗੱਲਾਂ**

60.00

## ਜ਼ਮੀਨ ਦੀ ਪੈਮਾਇਸ਼ ਅਤੇ ਫੁੱਟਕਲ ਜਾਣਕਾਰੀ



**ਆਰ. ਕੇ. ਭਾਰਦਵਾਜ਼, ਮੁੱਲ : 150/-**

ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਂਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖ਼ਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।

## ਪ੍ਰਸਿੱਧ ਕੁਟੇਸ਼ਨਾਂ



**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 140/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

## ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 100/-**

ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।

## ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 100/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਨਾ ਸਕਦੇ ਹੋ।

## ਭਵਨ ਨਿਰਮਾਣ ਕਿਵੇਂ ਕਰੀਏ ?



**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**

ਸੁੰਦਰ, ਮਜ਼ਬੂਤ ਅਤੇ ਭੁਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾ-ਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।

# ਧਰਮ ਦੇ ਨਾਂ ਉੱਤੇ ਔਨਲਾਈਨ ਠੱਗੀ

ਭਾਰਤ ਵਿੱਚ ਸਿਆਣਿਆਂ, ਪੀਰਫਕੀਰਾਂ ਅਤੇ ਬਾਬਿਆਂ ਦੁਆਰਾ ਧਰਮ, ਝਾੜਫੂਕ, ਟੂਣਾਟੋਟਕਾ ਵਗੈਰਾ ਦੇ ਨਾਂ ਉੱਤੇ ਲੋਕਾਂ ਨੂੰ ਮੂਰਖ ਬਣਾ ਕੇ ਲੁੱਟਣ ਦਾ ਢੰਗ ਬਹੁਤ ਪੁਰਾਣਾ ਹੈ। ਅਨਪੜ੍ਹ ਲੋਕਾਂ ਤੋਂ ਲੈ ਕੇ ਪੜ੍ਹੇ ਲਿਖੇ ਲੋਕ ਇਹਨਾਂ ਬਾਬਿਆਂ ਦੇ ਸ਼ਿਕਾਰ ਬਣ ਰਹੇ ਹਨ।

ਹੁਣ ਇਹਨਾਂ ਬਾਬਿਆਂ ਨੇ ਠੱਗਣ ਦਾ ਇੱਕ ਨਵਾਂ ਢੰਗ ਖੋਜ ਲਿਆ ਹੈ ਔਨਲਾਈਨ ਤੋਂ। ਇਸ ਦੇ ਦੁਆਰਾ ਇਹ ਲੋਕਾਂ ਨੂੰ ਔਨਲਾਈਨ ਪ੍ਰਸ਼ਾਦ, ਚਮਤਕਾਰੀ ਯੰਤਰ, ਰੁਦਰਾਕਸ਼ ਵਗੈਰਾ ਵੇਚਣ ਦੇ ਇਲਾਵਾ ਵਿਆਹ ਸ਼ਾਦੀ, ਮੁੰਡਨ ਵਰਗੀਆਂ ਸਾਰੀਆਂ ਸੇਵਾਵਾਂ ਦੇਣ ਦੇ ਨਾਂ ਉੱਤੇ ਕਈ ਹਜ਼ਾਰ ਰੁਪਏ ਤੱਕ ਹੜੱਪ ਲੈਂਦੇ ਹਨ।

ਧਰਮ ਦੇ ਨਾਂ ਉੱਤੇ ਚੱਲਣ ਵਾਲਾ ਇਹ ਔਨਲਾਈਨ ਧੰਦਾ ਕਰੋੜਾਂ ਰੁਪਏ ਤੱਕ ਪਹੁੰਚ ਚੁੱਕਾ ਹੈ। ਇੰਟਰਨੈੱਟ ਦੇ ਦੁਆਰਾ ਕੀਤਾ ਜਾਣ ਵਾਲਾ ਇਹ ਕਾਰੋਬਾਰ ਨਾ ਸਿਰਫ ਸਾਰੇ ਪ੍ਰਕਾਰ ਦੇ ਟੈਕਸਾਂ ਤੋਂ ਮੁਕਤ ਹੈ, ਸਗੋਂ ਇਸ ਦੇ ਪਿੱਛੇ ਬੈਠੇ ਲੋਕ ਦੂਰ ਤੋਂ ਹੀ ਲੋਕਾਂ ਨੂੰ ਰੋਜ਼ਾਨਾ ਲੱਖਾਂ ਰੁਪਏ ਦਾ ਚੂਨਾ ਲਗਾ ਰਹੇ ਹਨ।



ਇਸ ਔਨਲਾਈਨ ਵਪਾਰ ਦੇ ਜ਼ਰੀਏ ਨਾਮਾਤਰ ਕੀਮਤ ਦੇ ਫੋਟੋ ਪੋਸਟਰ, ਰੁਦਰਾਕਸ਼ ਧਾਰਮਕ ਸਥਾਨਾਂ ਦੇ ਪ੍ਰਸ਼ਾਦ ਵਗੈਰਾ ਸਮਾਨ ਹਜ਼ਾਰਾਂ ਤੋਂ ਲੈ ਕੇ ਲੱਖਾਂ ਰੁਪਏ ਤੱਕ ਵੇਚੇ ਜਾ ਰਹੇ ਹਨ। ਅਜਿਹੀ ਠੱਗੀ ਦਾ ਸ਼ਿਕਾਰ ਹੋਣ ਵਾਲੇ ਲੋਕ ਕਰੋੜਾਂ ਦੀ ਗਿਣਤੀ ਵਿੱਚ ਹਨ। ਇਹ ਉਹ ਲੋਕ ਹਨ, ਜਿਹੜੇ ਕਿਸੇ ਨਾ ਕਿਸੇ ਰੂਪ ਵਿੱਚ ਇੰਟਰਨੈੱਟ ਦੀ ਵਰਤੋਂ ਕਰਦੇ ਹਨ।

ਲੋਕਾਂ ਨੂੰ ਮਸ਼ਹੂਰ ਧਾਰਮਿਕ ਥਾਵਾਂ ਉੱਤੇ ਚੜ੍ਹਾਏ ਗਏ ਪ੍ਰਸ਼ਾਦ ਦੇ ਨਾਂ ਉੱਤੇ ਸਮਾਨ ਵੇਚਿਆ ਜਾ ਰਿਹਾ ਹੈ ਅਤੇ ਇਸ ਨੂੰ ਖਰੀਦਣ ਵਾਲੇ ਵੀ ਉਤਾਵਲੇ ਰਹਿੰਦੇ ਹਨ। ਇਸ ਔਨਲਾਈਨ ਪ੍ਰਸ਼ਾਦ ਨੂੰ ਵੇਚਣ ਦੇ ਪਿੱਛੇ ਬਾਬਿਆਂ ਦਾ ਇੱਕ ਪੂਰਾ ਟੋਲਾ ਕੰਮ ਕਰਦਾ ਹੈ, ਜੋ ਆਪ ਇੱਕ ਥਾਂ ਤੋਂ ਅਜਿਹੀਆਂ ਵੈੱਬਸਾਈਟਾਂ ਚਲਾਉਂਦਾ ਹੈ ਅਤੇ ਵੱਡੇ ਵੱਡੇ ਧਾਰਮਿਕ ਸਥਾਨਾਂ ਦੇ ਨਾਂ ਉੱਤੇ ਅੰਗੂਠੀਆਂ, ਪੋਸਟਰ ਵਗੈਰਾ ਵੇਚਣ ਦਾ ਕਾਰੋਬਾਰ ਕਰਦਾ ਹੈ।

ਔਨਲਾਈਨ ਪ੍ਰਸ਼ਾਦ ਵੇਚਣ ਦਾ ਕੰਮ ਕਰਨ ਵਾਲੇ ਲੋਕ ਅਯੋਧਿਆਂ, ਬੌਧਗਯਾ, ਪੁਸ਼ਕਰ, ਰਾਮੇਸ਼ਵਰ, ਦਵਾਰਕਾ, ਹਰਿਦੁਆਰ, ਕਾਲੀਘਾਟ, ਪ੍ਰਯਾਗ, ਗੋਦਾਵਰੀ ਵਰਗੀਆਂ ਥਾਵਾਂ ਉੱਤੇ ਬ੍ਰਾਹਮਣਾਂ ਨੂੰ ਭੋਜਨ ਖੁਆਉਣ ਦੇ ਨਾਂ ਉੱਤੇ 6 ਸੌ ਰੁਪਏ ਤੋਂ ਲੈ ਕੇ 3 ਹਜ਼ਾਰ ਤਕ ਦਾਨ ਵਿੱਚ ਲੈਂਦੇ ਹਨ। ਭੋਜਨ ਖੁਆ ਕੇ ਪੁੰਨ ਕਮਾਉਣ ਦੇ ਲਾਲਚ ਵਿੱਚ ਲੋਕ ਅੰਧਾਧੁੰਦ ਪੈਸਾ ਵਹਾ ਰਹੇ ਹਨ ਅਤੇ ਔਨਲਾਈਨ ਪਾਖੰਡੀਆਂ ਦੀਆਂ ਝੋਲੀਆਂ ਭਰ ਰਹੇ ਹਨ।

**ਸਲਾਹ ਦੇਂਦੇ ਜੋਤਸ਼ੀ** : ਪ੍ਰੇਸ਼ਾਨੀਆਂ ਵਿੱਚ ਉਲਝੇ ਜ਼ਿਆਦਾਤਰ ਭਾਰਤੀ ਗ੍ਰਹਿਣਛੱਤਰਾਂ ਉੱਤੇ ਅੱਖਾਂ ਮੀਚ ਕੇ ਯਕੀਨ ਕਰਦੇ ਹਨ। ਅਜਿਹੇ ਵਿੱਚ ਸੋਸ਼ਲ ਮੀਡੀਆ ਅਤੇ ਔਨਲਾਈਨ ਪ੍ਰਸ਼ਾਦ ਵੇਚਣ ਦਾ ਵਪਾਰ ਵੀ ਜ਼ੋਰਸ਼ੋਰ ਨਾਲ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ, ਜੋਤਿਸ਼ ਦੇ ਨਾਂ ਉੱਤੇ ਕਮਾਈ ਕਰਨ ਵਾਲੇ ਪ੍ਰਸਿੱਧ ਬਾਬਿਆਂ ਤੋਂ ਔਨਲਾਈਨ ਸਲਾਹ ਲੈਣ ਦੇ ਨਾਂ ਉੱਤੇ ਪੈਸਾ ਲੁੱਟਿਆ ਜਾ ਰਿਹਾ ਹੈ।

ਬਾਅਦ ਵਿੱਚ ਇਹਨਾਂ ਹੀ ਤਥਾਕਥਿਤ ਜੋਤਸ਼ੀਆਂ ਦੇ ਕਹਿਣ ਅਨੁਸਾਰ ਔਨਲਾਈਨ ਅਗੂੰਠੀ, ਰੁਦਰਾਕਸ਼, ਨਗ ਅਤੇ ਚਮਤਕਾਰੀ ਚੀਜ਼ਾਂ ਦੀ ਖਰੀਦਦਾਰੀ ਕਰਨੀ ਪੈਂਦੀ ਹੈ। ਯਾਨੀ ਅੰਬ ਦੇ ਆਮ ਗੁਠਲੀਆਂ ਦੇ ਦਾਮ। ਇਹਨਾਂ ਬਾਬਿਆਂ ਦੁਆਰਾ ਲੋਕਾਂ ਨੂੰ ਫਸਾਉਣ ਦੇ ਲਈ ਕਈ ਫੀਸਦੀ ਤੱਕ ਛੂਟ ਦਾ ਲਾਲਚ ਵੀ ਦਿੱਤਾ ਜਾਂਦਾ ਹੈ।

**ਪੂਜਾਪਾਠ ਵੀ ਹੁੰਦਾ ਹੈ** : ਧਰਮ ਦੇ ਨਾਂ ਉੱਤੇ ਔਨਲਾਈਨ ਠੱਗੀ ਦਾ ਵਪਾਰ ਕਰ ਰਹੇ ਲੋਕ ਵੱਡੀਆਂ-ਵੱਡੀਆਂ ਧਾਰਮਿਕ ਥਾਵਾਂ ਦੇ ਨਾਂ ਉੱਤੇ ਗ੍ਰਹਿਦੋਸ਼ ਨਿਵਾਰਨ, ਪਤੀਪਤਨੀ ਵਿੱਚ ਅਨਬਣ ਵਗੈਰਾ ਨੂੰ ਲੈ ਕੇ ਪੂਜਾਪਾਠ ਕਰਾਉਣ ਦੇ ਲਈ ਘਰ ਬੈਠੇ 5 ਹਜ਼ਾਰ ਤੋਂ 25 ਹਜ਼ਾਰ ਰੁਪਏ ਤੱਕ ਦੀ ਵਸੂਲੀ ਕਰ ਰਹੇ ਹਨ।

ਧਰਮ ਦਾ ਔਨਲਾਈਨ ਕਾਰੋਬਾਰ ਕਰਨ ਵਾਲੇ ਲੋਕਾਂ ਦੇ ਏਜੰਟ ਦੇਸ਼ ਦੇ ਕੋਨੇਕੋਨੇ ਵਿੱਚ ਫੈਲੇ ਹੋਏ ਹਨ, ਜੋ ਔਨਲਾਈਨ ਪੈਸੇ ਦਾ ਭੁਗਤਾਨ ਕਰਾ ਕੇ ਆਪਣੇ ਗਾਹਕਾਂ ਦੇ ਘਰ ਵਿਆਹ, ਮੁੰਡਨ, ਜਨੇਊ-ਸੰਸਕਾਰ, ਜਨਮਦਿਨ, ਵਿਆਹ ਦੀ ਵਰ੍ਹੇਗੰਢ ਵਗੈਰਾ ਵਿੱਚ ਧਾਰਮਿਕ ਪੂਜਨ ਕਰਾਏ ਜਾਣ ਦਾ ਦਾਅਵਾ ਕਰਦੇ ਹਨ।

ਇਸ ਦੇ ਇਲਾਵਾ ਔਨਲਾਈਨ ਪਿਤਰਦੋਸ਼, ਗ੍ਰਹਿਦੋਸ਼ ਸਰਪਦੋਸ਼, ਰਾਹੂਕੇਤੂ, ਚੰਦਰ, ਸੁੱਕਰ, ਕਾਲਸਰਪ, ਮੰਗਲ, ਚਾਂਡਾਲਦੋਸ਼ ਦੇ ਨਾਂ ਉੱਤੇ ਵੀ ਲੋਕਾਂ ਤੋਂ ਪੈਸੇ ਠੱਗੇ ਜਾਂਦੇ ਹਨ।

ਸਵਾਲ ਇਹ ਉੱਠਦਾ ਹੈ ਕਿ ਧਰਮ ਦੇ ਨਾਂ ਉੱਤੇ ਚਲਾਏ ਜਾ ਰਹੇ ਇਸ ਠੱਗੀ ਦੇ ਧੰਦੇ ਵਿੱਚ ਲੋਕ ਕਿਉਂ ਫਸਦੇ ਹਨ? ਸਚਾਈ ਇਹ ਹੈ, ਲੋਕ ਬਿਨਾਂ ਮਿਹਨਤ ਕੀਤੇ ਨੌਕਰੀ, ਕਾਰੋਬਾਰ, ਪੜ੍ਹਾਈ ਵਿੱਚ ਕਾਮਯਾਬੀ ਪ੍ਰਾਪਤ ਕਰਨਾ ਚਾਹੁੰਦੇ ਹਨ, ਜਿਸ ਦਾ ਫਾਇਦਾ ਚਲਾਕ ਬਾਬੇ ਉਠਾ ਰਹੇ ਹਨ। ਪ੍ਰੰਤੂ ਧਰਮ ਦੇ ਨਾਂ ਉੱਤੇ ਝੱਟ ਹੋਣ ਵਾਲੇ ਲੋਕਾਂ ਨੂੰ ਸ਼ਾਇਦ ਇਹ ਹੀ ਨਹੀਂ ਪਤਾ ਹੁੰਦਾ ਹੈ ਕਿ ਅਜਿਹੀ ਵੈਬਸਾਈਟਾਂ ਨੂੰ ਚਲਾਉਣ ਵਾਲੇ ਇੰਜਨੀਅਰਿੰਗ ਦੇ ਬੜੇ ਵੱਡੇ ਜਾਣਕਾਰ ਹੁੰਦੇ ਹਨ, ਜੋ ਲੋਕਾਂ ਦੇ ਅੰਧਵਿਸ਼ਵਾਸ ਦਾ ਲਾਭ ਉਠਾ ਕੇ ਉਸਨੂੰ ਚੂਨਾ ਲਗਾਉਣ ਦਾ ਕੰਮ ਕਰ ਰਹੇ ਹਨ।

ਸਕਾਊਟ ਟਰੇਨਰ ਕੁਲਦੀਪ ਸਿੰਘ ਦਾ ਕਹਿਣਾ ਹੈ ਕਿ ਅਸੀਂ ਨਾਜ਼ਕ ਉਮਰ ਦੇ ਬੱਚਿਆਂ ਵਿੱਚ ਧਰਮ, ਭੂਤਪ੍ਰੇਤ, ਗ੍ਰਹਿਣਛੱਤਰ, ਵਾਸਤੂ ਦੇ ਪ੍ਰਤੀ ਏਨਾ ਡਰ ਭਰ ਦੇਂਦੇ ਹਾਂ ਕਿ ਵੱਡੇ ਹੋਣ ਉੱਤੇ ਵੀ ਉਹ ਉਸਨੂੰ ਆਪਣੇ ਦਿਮਾਗ ਤੋਂ ਨਹੀਂ ਕੱਢ ਪਾਂਦੇ ਹਨ। ਅਜਿਹੇ ਵਿੱਚ ਬੱਚੇ ਭਾਵੇਂ ਹੀ ਵੱਡੇ ਹੋ ਕੇ ਡਾਕਟਰ ਬਣ, ਇੰਜਨੀਅਰ, ਕਾਰੋਬਾਰੀ, ਉਦਯੋਗਪਤੀ ਵਗੈਰਾ ਬਣ ਜਾਣ, ਪ੍ਰੰਤੂ ਆਪਣੇ ਆਪ ਨੂੰ ਧਰਮ ਦੇ ਨਾਂ ਉੱਤੇ ਲੁੱਟਾਈ ਕਰਾਉਣ ਤੋਂ ਨਹੀਂ ਰੋਕ ਪਾਂਦੇ ਹਨ।

ਸਾਨੂੰ ਆਪਣੇ ਬੱਚਿਆਂ ਨੂੰ ਮੂਰਖਪੰਥ, ਪਖੰਡੀ ਬਾਬਿਆਂ, ਪੀਰਫਕੀਰਾਂ ਵਗੈਰਾਂ ਤੋਂ ਦੂਰ ਰੱਖਣਾ ਚਾਹੀਦਾ ਹੈ।

ਕੁਲਦੀਪ ਸਿੰਘ ਜੀ ਕਹਿੰਦੇ ਹਨ ਕਿ ਇਹਨਾਂ ਚੀਜ਼ਾਂ ਤੋਂ ਕਦੇ ਕਿਸੇ ਦਾ ਭਲਾ ਨਹੀਂ ਹੋ ਸਕਦਾ ਹੈ। ਜੇਕਰ ਅਸੀਂ ਅੱਗੇ ਵਧਣਾ ਹੈ, ਤਾਂ ਆਪਣੀ ਕਾਬਲੀਅਤ ਉੱਤੇ ਯਕੀਨ ਕਰਨਾ ਹੋਵੇਗਾ ਨਾ ਕਿ ਚਮਤਕਾਰੀ ਚੀਜ਼ਾਂ ਉੱਤੇ ਕਰਨਾ ਹੋਵੇਗਾ।

-ਕੁਮਾਰ ਪਾਂਡੇਯ

# ਮੈਡੀਕਲ ਸਾਇੰਸਜ਼

**✪ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ ਦੀ ਵਧੇਰੇ ਵਰਤੋਂ ਨਾਲ ਕੈਂਸਰ ਦਾ ਖ਼ਤਰਾ**

ਦੁੱਧ ਅਤੇ ਇਸ ਤੋਂ ਬਣੀਆਂ ਵਸਤਾਂ ਦੀ ਵਧੇਰੇ ਵਰਤੋਂ ਨਾਲ ਪਰਕਊ ਗ੍ਰੰਥੀ ਦੇ ਕੈਂਸਰ ਦਾ ਖ਼ਤਰਾ ਵੱਧ ਜਾਂਦਾ ਹੈ। ਇਹ ਤੱਥ ਇੱਕ ਏਸੇ ਅਧਿਐਨ ਤੋਂ ਬਾਅਦ ਸਾਹਮਣੇ ਆਏ ਹਨ। ਮਾਹਿਰਾਂ ਅਨੁਸਾਰ ਇਸ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਨ 'ਤੇ ਇਹ ਤੱਥ ਸਾਹਮਣੇ ਆਏ ਹਨ ਕਿ ਜਿਨ੍ਹਾਂ ਲੋਕਾਂ ਦੇ ਭੋਜਨ ਵਿੱਚ ਦੁੱਧ ਅਤੇ ਦੁੱਧ ਉਤਪਾਦਾਂ ਦੀ ਮਾਤਰਾ ਜ਼ਿਆਦਾ ਸੀ, ਉਨ੍ਹਾਂ ਵਿੱਚ ਇਸ ਕੈਂਸਰ ਦੀ ਸੰਭਾਵਨਾ ਜ਼ਿਆਦਾ ਪਾਈ ਗਈ, ਜਦਕਿ ਜਿਨ੍ਹਾਂ ਲੋਕਾਂ ਨੇ ਦੁੱਧ ਅਤੇ ਦੁੱਧ ਉਤਪਾਦਾਂ ਦੀ ਵਰਤੋਂ ਘੱਟ ਕੀਤੀ, ਉਨ੍ਹਾਂ ਵਿੱਚ ਤੁਲਨਾਤਮਕ ਤੌਰ 'ਤੇ ਇਸ ਕੈਂਸਰ ਦੀ ਸੰਭਾਵਨਾ ਘੱਟ ਹੋਈ। ਦੁੱਧ ਅਤੇ ਦੁੱਧ ਤੋਂ ਬਣੀਆਂ ਚੀਜ਼ਾਂ ਦੀ ਵਰਤੋਂ ਨਾਲ ਕੈਂਸਰ ਹੋਣ ਦੇ ਪਿੱਛੇ ਕੀ ਕਾਰਨ ਹੈ? ਇਸ ਦਾ ਖੁਲਾਸਾ ਕਰਦੇ ਹੋਏ ਇੱਕ ਮਾਹਿਰ ਦਾ ਕਹਿਣਾ ਹੈ ਕਿ ਦੁੱਧ ਵਿੱਚ ਕੈਲਸ਼ੀਅਮ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਅਤੇ ਕੈਲਸ਼ੀਅਮ ਵਧੇਰੇ ਲੈਣ ਨਾਲ ਸਰੀਰ ਵਿੱਚ ਵਿਟਾਮਨ ਡੀ ਦੀ ਮਾਤਰਾ ਘੱਟ ਹੋ ਜਾਂਦੀ ਹੈ, ਜਦਕਿ ਵਿਟਾਮਨ ਡੀ ਹੀ ਅਜਿਹੇ ਕੈਂਸਰ ਤੋਂ ਬਚਾਅ ਸਕਦਾ ਹੈ।



**ਸੁਖਮੰਦਰ ਸਿੰਘ ਤੂਰ**

**✪ ਖ਼ਤਰੇ ਤੋਂ ਖਾਲੀ ਨਹੀਂ ਬੱਚਿਆਂ ਲਈ ਫ਼ਲਾ ਦੇ ਜੂਸ ਦੀ ਵਧੇਰੇ ਵਰਤੋਂ :**

ਬੱਚਿਆਂ ਨੂੰ ਜੇਕਰ ਫਲਾਂ ਦਾ ਜੂਸ ਲੋੜ ਤੋਂ ਜ਼ਿਆਦਾ ਦਿੱਤਾ ਜਾਵੇ ਤਾਂ ਇਸ ਨਾਲ ਉਨ੍ਹਾਂ ਨੂੰ ਡਾਇਰੀਆ, ਪੇਟ ਦਰਦ, ਪੇਟ ਫੁਲਣ ਅਤੇ ਪੇਟ ਵਿੱਚ ਗੈਸ ਦੀ ਸ਼ਿਕਾਇਤ ਹੋ ਸਕਦੀ ਹੈ। 'ਅਮਰੀਕਨ ਅਕਾਦਮੀ ਆਫ਼ ਪੈਡੀਐਟ੍ਰਿਕਸ' ਨੇ ਬੱਚਿਆਂ ਨੂੰ ਰੋਜ਼ਾਨਾ ਜੂਸ ਪਿਲਾਉਣ ਦੀ ਇੱਕ ਹੱਦ ਨਿਰਧਾਰਿਤ ਕੀਤੀ ਹੈ। ਅਕਾਦਮੀ ਨੇ ਚਿਤਾਵਨੀ ਦਿੰਦਿਆ ਹੋਇਆ ਆਖਿਆ ਹੈ, ਕਿ ਸਹੀ ਮਾਤਰਾ ਤੋਂ ਵੱਧ ਜੂਸ ਪਿਲਾਉਣ ਨਾਲ ਬੱਚਿਆਂ ਨੂੰ ਪੇਟ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਮਾਹਿਰਾਂ ਦੀ ਖੋਜ ਅਨੁਸਾਰ ਫ਼ਲਾਂ ਦੇ ਜੂਸ ਵਿੱਚ ਪ੍ਰੋਟੀਨ, ਚਰਬੀ, ਖਣਿਜ ਪਦਾਰਥ ਅਤੇ ਵਿਟਾਮਨ ਸੀ ਤੋਂ ਇਲਾਵਾ ਹੋਰ ਵਿਟਾਮਿਨਾਂ ਦੀ ਸਹੀ ਮਾਤਰਾ ਨਹੀਂ ਹੁੰਦੀ। ਫ਼ਲਾਂ ਦੇ ਜੂਸ ਵਿੱਚ ਕਾਰਬੋਹਾਈਡ੍ਰੇਟ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜਿਸ ਨੂੰ ਬਹੁਤ ਜ਼ਿਆਦਾ ਮਾਤਰਾ ਵਿੱਚ ਲਿਆ ਜਾਵੇ ਤਾਂ ਡਾਇਰੀਆ, ਪੇਟ ਦਰਦ, ਪੇਟ ਫੁੱਲਣ ਅਤੇ ਗੈਸ ਆਦਿ ਤਕਲੀਫ਼ਾਂ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੋਡੇ ਦੀ ਤਰ੍ਹਾਂ ਹੀ ਜੂਸ ਵਿੱਚ ਊਰਜਾ ਅਸੰਤੁਲਿਤ ਪੈਦਾ ਹੋ ਸਕਦੀ ਹੈ। ਜ਼ਿਆਦਾ ਮਾਤਰਾ ਵਿੱਚ ਜੂਸ ਪੀਣ ਨਾਲ ਵੱਡੀ ਉਮਰ ਦੇ ਲੋਕਾਂ ਵਿੱਚ ਚਰਬੀ ਦੀ ਮਾਤਰਾ ਵੱਧਣ ਬਾਰੇ ਪਰਸਪਰ ਵਿਰੋਧੀ ਨਤੀਜੇ ਆਏ ਹਨ। ਇਸ 'ਤੇ ਹੁਣ ਅਧਿਐਨ ਜਾਰੀ ਹਨ। ਅਮਰੀਕਾ ਵਿੱਚ ਫਲਾਂ ਦਾ 100 ਫੀਸਦੀ ਜੂਸ, ਜਿਸ ਵਿੱਚ ਕੁਝ ਵੀ ਨਹੀਂ ਮਿਲਾਇਆ ਜਾਂਦਾ 'ਫਰੂਟ ਜੂਸ' ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਜਦਕਿ ਜੂਸ ਵਿੱਚ ਥੋੜ੍ਹੀ ਜਿਹੀ ਵੀ ਮਿਲਾਵਟ ਉਸ ਨੂੰ 'ਫ਼ਰੂਟ ਡ੍ਰਿੰਕਸ' ਦੀ ਸ਼੍ਰੇਣੀ ਵਿੱਚ ਲਿਆ ਦਿੰਦੀ ਹੈ।

**✪ ਦੰਦਾਂ ਵਿੱਚ ਸੁਰਾਖ਼ ਹੋਣ ਤੋਂ ਰੋਕਦੀ ਹੈ ਕਾਲੀ ਚਾਹ**

ਇਹ ਅਜਿਹੀ ਸਲਾਹ ਹੈ ਜੋ ਤੁਹਾਡੇ ਦੰਦਾਂ ਦਾ ਡਾਕਟਰ ਤੁਹਾਨੂੰ ਨਹੀਂ ਦੇਵੇਗਾ। ਇਹ ਜਾਣਕਾਰੀ ਉਸ ਨੂੰ ਵੀ ਨਹੀਂ ਹੋਵੇਗੀ। ਖੋਜੀਆਂ ਨੇ ਆਪਣੀ ਇੱਕ ਨਵੀਂ ਖ਼ੋਜ ਵਿੱਚ ਕਿਹਾ ਹੈ ਕਿ ਜੇਕਰ ਤੁਸੀਂ ਭੋਜਨ ਸਮੇਂ ਦੌਰਾਨ ਕਾਲੀ ਚਾਹ ਪੀਓ ਤਾਂ ਆਪਣੇ ਦੰਦਾਂ ਨੂੰ ਸੜਨ ਅਤੇ ਉਨ੍ਹਾਂ ਵਿੱਚ ਸੁਰਾਖ਼ ਹੋਣ ਤੋਂ ਰੋਕ ਸਕਦੇ ਹੋ। 'ਟੀ ਟ੍ਰੇਡ ਹੈਲਥ ਰਿਸਰਚ ਐਸੋਸੀਏਸ਼ਨ' ਦੀ ਆਰਥਿਕ ਮੱਦਦ ਨਾਲ ਕੀਤੇ ਗਏ ਇਸ ਅਧਿਐਨ ਦੇ ਨਤੀਜਿਆਂ ਵਿੱਚ ਦੱਸਿਆ ਗਿਆ ਹੈ ਕਿ ਰੋਜ਼ਾਨਾ ਕਾਲੀ ਚਾਹ ਪੀਣ ਨਾਲ ਨਾ ਸਿਰਫ਼ ਦੰਦਾਂ ਦੀ ਸੜਨ ਰੁਕਦੀ ਹੈ, ਸਗੋਂ ਇਸ ਨਾਲ ਦੰਦਾਂ ਵਿੱਚ ਬੈਕਟੀਰੀਆ ਵੀ ਕੰਟਰੋਲ 'ਚ ਰਹਿੰਦਾ ਹੈ। ਯੂਨੀਵਰਸਿਟੀ ਆਫ਼ ਇਲਿਆਟੇਪ ਦੇ ਪ੍ਰੋਫੈਸਰ ਡਾ. ਕ੍ਰਿਸਟਿਨ ਵੂ ਦਾ ਕਹਿਣਾ ਹੈ ਕਿ ਅਧਿਐਨ ਵਿੱਚ ਅੱਖੀਂ ਦੇਖਿਆ ਹੈ ਕਿ 'ਕਲੱਬ ਟੀ' ਦਾ ਸੇਵਨ ਬੈਕਟੀਰੀਆ ਦਾ ਵਿਕਾਸ ਰੋਕਦਾ ਹੈ, ਜੋ ਕਿ ਦੰਦਾਂ ਵਿੱਚ ਸੜਨ ਦਾ ਕਾਰਨ ਬਣਦੇ ਹਨ। ਵਰਨਯੋਗ ਹੈ ਕਿ ਇਹੋ ਬੈਕਟੀਰੀਆ ਦੰਦਾਂ ਨੂੰ ਕਮਜ਼ੋਰ ਬਣਾਉਂਦੇ ਹਨ। ਡਾ. ਵੂ ਨੇ ਕਿਹਾ ਹੈ ਕਿ ਇਸ ਤੋਂ ਪਹਿਲਾਂ ਜਾਪਾਨ ਵਿੱਚ ਕੀਤੀਆਂ ਗਈਆਂ ਖੋਜਾਂ ਵਿੱਚ ਕਿਹਾ ਗਿਆ ਸੀ ਕਿ 'ਗਰੀਨ ਟੀ' ਦੇ ਉਪਯੋਗ ਨਾਲ ਦੰਦਾਂ ਵਿੱਚ ਸੁਰਾਖਾਂ ਦਾ ਹੋਣਾ ਰੁਕਦਾ ਹੈ, ਕਿਉਂਕਿ ਹਰੀ ਚਾਹ ਤਾਕਤਵਰ 'ਐਂਟੀ ਆਕਸੀਡੈਂਟ' ਹੁੰਦੀ ਹੈ। ਇਸ ਨੂੰ ਹੀ ਆਧਾਰ ਬਣਾ ਕੇ ਪੱਛਮ ਦੇ ਵਿਗਿਆਨੀਆਂ ਨੇ ਕਾਲੀ ਚਾਹ 'ਤੇ ਖੋਜ ਕੀਤੀ, ਕਿਉਂਕਿ ਯੂਰਪੀ ਦੇਸ਼ਾਂ ਅਤੇ ਅਮਰੀਕਾ ਵਿੱਚ ਕਾਲੀ ਚਾਹ ਹੀ ਹਰਮਨ ਪਿਆਰੀ ਹੈ।

**✪ ਬਿਮਾਰੀਆਂ ਤੋਂ ਬਚਾਉਣ ਲਈ ਸਹਾਇਕ ਹੈ ਡੀ. ਐਨ. ਏ. ਦੀ ਮੁਰੰਮਤ**

ਡੀ. ਐਨ. ਏ. ਦੀ ਮੁਰੰਮਤ ਨਾਲ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਰੂਸੀ ਖੋਜਾਰਥੀਆਂ ਦੀ ਇੱਕ ਟੀਮ ਨੇ ਡੀ. ਐਨ. ਏ. ਮੁਰੰਮਤ ਦੀ ਇੱਕ ਅਜਿਹੀ ਵਿਧੀ ਈਜਾਦ ਕਰਨ ਦਾ ਦਾਅਵਾ ਕੀਤਾ ਹੈ ਜੋ ਮਨੁੱਖ ਨੂੰ ਕਈ ਲਾਇਲਾਜ ਬਿਮਾਰੀਆਂ ਤੋਂ ਦੂਰ ਰੱਖਣ ਵਿੱਚ ਸਹਾਇਕ ਸਿੱਧ ਹੋਵੇਗੀ। ਡੀ. ਐਨ. ਏ. ਪਾਲਿਕਿਊਲਜ਼ ਰਸਾਇਣਕ ਤੌਰ 'ਤੇ ਬਹੁਤ ਅਸਥਿਰ ਹੁੰਦੇ ਹਨ। ਇਸ ਕਾਰਨ ਡੀ. ਐਨ. ਏ. ਨੂੰ ਕਈ ਤਰੀਕਿਆਂ ਨਾਲ ਨੁਕਸਾਨ ਪੁੱਜਦਾ ਹੈ ਅਤੇ ਸਮੇਂ ਦੇ ਨਾਲ ਉਹ ਨੁਕਸਾਨਿਆ ਵੀ ਜਾਂਦਾ ਹੈ। ਲਿਹਾਜ਼ਾ ਡੀ. ਐਨ. ਏ. ਵਿੱਚ ਨੁਕਸਾਨ ਦਾ ਪਤਾ ਲਗਾਉਣਾ ਅਤੇ ਉਸਨੂੰ ਦਰੁਸਤ ਕਰਨਾ ਜ਼ਰੂਰੀ ਹੋ ਜਾਂਦਾ ਹੈ। ਅਜਿਹਾ ਨਾ ਕਰਨ 'ਤੇ ਕੋਸ਼ਿਕਾਵਾਂ ਦੇ ਮਰਨ ਦੀ ਪ੍ਰਕਿਰਿਆ ਤੇਜ਼ ਹੋਣ ਤੋਂ ਇਲਾਵਾ ਕਈ ਬਿਮਾਰੀਆਂ ਵੀ ਸਿਰ ਚੁੱਕਣ ਲੱਗਦੀਆਂ ਹਨ। ਅਲਜ਼ਾਈਪਰ ਇਨ੍ਹਾਂ 'ਚੋਂ ਇੱਕ ਹੈ। ਪਾਜਕੋ ਸਟੇਟ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਵਸੀਲੀ ਸਟੱਡਿਟਸਕੀ ਨੇ ਆਖਿਆ ਹੈ ਕਿ ਡੀ. ਐਨ. ਏ. ਲੜੀ ਟੁੱਟਣ ਦੀ ਪ੍ਰਕਿਰਿਆ ਨੂੰ ਰੋਕਣ ਦਾ ਸਫ਼ਲ ਪ੍ਰੀਖਣ ਕੀਤਾ ਗਿਆ ਹੈ। ਨੁਕਸਾਨੇ ਡੀ. ਐਨ. ਏ. ਨੂੰ ਠੀਕ ਕਰਨ ਦੀ ਨਵੀਂ ਤਕਨੀਕ ਨਾਲ ਨਿਊਰੋ ਵਿੱਚ ਨੁਕਸਾਨ ਕਾਰਨ ਹੋਣ ਵਾਲੀਆਂ ਬਿਮਾਰੀਆਂ ਰੋਕੀਆਂ ਜਾ ਸਕਦੀਆਂ ਹਨ।

**.....ਤੇ ਅੰਤ ਵਿੱਚ**

ਰੀੜ੍ਹ ਦੀ ਹੱਡੀ ਵਿੱਚ ਸੱਟ ਜਾਂ ਕਿਸੇ ਤਰ੍ਹਾਂ ਦੇ ਜ਼ਖਮ ਨਾਲ ਜੂਝ ਰਹੇ ਲੋਕਾਂ ਲਈ ਇੱਕ ਚੰਗੀ ਖ਼ਬਰ ਹੈ। ਆਸਟ੍ਰੇਲੀਆ ਦੇ ਖੋਜਕਾਰਾਂ ਨੇ ਦਾਅਵਾ ਕੀਤਾ ਹੈ ਕਿ ਇਲੈਕਟ੍ਰੀਕਲ ਨਰਵ ਬਟਿਪੂਲੇਸ਼ਨ ਥੈਰੇਪੀ ਜ਼ਰੀਏ ਰੀੜ੍ਹ ਦੀ ਹੱਡੀ ਨੂੰ ਪਹੁੰਚੇ ਨੁਕਸਾਨ ਨੂੰ ਠੀਕ ਕੀਤਾ ਜਾ ਸਕਦਾ ਹੈ। ਸਿਡਨੀ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਆਪਣੀ ਖੋਜ ਵਿੱਚ ਦੇਖਿਆ ਹੈ ਕਿ ਰੀੜ੍ਹ ਦੀ ਹੱਡੀ ਵਿੱਚ ਨੁਕਸਾਨ ਪੁੱਜਣ ਮਗਰੋਂ ਇਸ ਥੈਰੇਪੀ ਦੀ ਮੱਦਦ ਨਾਲ ਪੈਰੀਫੇਰਲ ਨਰਵ (ਰੀੜ੍ਹ ਨੂੰ ਦਿਮਾਗ ਨਾਲ ਜੋੜਨ ਵਾਲੀ ਤੰਤ੍ਰਿਕਾ) ਦੀ ਕਾਰਜਪ੍ਰਨਾਲੀ ਵਿੱਚ ਸੁਧਾਰ ਲਿਆਂਦਾ ਜਾ ਸਕਦਾ ਹੈ। ਇਸਦੇ ਲਈ ਪੀੜਤ ਨੂੰ 6 ਹਫਤਿਆਂ ਤੱਕ ਇਸ ਥੈਰੇਪੀ ਦੇ ਦੌਰ 'ਚੋਂ ਗੁਜ਼ਰਨਾ ਪਵੇਗਾ। ਖੋਜੀਆਂ ਨੇ ਦੱਸਿਆ ਹੈ ਕਿ ਪੈਰੀਫੇਰਲ ਨਰਵ ਬਟਿਮੂਲੇਸ਼ਨ ਨਾਲ ਤੰਤ੍ਰਿਕਾ-ਤੰਤਰ ਨੂੰ ਹਰਕਤ ਵਿੱਚ ਲਿਆਉਣ 'ਚ ਮੱਦਦ ਮਿਲਦੀ ਹੈ। ਰੀੜ੍ਹ ਦੀ ਹੱਡੀ ਨੂੰ ਨੁਕਸਾਨ ਪਹੁੰਚਾਉਣ 'ਤੇ ਮਾਸਪੇਸ਼ੀਆਂ ਦਾ ਕੰਟਰੋਲ ਨਹੀਂ ਰਹਿ ਸਕਦਾ। ਇਸ ਨਾਲ ਮਰੀਜ਼ਾ ਨੂੰ ਕਾਫੀ ਲਾਭ ਹੋਣ ਦੀ ਉਮੀਦ ਬੱਝੀ ਹੈ ਤੇ ਉਹ ਸੁਖੀ ਤੇ ਪੀੜਾ ਰਹਿਤ ਜ਼ਿੰਦਗੀ ਗੁਜ਼ਾਰ ਸਕਣਗੇ।

# ਬ੍ਰੇਨ ਪੀਡੀਆ ਵਾਲੇ ਚਾਲਾਕੀ ਕਿਵੇਂ ਕਰਦੇ ਸਨ ?

-ਮੇਘ ਰਾਜ ਮਿੱਤਰ

ਤਕਰਸ਼ੀਲ ਸੁਸਾਇਟੀ ਪਿਛਲੇ 31 ਵਰ੍ਹਿਆਂ ਤੋਂ ਲੋਕਾਂ ਨੂੰ ਅੰਧਵਿਸ਼ਵਾਸਾਂ ਵਿਚੋਂ ਬਾਹਰ ਨਿਕਲਣ ਦਾ ਸੱਦਾ ਦੇ ਰਹੀ ਹੈ। ਇਸ ਵਕਫ਼ੇ ਦੌਰਾਨ ਵੱਖ-ਵੱਖ ਸ਼ਹਿਰਾਂ ਅਤੇ ਕਸਬਿਆਂ ਵਿਚ ਤਰਕਸ਼ੀਲ ਸੁਸਾਇਟੀ ਦੀਆਂ ਸ਼ਾਖਾਵਾਂ ਸਰਗਰਮ ਰਹੀਆਂ ਹਨ। ਗੁਰਚਰਨ ਨੂਰਪੁਰ ਅਤੇ ਗੁਰਪ੍ਰੀਤ ਮੱਲੋਕੇ ਜ਼ੀਰਾ ਤੋਂ ਸਾਡੀ ਸੰਸਥਾ ਦੇ ਮੈਂਬਰ ਹਨ। ਜੂਨ ਦੇ ਪਹਿਲੇ ਹਫ਼ਤੇ ਮੈਨੂੰ ਉਹਨਾਂ ਦਾ ਫ਼ੋਨ ਆਇਆ। ਕਹਿਣ ਲੱਗੇ ਕਿ ਇਕ ਸੈਮੀਨਾਰ ਦੌਰਾਨ ਸਾਡੀ ਬਹਿਸ ਬ੍ਰੇਨ ਪੀਡੀਆ ਵਾਲਿਆਂ ਨਾਲ ਹੋ ਗਈ ਹੈ। ਇਹ ਸੰਸਥਾ ਹੇਠ ਲਿਖੇ ਦਾਅਵੇ ਕਰਦੀ ਹੈ।

1. ਉਨ੍ਹਾਂ ਦੇ ਟਰੇਂਡ ਕੀਤੇ ਹੋਏ (ਸਿਖਲਾਈ ਪ੍ਰਾਪਤ) ਵਿਦਿਆਰਥੀ ਅੱਖਾਂ 'ਤੇ ਪੱਟੀ ਬੰਨ੍ਹ ਕੇ ਅਤੇ ਨੱਕ ਨਾਲ ਸੁੰਘ ਕੇ ਕਿਸੇ ਕਿਤਾਬ ਦਾ ਸਫ਼ਾ ਪੜ੍ਹ ਸਕਦੇ ਹਨ।

2. ਉਹ ਵਿਦਿਆਰਥੀਆਂ ਦੇ ਫ਼ਿੰਗਰ ਪ੍ਰਿੰਟ ਲੈ ਕੇ ਉਨ੍ਹਾਂ ਦਾ ਭਵਿੱਖ ਦੱਸ ਸਕਦੇ ਹਨ।

3. ਉਹ ਵਿਦਿਆਰਥੀਆਂ ਨੂੰ ਕਿਸੇ ਵੀ ਹੁਨਰ ਵਿਚ ਮਾਹਰ ਬਣਾ ਸਕਦੇ ਹਨ।

4. ਉਨ੍ਹਾਂ ਦੀ ਟਰੇਨਿੰਗ ਨਾਲ ਵਿਦਿਆਰਥੀ ਪੜ੍ਹਾਈ ਵਿਚ ਆਪਣੀ ਮਨੋਬਿਰਤੀ ਕੇਂਦਰਤ ਕਰਨ ਲੱਗ ਜਾਂਦੇ ਹਨ।

5. ਗਰਭਵਤੀ ਇਸਤਰੀਆਂ ਨੂੰ ਛੇਵੇਂ ਮਹੀਨੇ ਤੋਂ ਲੈ ਕੇ ਅੱਠਵੇਂ ਮਹੀਨੇ ਤੱਕ ਟਰੇਨਿੰਗ ਦੇ ਕੇ ਉਨ੍ਹਾਂ ਦੇ ਹੋਣ ਵਾਲੇ ਬੱਚੇ ਨੂੰ ਬੁੱਧੀਮਾਨ ਬਣਾਇਆ ਜਾਂਦਾ ਹੈ।

ਇਨ੍ਹਾਂ ਮੁਹਾਰਤਾਂ ਦੇ ਨਾਮ 'ਤੇ ਉਹ ਵੱਡੀਆਂ-ਵੱਡੀਆਂ ਰਕਮਾਂ ਵਸੂਲ ਲੈਂਦੇ ਹਨ। ਹਰੇਕ ਮਾਂ-ਬਾਪ ਚਾਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹਾਈ ਵਿਚ ਹੁਸ਼ਿਆਰ ਹੋਵੇ ਅਤੇ ਉਸ ਦੀ ਦਿਲਚਸਪੀ ਵਧੇ ਤਾਂ ਜੋ ਉਹ ਭਵਿੱਖ ਵਿਚ ਕੁੱਝ ਕਰਨ ਦੇ ਕਾਬਲ ਹੋ ਸਕੇ।

## ਚੁਨੌਤੀ

ਤਰਕਸ਼ੀਲ ਸੁਸਾਇਟੀ ਨੇ ਹਰੇਕ ਕਿਸਮ ਦੇ ਠੱਗਾਂ, ਸਾਧਾ-ਸੰਤਾਂ, ਜੋਤਸ਼ੀਆਂ, ਵਾਸਤੂ ਸ਼ਾਸਤਰ ਦੇ ਮਾਹਰਾਂ ਆਦਿ ਨੂੰ ਚੁਨੌਤੀ ਦਿੱਤੀ ਹੋਈ ਹੈ। ਇਸ ਚੁਨੌਤੀ ਅਨੁਸਾਰ, ਚੁਨੌਤੀ ਕਬੂਲ ਕਰਨ ਵਾਲਿਆਂ ਨੇ ਦਸ ਹਜ਼ਾਰ ਰੁਪਈਆ ਸਾਡੇ ਕੋਲ ਜਮ੍ਹਾਂ ਕਰਵਾਉਣਾ ਹੁੰਦਾ ਹੈ। ਜਿੱਤ ਜਾਣ ਦੀ ਸੂਰਤ ਵਿਚ ਅਸੀਂ ਦਸ ਹਜ਼ਾਰ ਰੁਪਏ ਦੀ ਜ਼ਮਾਨਤੀ ਰਾਸ਼ੀ ਅਤੇ ਇਕ ਕਰੋੜ ਰੁਪਏ ਦੀ ਰਾਸ਼ੀ ਜਿੱਤਣ ਵਾਲੇ ਨੂੰ ਦੇਣੀ ਹੁੰਦੀ ਹੈ। ਸਾਨੂੰ ਪਤਾ ਹੈ ਕਿ ਦੁਨੀਆ 'ਤੇ ਕੋਈ ਵੀ ਵਿਅਕਤੀ ਗ਼ੈਬੀ ਸ਼ਕਤੀ ਦਾ ਮਾਲਕ ਨਹੀਂ। ਹਾਂ, ਕਿਸੇ ਵਰਤਾਰੇ ਦਾ ਮਾਹਰ ਜ਼ਰੂਰ ਹੋ ਸਕਦਾ ਹੈ। ਅਸੀਂ ਵੇਖਿਆ ਹੈ ਕਿ ਗ਼ੈਬੀ ਸ਼ਕਤੀਆਂ ਦਾ ਦਾਅਵਾ ਕਰਨ ਵਾਲੇ ਵਿਅਕਤੀ ਇਸ ਗੱਲ ਤੋਂ ਭਲੀ-ਭਾਂਤ ਜਾਣੂੰ ਹੁੰਦੇ ਹਨ ਕਿ ਉਨ੍ਹਾਂ ਵਿਚ ਕਿਸੇ ਕਿਸਮ ਦੀ ਗ਼ੈਬੀ ਸ਼ਕਤੀ ਨਹੀਂ ਹੈ, ਪਰ ਆਪਣੇ ਸ਼ਰਧਾਲੂਆਂ ਮੂਹਰੇ ਉਨ੍ਹਾਂ ਨੇ ਆਪਣੀਆਂ ਗ਼ੈਬੀ ਸ਼ਕਤੀਆਂ ਦਾ ਦਾਅਵਾ ਕੀਤਾ ਹੁੰਦਾ ਹੈ। ਉਨ੍ਹਾਂ ਦੇ ਚੇਲੇ-ਚਾਟੜਿਆਂ ਨੂੰ ਆਪਣੇ ਪੀਰਾਂ-ਫ਼ਕੀਰਾਂ ਵਿਚ ਵਿਸ਼ਵਾਸ ਹੁੰਦਾ, ਇਸ ਲਈ ਉਹ ਜ਼ਮਾਨਤੀ ਰਾਸ਼ੀ ਜਮ੍ਹਾਂ ਕਰਵਾ ਬੈਠਦੇ ਹਨ। ਪਰਖ ਸਮੇਂ ਵੀ ਅਜਿਹੇ ਵਿਅਕਤੀ ਧਰਮ ਦੀ ਆੜ ਲੈਂਦੇ ਅਸੀਂ ਵੇਖੇ ਹਨ। ਬਹੁਤੇ ਜੋਤਸ਼ੀ ਆਪਣੀ ਗੱਦੀ 'ਤੇ ਮੂਰਤੀਆਂ ਸਜਾਉਂਦੇ ਅਤੇ ਜੋਤਾਂ ਲਗਾ ਕੇ ਰੱਖਦੇ ਹਨ। ਜਦੋਂ ਕੋਈ ਵਿਅਕਤੀ ਉਨ੍ਹਾਂ ਨੂੰ ਚੁਨੌਤੀ ਦਿੰਦਾ ਹੈ ਤਾਂ ਉਹ ਆਪ ਹੀ ਮੂਰਤੀਆਂ ਨੂੰ ਤੋੜ ਦਿੰਦੇ ਹਨ ਜਾਂ ਜੋਤ ਰਾਹੀਂ ਕੱਪੜੇ ਅਤੇ ਪੁਸਤਕਾਂ ਆਦਿ ਨੂੰ ਸਾੜ ਦਿੰਦੇ ਹਨ, ਜਿਸ ਦਾ ਦੋਸ਼ ਤਰਕਸ਼ੀਲਾਂ 'ਤੇ ਮੜ੍ਹ ਦਿੱਤਾ ਜਾਂਦਾ ਹੈ। ਅਸੀਂ ਇਨ੍ਹਾਂ ਗੱਲਾਂ ਤੋਂ ਸੁਚੇਤ ਸਾਂ। ਇਹ ਸਾਰੀਆਂ ਹਦਾਇਤਾਂ ਮੈਂ ਜ਼ੀਰੇ ਵਾਲਿਆਂ ਨੂੰ ਫ਼ੋਨ 'ਤੇ ਹੀ ਦਿੱਤੀਆਂ ਸਨ। ਨਾਲ ਹੀ ਮੈਂ ਗੁਰਚਰਨ ਨੂਰਪੁਰ ਅਤੇ ਗੁਰਪ੍ਰੀਤ ਮੱਲੋਕੇ ਨੂੰ ਹਦਾਇਤ ਕੀਤੀ ਸੀ ਕਿ ਚੁਨੌਤੀ ਸਿਰਫ਼ ਲਿਖਤੀ ਇਕਰਾਰਨਾਮੇ ਰਾਹੀਂ ਸਵੀਕਾਰ ਕਰਨੀ ਹੈ। ਉਨ੍ਹਾਂ ਨੇ ਅਜਿਹਾ ਹੀ ਕੀਤਾ।

ਅਸੀਂ ਤਰਕਸ਼ੀਲ ਜਦੋਂ ਮੇਲੇ ਲਾਉਂਦੇ ਹਾਂ ਤਾਂ ਉਥੇ ਲੋਕਾਂ ਦਾ ਇਕੱਠ ਕਰਨ ਲਈ ਅੱਖਾਂ 'ਤੇ ਪੱਟੀ ਬੰਨ੍ਹ ਕੇ ਮੋਟਰਸਾਈਕਲ ਵੀ ਚਲਾਉਂਦੇ ਹਾਂ। ਇਸ ਲਈ ਅੱਖਾਂ 'ਤੇ ਪੱਟੀ ਬੰਨ੍ਹਣ ਵਾਲੇ ਟਰਿੱਕ ਦੇ ਰਹੱਸ ਤੋਂ ਅਸੀਂ ਭਲੀ-ਭਾਂਤ ਜਾਣੂ ਸਾਂ। ਸਾਨੂੰ ਪਤਾ ਸੀ ਕਿ ਜੇ ਕਿਸੇ ਵਿਅਕਤੀ ਦੀਆਂ ਅੱਖਾਂ 'ਤੇ ਤੈਰਨ ਸਮੇਂ ਲਾਉਣ ਵਾਲੀਆਂ ਐਨਕਾਂ (ਜਿਹੜੀਆਂ ਤੈਰਾਕ ਤੈਰਨ ਸਮੇਂ ਲਾਉਂਦੇ ਹਨ) ਲਗਾ ਦਿੱਤੀਆਂ ਜਾਣ ਤਾਂ ਉਹ ਵਿਅਕਤੀ ਅੱਖਾਂ ਦੇ ਹੇਠਲੇ ਪਾਸੇ ਤੋਂ ਵੇਖਣ ਤੋਂ ਅਸਮਰੱਥ ਹੋ ਜਾਂਦਾ ਹੈ।

## ਟਾਲ-ਮਟੋਲ

ਬ੍ਰੇਨ ਪੀਡੀਆ ਵਾਲੇ ਜ਼ਮਾਨਤੀ ਰਾਸ਼ੀ ਜਮ੍ਹਾਂ ਕਰਵਾਉਣ ਤੋਂ ਟਾਲਾ ਵੱਟ ਰਹੇ ਸਨ। ਜਿਸ ਤੋਂ ਸਾਫ਼ ਜ਼ਾਹਰ ਸੀ ਕਿ ਉਹ ਸਾਡੀ ਚੁਨੌਤੀ ਨੂੰ ਸਵੀਕਾਰ ਕਰਨ ਤੋਂ ਗੁਰੇਜ਼ ਕਰ ਰਹੇ ਸਨ। ਮੌਸਮ ਖ਼ਰਾਬ ਹੋਣ ਕਰ ਕੇ ਅਤੇ ਬ੍ਰੇਨ ਪੀਡੀਆ ਵਾਲਿਆਂ ਦੇ ਜ਼ਮਾਨਤੀ ਰਕਮ ਜਮ੍ਹਾਂ ਕਰਵਾਉਣ ਤੋਂ ਟਾਲ-ਮਟੋਲ ਕਰਕੇ ਮੈਂ ਚੰਡੀਗੜ੍ਹ ਤੋਂ ਜ਼ੀਰੇ ਪਹੁੰਚਣ ਲਈ ਗੁਰੇਜ਼ ਕਰ ਗਿਆ। ਪਰ ਉਸ ਦਿਨ ਅਚਾਨਕ ਹੀ ਉਨ੍ਹਾਂ ਨੇ ਪੰਜ ਹਜ਼ਾਰ ਰੁਪਈਆ ਜਮ੍ਹਾਂ ਕਰਵਾ ਦਿੱਤਾ ਅਤੇ ਦੂਸਰੇ ਪੰਜ ਹਜ਼ਾਰ ਰੁਪਏ ਦੀ ਰਾਸ਼ੀ ਅਗਲੇ ਦਿਨ ਜਮ੍ਹਾਂ ਕਰਵਾਉਣ ਦਾ ਵਾਅਦਾ ਕਰ ਲਿਆ। ਸਾਡੇ ਕੁੱਝ ਹੋਰ ਤਰਕਸ਼ੀਲ ਸਾਥੀ ਉਥੇ ਪੁੱਜ ਗਏ। ਪੈਸੇ ਜਮ੍ਹਾਂ ਕਰਵਾਉਣ ਵਾਲੇ ਦਿਨ ਹੀ ਬ੍ਰੇਨ ਪੀਡੀਆ ਵਾਲਿਆਂ ਨੇ ਆਰ. ਐਸ.ਐਸ. ਦੇ ਕੁੱਝ ਵਰਕਰਾਂ ਨੂੰ ਆਪਣੀ ਹਮਾਇਤ 'ਤੇ ਬੁਲਾਇਆ ਹੋਇਆ ਸੀ। ਪਰਖ ਦੀ ਮਿਤੀ, ਸਮਾਂ ਅਤੇ ਸਥਾਨ ਦਾ ਫ਼ੈਸਲਾ ਕਰ ਲਿਆ ਗਿਆ।



ਦੇਸ਼ਭਗਤ ਯਾਦਗਾਰ ਹਾਲ (ਜਲੰਧਰ) ਵਿਚ 17 ਜੂਨ 2015 ਨੂੰ ਇਕ ਵਜੇ ਇਸ ਸਬੰਧੀ ਪ੍ਰੋਗਰਾਮ ਰੱਖਿਆ ਗਿਆ। ਬਹੁਤ ਸਾਰੇ ਪੱਤਰਕਾਰ ਅਤੇ ਪੁਲਿਸ ਮੁਲਾਜ਼ਮਾਂ ਸਮੇਤ 800 ਦੇ ਕਰੀਬ ਵਿਅਕਤੀ ਇਸ ਪਰਖ ਸਮੇਂ ਹਾਜ਼ਰ ਸਨ। ਫ਼ੈਸਲੇ ਅਨੁਸਾਰ, ਦੇਸ਼ਭਗਤ ਯਾਦਗਾਰ ਹਾਲ ਦੇ ਟਰੱਸਟੀਆਂ ਨੂੰ ਜੱਜ ਬਣਾਇਆ ਗਿਆ। ਪੰਜ ਲੱਖ ਦਸ ਹਜ਼ਾਰ ਰੁਪਏ ਦੀ ਨਕਦ ਰਾਸ਼ੀ ਉਨ੍ਹਾਂ ਕੋਲ ਜਮ੍ਹਾਂ ਕਰਵਾਈ ਗਈ। ਦੋ ਸੀਲਬੰਦ ਲਿਫ਼ਾਫ਼ਿਆਂ ਵਿਚ ਪੜ੍ਹੀ ਜਾਣ ਵਾਲੀ ਇਕੋ ਤਰ੍ਹਾਂ ਦੀ ਸਮੱਗਰੀ ਰੱਖੀ ਗਈ। ਟਾਲ-ਮਟੋਲ ਕਰਦੇ ਬ੍ਰੇਨ ਪੀਡੀਆ ਵਾਲੇ ਆਪਣੇ ਟਰੇਂਡ ਕੀਤੇ ਚਾਰ ਵਿਦਿਆਰਥੀਆਂ ਨੂੰ ਸਟੇਜ 'ਤੇ ਲੈ ਆਏ। ਇਕ ਵਿਦਿਆਰਥੀ ਦੀਆਂ ਅੱਖਾਂ 'ਤੇ ਕਾਲੀ ਪੱਟੀ ਬੰਨ੍ਹੀ ਗਈ। ਇਸ ਦੇ ਨਾਲ ਹੀ ਸਟੇਜ ਸਕੱਤਰ ਨੇ ਪੱਟੀ ਦੇ ਉਪਰ ਦੀ ਤੈਰਨ ਸਮੇਂ ਲਾਉਣ ਵਾਲੀਆਂ ਐਨਕਾਂ ਲਗਾ ਦਿੱਤੀਆਂ। ਵਿਦਿਆਰਥੀ ਨੂੰ ਪੁੱਛਿਆ ਗਿਆ ਕਿ ਉਸ ਨੂੰ ਕੋਈ ਤਕਲੀਫ਼ ਤਾਂ ਨਹੀਂ। ਵਿਦਿਆਰਥੀ

ਨੇ ਕਿਹਾ, "ਮੈਂ ਠੀਕ ਹਾਂ।" ਇਸ ਤੋਂ ਬਾਅਦ ਇਕ ਲਿਫ਼ਾਫ਼ਾ ਖੋਲ੍ਹ ਕੇ ਸਮੱਗਰੀ ਉਸ ਨੂੰ ਪੜ੍ਹਨ ਲਈ ਦੇ ਦਿੱਤੀ ਗਈ ਅਤੇ ਨਾਲ ਹੀ ਇਸ ਸਮੱਗਰੀ ਦੀ ਇਕ ਫ਼ੋਟੋਸਟੇਟ ਕਾਪੀ ਜੱਜਾਂ ਦੇ ਹਵਾਲੇ ਕੀਤੀ ਗਈ ਤਾਂ ਜੋ ਉਹ ਵਿਦਿਆਰਥੀ ਵਲੋਂ ਪੜ੍ਹੇ ਗਏ ਸ਼ਬਦ ਫ਼ੋਟੋ ਕਾਪੀ ਨਾਲ ਮਿਲਾ ਸਕਣ। ਪਹਿਲਾ ਵਿਦਿਆਰਥੀ ਕਹਿਣ ਲੱਗਿਆ ਕਿ ਉਹ ਪੰਜਾਬੀ ਨਹੀਂ ਪੜ੍ਹ ਸਕਦਾ, ਪਰ ਪੜ੍ਹਨ ਵਾਲੀ ਲਿਖਤ ਤਾਂ ਪਹਿਲਾਂ ਹੀ ਅੰਗਰੇਜ਼ੀ ਵਿਚ ਸੀ। ਇਹ ਵਿਦਿਆਰਥੀ ਅਸਫਲ ਹੋ ਗਿਆ।

ਦੂਸਰੀ ਵਿਦਿਆਰਥਣ 'ਤੇ ਵੀ ਇਹ ਪ੍ਰਕਿਰਿਆ ਦੁਹਰਾਈ ਗਈ। ਉਹ ਵੀ ਅਸਫਲ ਹੋ ਗਈ। ਇਸ ਤਰ੍ਹਾਂ ਬ੍ਰੇਨ ਪੀਡੀਆ ਵਾਲਿਆਂ ਨੇ ਮੰਨਿਆ, "ਸਾਡੇ ਬੱਚੇ ਇਹ ਲਿਖਤ ਅੱਜ ਨਹੀਂ ਪੜ੍ਹ ਸਕੇ, ਪਰ ਅਸੀਂ ਇਨ੍ਹਾਂ ਨੂੰ ਭਵਿੱਖ ਵਿਚ ਹੋਰ ਟਰੇਂਡ ਕਰਾਂਗੇ ਤਾਂ ਜੋ ਇਹ ਪੜ੍ਹ ਸਕਣ।" ਬ੍ਰੇਨ ਪੀਡੀਆ ਦਾ ਦਾਅਵਾ ਅਸਫਲ ਹੋ ਗਿਆ।

### ਧੰਦਾ ਕਿਵੇਂ ਕੀਤਾ ਜਾਂਦਾ ਸੀ ?

ਟੈਲੀਵਿਜ਼ਨ ਚੈਨਲਾਂ 'ਤੇ ਅਜਿਹੇ ਵਿਦਿਆਰਥੀਆਂ ਤੋਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਪੜ੍ਹਾਇਆ ਜਾਂਦਾ ਮੈਂ ਕਈ ਵਾਰ ਆਪਣੇ ਅੱਖੀਂ ਵੇਖਿਆ ਸੀ ਅਤੇ ਮੈਂ ਟੈਲੀਫ਼ੋਨ 'ਤੇ ਉਨ੍ਹਾਂ ਨੂੰ ਇਸ ਟਰਿੱਕ ਬਾਰੇ ਸੂਚਿਤ ਵੀ ਕਰਨਾ ਚਾਹੁੰਦਾ ਸਾਂ, ਪਰ ਫ਼ੋਨ ਨਾ ਮਿਲਣ ਕਰਕੇ ਅਜਿਹਾ ਕੁੱਝ ਨਾ ਕਰ ਸਕਿਆ। ਬ੍ਰੇਨ ਪੀਡੀਆ ਦੀ ਚਲਾਕੀ ਦਾ ਇਹ ਧੰਦਾ ਇਕੱਲੇ ਪੰਜਾਬ ਵਿਚ ਹੀ ਨਹੀਂ, ਸਗੋਂ ਭਾਰਤ ਦੇ ਹੋਰ ਸੂਬਿਆਂ ਵਿਚ ਵੀ ਇਸ ਦੀਆਂ ਬਰਾਂਚਾਂ ਹਨ। ਭਾਰਤ ਤੋਂ ਬਾਹਰ 'ਗੂਗਲ ਗਰਲ', 'ਜੀਨੀਅਸ', 'ਬ੍ਰੇਨ ਮਾਸਟਰ', 'ਬ੍ਰੇਨ ਐਕਟੀਵੇਸ਼ਨ' ਆਦਿ ਦੇ ਅਲੱਗ-ਅਲੱਗ ਨਾਵਾਂ ਥੱਲੇ ਅਜਿਹੀਆਂ ਸੰਸਥਾਵਾਂ ਲੋਕਾਂ ਦੀ ਲੁੱਟ ਕਰ ਰਹੀਆਂ ਹਨ। ਬੱਚਿਆਂ ਨੂੰ ਮਾਹਰ ਬਣਾਉਣ ਦੀਆਂ ਫ਼ੀਸਾਂ ਦੇ ਰੂਪ ਵਿਚ ਵੀਹ ਤੋਂ ਚਾਲੀ ਹਜ਼ਾਰ ਰੁਪਏ ਪ੍ਰਤੀ ਵਿਦਿਆਰਥੀ ਵਸੂਲੇ ਜਾਂਦੇ ਹਨ। ਹਾਲਾਂਕਿ, ਇਹ ਇਕੱਲੀ ਠੱਗੀ ਦਾ ਹੀ ਮਾਮਲਾ ਨਹੀਂ ਹੈ, ਸਗੋਂ ਬੱਚਿਆਂ ਨੂੰ ਝੂਠ ਬੋਲਣ ਅਤੇ ਮੱਕਾਰ ਬਣਨਾ ਵੀ ਸਿਖਾਇਆ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਸਾਡਾ ਨੱਕ ਸਾਡੇ ਚਿਹਰੇ ਤੋਂ ਇਕ ਇੰਚ ਉਭਰਵਾਂ ਹੁੰਦਾ ਹੈ। ਪੱਟੀ ਬੰਨ੍ਹਣ ਸਮੇਂ ਲੱਗਭਗ ਇੰਚ ਦੇ ਚੌਥੇ ਹਿੱਸੇ ਦੀ ਵਿਰਲ ਇਸ ਵਿਚ ਰਹਿ ਜਾਂਦੀ ਹੈ, ਜਿਸ ਰਾਹੀਂ ਇਹ ਵਿਦਿਆਰਥੀ ਪੜ੍ਹ ਸਕਦੇ ਸਨ। ਚਾਲਾਕ ਬੰਦੇ ਕੁੱਝ ਭੋਲੇ-ਭਾਲੇ ਵਿਅਕਤੀਆਂ ਨੂੰ ਅੱਡ-ਅੱਡ ਸ਼ਹਿਰਾਂ ਵਿਚ ਇਸ ਚਲਾਕੀ ਦੇ ਧੰਦੇ ਦੇ ਹਿੱਸੇਦਾਰ ਬਣਾ ਲੈਂਦੇ ਹਨ। ਛੁੱਟੀਆਂ ਵਿਚ ਸਕੂਲ ਦੇ ਵਿਦਿਆਰਥੀ ਅਤੇ ਇਮਾਰਤਾਂ ਵਿਹਲੀਆਂ ਹੁੰਦੀਆਂ ਹਨ। ਇਸ ਲਈ ਸਮਰ ਕੈਂਪਾਂ ਲਈ ਇਹ ਸਮਾਂ ਅਤੇ ਥਾਵਾਂ ਢੁੱਕਵੇਂ ਹੁੰਦੇ ਹਨ। ਕੈਂਪਾਂ ਅਤੇ ਅੱਖਾਂ 'ਤੇ ਪੱਟੀ ਬੰਨ੍ਹਣ ਵਾਲੇ ਟਰਿੱਕ ਦੀ ਵਰਤੋਂ ਨਾਲ ਪੜ੍ਹਨ ਦੇ ਦਾਅਵੇ ਰਾਹੀਂ ਲੋਕ ਇਨ੍ਹਾਂ ਦੇ ਝਾਂਸਿਆਂ ਵਿਚ ਫਸ ਜਾਂਦੇ ਹਨ। 16 ਜੂਨ ਦੀ ਰਾਤ ਨੂੰ ਹੀ ਡੱਬਵਾਲੀ ਵਿਖੇ ਤਰਕਸ਼ੀਲਾਂ ਨੇ ਇਸ ਟਰਿੱਕ ਦਾ ਪਰਦਾਫ਼ਾਸ਼ ਹੀ ਨਹੀਂ ਕੀਤਾ, ਸਗੋਂ ਵਸੂਲ ਕੀਤੀ ਗਈ ਰਕਮ ਦੇ ਇਕ ਲੱਖ ਅੱਸੀ ਹਜ਼ਾਰ ਰੁਪਏ ਪੁਲਿਸ ਦੀ ਸਹਾਇਤਾ ਨਾਲ ਥਾਣੇ ਵਿਚ ਵਾਪਸ ਵੀ ਕਰਵਾਏ। ਆਪਣੇ ਧੰਦੇ ਨੂੰ ਵਧਾਉਣ ਲਈ ਕਈ ਵੱਡੇ ਅਫ਼ਸਰ ਵੀ ਅਜਿਹੇ ਠੱਗੀ ਵਾਲੇ ਸੈਮੀਨਾਰਾਂ ਦਾ ਉਦਘਾਟਨ ਕਰਦੇ ਆਮ ਵੇਖੇ ਜਾਂਦੇ ਹਨ। ਅਜਿਹੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਵੀ ਬਣਦੀਆਂ ਰਹਿੰਦੀਆਂ ਹਨ। ਸਾਡੇ ਦੇਸ਼ ਦਾ ਤਾਣਾ-ਬਾਣਾ ਹੀ ਅਜਿਹਾ ਹੈ ਕਿ ਕਿਸੇ ਗ਼ਰੀਬ ਆਦਮੀ ਨੂੰ ਤਾਂ 100-200 ਰੁਪਏ ਦੀ ਚੋਰੀ ਜਾਂ ਠੱਗੀ ਵਾਸਤੇ ਸਾਲਾਂਬੱਧੀ ਜੇਲ੍ਹਾਂ ਵਿਚ ਸੁੱਟ ਦਿੰਦੇ ਹਨ, ਪਰ ਵੱਡੀਆਂ ਠੱਗੀਆਂ ਮਾਰਨ ਵਾਲੇ ਪੈਸੇ ਦੇ ਜ਼ੋਰ 'ਤੇ ਅਦਾਲਤਾਂ ਵਿਚੋਂ ਬਰੀ ਹੋ ਜਾਂਦੇ ਹਨ।

### ਕੁੱਝ ਸਵਾਲ

ਬ੍ਰੇਨ ਪੀਡੀਆ ਨੇ ਆਮ ਵਿਅਕਤੀਆਂ ਦੇ ਮਨਾਂ ਵਿਚ ਕੁੱਝ ਸਵਾਲ ਵੀ ਖੜ੍ਹੇ ਕੀਤੇ ਹਨ। ਮਹਾਂਭਾਰਤ ਦੀ ਕਥਾ ਵਿਚ ਕੌਰਵਾਂ ਦਾ ਪਿਤਾ ਧ੍ਰਿਤਰਾਸ਼ਟਰ ਅੰਨ੍ਹਾਂ ਦਰਸਾਇਆ ਗਿਆ ਹੈ। ਉਸ ਦੀ ਧਰਮ ਪਤਨੀ ਅੱਖਾਂ 'ਤੇ ਪੱਟੀ ਬੰਨ੍ਹ ਕੇ ਵੀ ਸੱਭ ਕੁੱਝ ਉਸ ਨੂੰ ਦਸਦੀ ਰਹਿੰਦੀ ਹੈ। ਇਸ ਲਈ ਅੱਜ ਦੇ ਯੁੱਗ ਵਿਚ ਕੀ ਇਹ ਸੰਭਵ ਨਹੀਂ ਹੋ ਸਕਦਾ ? ਆਮ ਤੌਰ 'ਤੇ ਅਸੀਂ ਦੇਖਦੇ ਹਾਂ ਕਿ ਬਿੱਲੀ ਹਨੇਰੇ ਵਿਚ ਵੀ ਦੇਖ ਸਕਦੀ ਹੈ ਅਤੇ ਭੁਚਾਲਾਂ ਦਾ ਕੁੱਤਿਆਂ ਨੂੰ ਪਹਿਲਾਂ ਪਤਾ ਲੱਗ ਜਾਂਦਾ ਹੈ। ਹਾਥੀ ਕਈ-ਕਈ ਮੀਲ ਦੂਰੋਂ ਹੀ ਦੂਸਰੇ ਹਾਥੀਆਂ ਦੀ ਆਵਾਜ਼ ਸੁਣ ਕੇ ਦਹਾੜਨਾ ਸ਼ੁਰੂ ਕਰ ਦਿੰਦੇ ਹਨ। ਅਜਿਹਾ ਕਿਉਂ ਹੁੰਦਾ ਹੈ, ਕਿਉਂਕਿ ਪਸ਼ੂਆਂ ਵਿਚ ਸੁਣਨ, ਵੇਖਣ ਅਤੇ ਸੁੰਘਣ ਦੀਆਂ ਸਮਰੱਥਾਵਾਂ ਮਨੁੱਖ ਨਾਲੋਂ ਵੱਧ ਜਾਂ ਘੱਟ ਹੁੰਦੀਆਂ ਹਨ। ਅੱਖਾਂ ਬੰਦ ਕਰਨ ਤੋਂ ਬਾਅਦ ਜੇ ਤੁਹਾਡੇ ਖੱਬੇ ਹੱਥ ਵਿਚ ਕੇਲਾ ਫੜਾਉਂਦਾ ਹੈ ਅਤੇ ਸੱਜੇ ਹੱਥ ਵਿਚ ਸੇਬ ਫੜਾਉਂਦਾ ਹੈ। ਤੁਸੀਂ ਇਹ ਬਗੈਰ ਵੇਖੇ ਦੱਸ ਸਕਦੇ ਹੋ ਕਿ ਕਿਸ ਹੱਥ ਵਿਚ ਕੇਲਾ ਤੇ ਕਿਸ ਵਿਚ ਸੇਬ ਫੜਾਇਆ ਹੈ। ਅੰਨ੍ਹੇ ਵਿਅਕਤੀ ਨਾ ਵੇਖਦੇ ਹੋਏ ਵੀ ਬਰੇਲ ਲਿੱਪੀ ਵਿਚ ਅੱਖਰਾਂ ਨੂੰ ਛੂਹ ਕੇ ਪੜ੍ਹ ਸਕਦੇ ਹਨ। ਅਸਲ ਵਿਚ ਮਨੁੱਖ ਕੋਲ ਸੁੰਘਣ, ਸੁਣਨ, ਵੇਖਣ, ਸੁਆਦ ਅਤੇ ਸਪਰਸ਼ (ਛੂਹਣ) ਦੀਆਂ ਪੰਜ ਗਿਆਨ ਇੰਦਰੀਆਂ ਹੁੰਦੀਆਂ ਹਨ। ਹਰੇਕ ਦਾ ਕੰਮ ਅਲੱਗ-ਅਲੱਗ ਹੁੰਦਾ ਹੈ। ਅੱਖਾਂ ਵੇਖਣ ਦਾ, ਕੰਨ ਸੁਣਨ ਦਾ, ਨੱਕ ਸੁੰਘਣ ਦਾ, ਜੀਭ ਸੁਆਦ ਦਾ ਅਤੇ ਚਮੜੀ ਸਪਰਸ਼ ਕਰਨ ਦਾ ਕੰਮ ਕਰਦੀਆਂ ਹਨ। ਭਾਵੇਂ ਹਰੇਕ ਮਨੁੱਖ ਵਿਚ ਵੀ ਇਨ੍ਹਾਂ ਗਿਆਨ ਇੰਦਰੀਆਂ ਦੀ ਮਹਿਸੂਸ ਕਰਨ ਦੀ ਸਮਰੱਥਾ ਵੀ ਘੱਟ ਵੱਧ ਹੁੰਦੀ ਹੈ, ਪਰ ਨੱਕ ਰਾਹੀਂ ਸੁੰਘ ਕੇ ਪੜ੍ਹਨ ਵਾਲੀ ਗੱਲ ਅਸੰਭਵ ਹੈ। ਭਾਵੇਂ ਗੇਂਦਾਂ 'ਤੇ ਪਾਈ ਹੋਈ ਸੁਗੰਧ ਰਾਹੀਂ ਰੰਗ ਆਦਿ ਦੱਸਣ ਦੀਆਂ ਮੁਹਾਰਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਪਰ ਇਕ-ਦੋ ਸਫ਼ੇ ਵੇਖਣ ਤੋਂ ਬਗੈਰ ਪੜ੍ਹਨਾ ਅਸੰਭਵ ਹੈ। ਕਈ ਵਿਅਕਤੀ ਕਹਿ ਦਿੰਦੇ ਹਨ ਕਿ ਕਿਸੇ ਵਿਅਕਤੀ ਦੀ ਇਕ ਗਿਆਨ ਇੰਦਰੀ ਘੱਟ ਹੋਣ ਕਾਰਨ ਉਸ ਦੀਆਂ ਦੂਸਰੀਆਂ ਗਿਆਨ ਇੰਦਰੀਆਂ ਵੱਧ ਕਾਰਜਸ਼ੀਲ ਹੋ ਜਾਂਦੀਆਂ ਹਨ। ਇਹ ਸੱਭ ਮੁਹਾਰਤ ਕਰ ਕੇ ਹੁੰਦਾ ਹੈ, ਕਿਉਂਕਿ ਇਕ ਗਿਆਨ ਇੰਦਰੀ ਦੀ ਗ਼ੈਰ-ਹਾਜ਼ਰੀ ਕਾਰਨ ਉਹ ਵਿਅਕਤੀ ਦੂਸਰੀਆਂ ਗਿਆਨ ਇੰਦਰੀਆਂ 'ਤੇ ਆਪਣੇ-ਆਪ ਨੂੰ ਵੱਧ ਕੇਂਦਰਤ ਕਰ ਦਿੰਦਾ ਹੈ। ਮੈਂ ਅਜਿਹੀਆਂ ਸੁਰੰਗਾਂ ਵਿਚੋਂ ਘਿਸੜ ਕੇ ਲੰਘਿਆਂ ਹਾਂ, ਜਿਨ੍ਹਾਂ ਵਿਚ ਘੁੱਪ ਹਨੇਰਾ ਸੀ। ਮੇਰੀਆਂ ਸਪਰਸ਼ ਇੰਦਰੀਆਂ ਉਸ ਸਮੇਂ ਵੱਧ ਕਾਰਜਸ਼ੀਲ ਸਨ। ਉਂਗਲੀਆਂ ਦੇ ਨਿਸ਼ਾਨਾਂ ਨੂੰ ਵੇਖ ਕੇ ਕਿਸੇ ਬੱਚੇ ਦਾ ਭਵਿੱਖ ਪਤਾ ਲਾਉਣਾ ਅਸੰਭਵ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਹਰ ਅਧਿਆਪਕ ਵਧੀਆ ਸਾਧਨਾਂ ਦੀ ਵਰਤੋਂ ਕਰ ਕੇ ਵਿਦਿਆਰਥੀ ਦੀ ਵੱਖ-ਵੱਖ ਵਿਸ਼ਿਆਂ ਵਿਚ ਦਿਲਚਸਪੀ ਪੈਦਾ ਕਰ ਸਕਦੇ ਹਨ, ਪਰ ਗਰਭ ਵਿਚਲੇ ਬੱਚੇ ਨੂੰ ਗਰਭ ਵਿਚ ਹੀ ਮਾਹਰ ਬਣਾ ਦੇਣ ਦਾ ਦਾਅਵਾ ਕਰਨਾ ਨਿਰਾ ਧੋਖਾ ਹੈ। ਇਹ ਠੀਕ ਹੈ ਕਿ ਮਾਪਿਆਂ ਦੇ ਗੁਣ ਡੀ.ਐਨ.ਏ. ਰਾਹੀਂ ਬੱਚਿਆਂ ਵਿਚ ਪ੍ਰਵੇਸ਼ ਕਰਦੇ ਹਨ, ਪਰ ਬੱਚੇ ਦਾ ਦਿਮਾਗ ਤਾਂ ਜਨਮ ਦੇ ਪਹਿਲੇ ਦਿਨ ਤੋਂ ਲੈ ਕੇ ਤੀਜੇ ਸਾਲ ਤਕ ਗਿਆਨ ਨੂੰ ਗ੍ਰਹਿਣ ਕਰਨ ਦੇ ਕਾਬਲ ਹੁੰਦਾ ਜਾਂਦਾ ਹੈ। ਤੁਸੀਂ ਕਿਸੇ ਵੀ ਬੱਚੇ ਨੂੰ ਜਨਮ ਤੋਂ ਤੁਰੰਤ ਬਾਅਦ ਲਿਖਣ ਜਾਂ ਪੜ੍ਹਨ ਨਹੀਂ ਲਾ ਸਕਦੇ। ਮੈਨੂੰ ਉਮੀਦ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਤਰਕਸ਼ੀਲ ਬ੍ਰੇਨ ਪੀਡੀਆ ਅਤੇ ਅਜਿਹੀਆਂ ਹੋਰ ਸੰਸਥਾਵਾਂ ਦੇ ਸੁੰਘ ਕੇ ਪੜ੍ਹਨ ਵਾਲੇ ਇਸ ਚਲਾਕੀ ਵਾਲੇ ਧੰਦੇ ਦਾ ਸਦਾ ਲਈ ਖ਼ਾਤਮਾ ਕਰ ਦੇਣਗੇ।

### ਮਿੰਨੀ ਕਹਾਣੀ/**ਬਾਬਾ**

ਰਵੀ ਤੇ ਭੱਬੂ ਦੋਵੇਂ ਸ਼ੁਰੂ ਤੋਂ ਹੀ ਇੱਕੋ ਕਲਾਸ ਵਿੱਚ ਪੜ੍ਹਦੇ ਆ ਰਹੇ ਸਨ। ਹੁਣ ਭੱਬੂ ਤਾਂ ਸੱਤਵੀਂ ਵਿੱਚੋਂ ਫੇਲ੍ਹ ਹੋ ਕੇ, ਆਪਣੇ ਪਿੰਡ ਨੂੰ ਛੱਡ ਕਿਸੇ ਸਾਧ ਦੇ ਡੇਰੇ 'ਤੇ ਜਾ ਰਹਿਣ ਲੱਗ ਪਿਆ ਤੇ ਰਵੀ ਮਿਹਨਤੀ ਮਾਂ-ਪਿਉ ਦਾ ਪੁੱਤ, ਮਿਹਨਤ ਨਾਲ ਪੜ੍ਹਦਾ ਰਿਹਾ।

ਅੱਜ ਦਸ ਸਾਲਾਂ ਦੇ ਬਾਅਦ ਦੋਵੇਂ ਕਲਾਸਮੇਟ ਫੇਰ ਤੋਂ ਇਕੱਠੇ ਹੋਏ। ਬਚਪਨ ਦੀਆਂ ਹੋਰ ਗੱਲਾਂ ਕਰਨ ਤੋਂ ਬਾਅਦ ਰਵੀ ਨੇ ਕਿਹਾ, "ਮੈਂ ਬੀ. ਏ. ਕਰਨ ਤੋਂ ਬਾਅਦ ਵੀ ਬੇਰੁਜ਼ਗਾਰ ਫਿਰਦਾ ਹਾਂ! ਤੇ ਤੁਸੀਂ ਬਿਨਾਂ ਪੜ੍ਹੇ ਵੀ "ਬਾਬਾ" ਜੀ ਵਾਲੀ ਡਿਗਰੀ ਲੈ, ਅਫਸਰਾਂ ਵਾਲੀਆਂ ਸਹੂਲਤਾਂ ਮਾਣ ਰਹੇ ਹੋ। ਨਹੀਂ ਰਵੀ ਨਹੀਂ! ਤੂੰ ਗਲਤ ਕਹਿ ਰਿਹਾ ਹੈ। ਸੰਤ ਬਾਬਾ ਭੱਬੂ ਜੀ ਨੇ ਹਸਦੇ ਹੋਏ ਕਿਹਾ। ਤੂੰ ਤਾਂ ਦੁਨੀਆਵੀ ਪੜ੍ਹਾਈ ਦੀ ਬੀ. ਏ. ਕੀਤੀ ਹੈ। ਪਰ ਅਸੀਂ ਤਾਂ ਡਬਲ ਬੀ. ਏ. ਕੀਤੀ, ਫੇਰ ਕਿਤੇ ਜਾ ਕੇ ਨਾਂ ਨਾਲ "ਬਾਬਾ" ਸ਼ਬਦ ਲੱਗਿਆ ਐਵੇਂ ਨਹੀਂ! ਹੁਣ ਰਵੀ ਡਬਲ ਬੀ. ਏ. ਵਾਲੇ ਬਾਬੇ ਅੱਗੇ ਚੁੱਪ, ਪਰ ਡੂੰਘੀ ਸੋਚ ਵਿੱਚ ਖੜ੍ਹਾ ਸੀ।

– ਅਮਰੀਕ ਸਿੰਘ ਮਾਨਾਂ, ਮੋਬਾ : 98147-86707

# ਟੈਨਸ਼ਨ ਕਿਵੇਂ ਭਜਾਏ ?

ਟੈਨਸ਼ਨ ਤੇ ਕਾਬੂ ਪਾਉਣ ਲਈ ਅਕਸਰ ਹੀ ਸਾਰੇ ਬਾਬੇ ਆਪਣੇ-ਆਪਣੇ ਤਰੀਕੇ ਨਾਲ ਟੈਨਸ਼ਨ ਕਾਬੂ ਕਰਨ ਲਈ ਆਖਦੇ ਨੇ। ਬ੍ਰਮਾ ਕੁਮਾਰੀਆਂ ਵੀ ਤਨਾਉ ਮੁੱਕਤ ਦੇ ਬੈਨਰ ਹੇਠ ਤਨਾਓ ਤੋਂ ਮੁੱਕਤ ਰਹਿਣ ਦਾ ਹੱਲ ਦੱਸਦੀਆਂ ਹਨ। ਜੋ ਆਪ ਵਿਆਹ ਨਹੀਂ ਕਰਵਾਉਂਦੀਆਂ ਤੇ ਦੂਸਰਿਆਂ ਨੂੰ ਵੀ ਵਿਆਹ ਨਾ ਕਰਾਉਣ ਲਈ ਪ੍ਰੇਰਦੀਆਂ ਹਨ। ਪਰ ਹੁਣ ਇਹਨਾਂ ਆਪਣੇ ਸੁਰ ਬਦਲ ਲਏ ਹਨ। ਕਿਉਂਕਿ ਕੁਝ ਲੋਕਾਂ ਨੇ ਉਨ੍ਹਾਂ ਦੇ ਮੂੰਹ ਤੇ ਆਖ ਦਿੱਤਾ ਕਿ ਜੇ ਤੁਹਾਡੇ ਮਗਰ ਸਾਰੇ ਲੋਕ ਲੱਗ ਜਾਣ ਤਾਂ ਦੁਨੀਆਂ ਖ਼ਤਮ ਹੋ ਜਾਵੇਗੀ ਅੱਗੇ ਇਨਸਾਨ ਜਨਮ ਕਿੰਝ ਲਵੇਗਾ, ਇਸ ਲਈ ਉਨ੍ਹਾਂ ਲੋਕਾਂ ਨੂੰ ਵੀ ਨਾਲ ਜੋੜ ਲਿਆ ਜੋ ਵਿਆਹੇ ਹੋਏ ਹਨ ਕਬੀਲਦਾਰ ਹਨ। ਤਾਂ ਜੋ ਉਹ ਆਪਣੀ ਪਹਿਲੀ ਗੱਲ ਤੋਂ ਬੱਚ ਸਕਦੇ ਹਨ ਮੈਂ ਗੱਲ ਕਰਦਾ ਹਾਂ ਉਸ ਕੇਸ ਦੀ ਜੋ ਮੈਨੂੰ ਅੱਜ ਵੀ ਝੰਜੋੜ ਜਾਂਦਾ ਹੈ। ਗੱਲ ਉਨ੍ਹਾਂ ਦਿਨਾਂ ਦੀ ਹੈ ਜਦ ਤਰਕਸ਼ੀਲ ਸੁਸਾਇਟੀ ਮੈਨੂੰ ਕੇਸ ਹੱਲ ਕਰਨੇ ਸਖਾਉਣ ਲੱਗੀ ਤਾਂ ਹਰਿਆਣੇ ਦੀ ਸਟੇਟ ਨਾਲ ਸੰਬੰਧਤ ਇੱਕ ਕੇਸ ਆਇਆ ਪਤਨੀ ਨੇ ਦੱਸਿਆ ਕਿ ਮੇਰਾ ਪਤੀ 2 ਮਹੀਨੇ ਤੋਂ ਬੋਲ ਕੁਝ ਨਹੀਂ ਰਿਹਾ। ਅਸੀਂ ਸਾਰੇ ਰਿਸ਼ਤੇਦਾਰ, ਭੈਣ, ਭਰਾ ਅਤੇ ਪਿੰਡ ਵਾਲੇ ਇਸ ਨਾਲ ਮੱਥਾ ਮਾਰ ਕੇ ਹੰਭ ਗਏ ਹਾਂ, ਕਿ ਕੁਝ ਬੋਲ ਤੈਨੂੰ ਕੀ ਤਕਲੀਫ ਹੈ। ਪਰ ਇਹ ਬੋਲਦਾ ਨਹੀਂ ਹੈ ਫਿਰ ਸਾਨੂੰ ਕਿਸੇ ਨੇ ਇਸ ਨੂੰ ਪਹਾੜਾ ਵੱਲ ਲਿਜਾਣ ਨੂੰ ਕਿਹਾ ਅਸੀਂ ਪੈਸਿਆਂ ਦਾ ਹੱਲ ਕਰਕੇ ਉਥੇ ਲੈ ਕੇ ਗਏ। ਫਿਰ ਵਿਆਜ ਤੇ ਪੈਸੇ ਲੈ ਕੇ ਬਾਬਿਆਂ ਦੀਆਂ ਚੌਂਕੀਆਂ ਭਰੀਆਂ, ਧਾਗੇ, ਤਵੀਤ ਟੂਣੇ ਕੋਈ ਕਸਰ ਨਹੀਂ ਛੱਡੀ ਪਰ ਇਹ ਇੱਕ ਵੀ ਲਫ਼ਜ ਨਹੀਂ ਬੋਲਦਾ, ਉਨ੍ਹਾਂ ਦੀ ਗੱਲ ਸੁਣਨ ਤੋਂ ਬਾਅਦ ਅਸੀਂ ਉਸ ਆਦਮੀ ਨਾਲ ਗੱਲ ਕਰਨ ਲਈ ਅੰਦਰ ਬੁਲਾਇਆ ਅਸੀਂ ਬਹੁਤ ਮੱਥਾ ਮਾਰਿਆ ਪਰ ਉਹ ਟੱਸ ਤੋਂ ਮੱਸ ਨਾ ਹੋਇਆ ਨਾ ਬੋਲਿਆ। ਮੇਰੇ ਨਾਲ ਵਾਲਾ ਸਾਥੀ ਪਸ਼ੂਆਂ ਦਾ ਡਾਕਟਰ ਸੀ ਉਸਨੇ ਮੱਝਾਂ ਦੇ ਟੀਕਾ ਲਾਉਣ ਵਾਲੀ ਸਰਿੰਜ ਤੇ ਸੂਈ ਕੱਢ ਲਈ ਤੇ ਇੱਕ ਵੱਡੀ ਸਾਰੀ ਸ਼ੀਸ਼ੀ ਵਿਚੋਂ ਦਵਾਈ ਭਰਨ ਲਗਾ ਤੇ ਕਹਿੰਦਾ ਹਾਲੀ ਤੂੰ ਇਹਦੀਆਂ ਲੱਤਾਂ ਫੜ ਮੈਂ ਇਸਨੂੰ ਟੀਕਾ ਲਾਉਂਦਾ ਹਾਂ ਫਿਰ ਵੇਖੀ ਕਿਵੇਂ ਬੋਲਦਾ। ਜਦੋਂ ਉਹ ਟੀਕਾ ਭਰ ਰਿਹਾ ਸੀ ਤੇ ਮੈਂ ਉਸ ਦੀਆਂ ਲੱਤਾਂ ਫੜਨ ਦਾ ਨਾਟਕ ਜਿਹਾ ਕੀਤਾ ਤਾਂ ਉਹ ਡਰ ਗਿਆ ਤੇ ਇੱਕ ਹੀ ਲਾਈਨ ਹਰਿਆਣਵੀ ਭਾਸ਼ਾ ਵਿੱਚ ਬੋਲੀ ਜੋ ਅੱਜ ਵੀ ਮੈਨੂੰ ਕਈ ਵਾਰ ਸੁਣਾਈ ਦਿੰਦੀ ਹੈ ਉਹ ਸੀ। "ਮੰਨੇ ਦੇਣਾ ਹੇ ਕਿਸੀ ਕਾ ਲਾਖ ਰਪੈ, ਮੇਰੇ ਸੇ ਨਾ ਬਨੇ ਤਾਂ ਦੱਸੋ ਬਾਈਓ ਮੈਂ ਬੋਲ ਕੇ ਕਰੂ। ਅਸੀਂ ਦੋਵੇ ਇੱਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ। ਸਾਡਾ ਕੇਸ, ਉਸ ਨੂੰ ਬਲਾਉਣਾ ਸੀ ਜੋ ਵੱਡੇ-ਵੱਡੇ ਬਾਬੇ ਨਾ ਕਰ ਸਕੇ। ਪਰ ਉਸ ਦੀ ਸਮੱਸਿਆ ਨੂੰ ਕਿਵੇਂ ਹੱਲ ਕਰੀਏ ਅੱਜ ਤੋਂ 17 ਸਾਲ ਪਹਿਲਾਂ ਲੱਖ ਰੁਪੈ ਬਹੁਤ ਵੱਡੀ ਗੱਲ ਸੀ। ਹੁਣ ਤਾਂ ਦੋ ਤਨਖਾਹ ਦਾ ਲੱਖ ਹੋ ਜਾਂਦਾ। ਅਸੀਂ ਉਸ ਨੂੰ ਮਿਹਨਤ ਕਰਕੇ ਪੈਸੇ ਲਾਉਣ ਦੀ ਸਲਾਹ ਦਿੱਤੀ ਪਰ ਉਹ ਸਾਡੇ ਪਰ ਹੀ ਸਵਾਲ ਕਰ ਰਿਹਾ ਸੀ ਕਿ ਇਹ ਪੈਸੇ ਮਿਹਨਤ ਨਾਲ ਨਹੀਂ ਲਥਨੇ ਪਰ ਸਾਡੇ ਕੋਲ ਵੀ ਇਸਦਾ ਹੱਲ ਨਹੀਂ ਸੀ ਦਿਸ ਰਿਹਾ ਜਦੋਂ ਤੱਕ ਉਸਦੇ ਪੈਸੇ ਨਹੀਂ ਲੈਂਦੇ ਉਹ ਟੈਨਸ਼ਨ ਤੋਂ ਕਿਵੇਂ ਮੁੱਕਤੀ ਪਾ ਸਕਦਾ ਹੈ।



ਜਿਸ ਘਰ ਨੌਜਵਾਨ ਲੜਕੀ ਹੈ ਪਰ ਵਿਆਹ ਕਰਨ ਜੋਗੇ ਉਸ ਕੋਲ ਪੈਸੇ ਨਹੀਂ ਹਨ ਉਹ ਟੈਨਸ਼ਨ ਤੋਂ ਮੁੱਕਤੀ ਕਿਵੇਂ ਪਾਵੇ। ਜਿਸ ਪਤਨੀ ਦਾ ਪਤੀ ਬਿਮਾਰ ਹੈ ਉਹ ਉਸਨੂੰ ਲੈ ਕੇ ਹਸਪਤਾਲਾ ਵਿੱਚ ਤੁਰੀ ਫਿਰਦੀ ਹੈ ਪੈਸੇ ਵੀ ਇਲਾਜ ਜੋਗੇ ਨਹੀਂ ਹਨ। ਉਹ ਟੈਨਸ਼ਨ ਤੋਂ ਮੁਕਤੀ ਕਿਵੇਂ ਪਾਵੇ। 50 ਲੱਖ ਦੀ ਗੱਡੀ ਵਿੱਚੋਂ ਉਤਰ ਕੇ ਬਾਬਾ ਕਹਿੰਦਾ ਹੈ ਕਿ ਰੱਬ ਮਿਲਦਾ ਗਰੀਬਾਂ ਨੂੰ ਉਚਾ ਹੋ ਕੇ ਮਾਨ ਨਾ ਕਰੀ। ਅੱਜ ਕੱਲ ਜੋ ਕੇਸ ਤਰਕਸ਼ੀਲ ਸੁਸਾਇਟੀ ਕੋਲ ਆ ਰਹੇ ਨੇ ਉਹ ਟੈਨਸ਼ਨ ਦੇ ਹਨ ਜਿਨ੍ਹਾਂ ਦਾ ਇਲਾਜ ਮਨੋਰੋਗਾਂ ਦੇ ਮਾਹਿਰ ਡਾਕਟਰਾਂ ਕੋਲ ਹੈ। ਇਸ ਦਾ ਇਲਾਜ ਚੰਗੀ ਸੂਝ ਬੂਜ ਰੱਖਣ ਵਾਲੇ ਕਾਉਸਲਰ ਕੋਲ ਹੈ। ਮੇਰੇ ਨਾਲ ਗੱਲ ਬਾਤ ਕਰਕੇ ਕੁਝ ਬੰਦਿਆਂ ਨੇ ਟੈਨਸ਼ਨ ਲਾਹੀ ਹੈ ਪਰ ਜਦ ਉਹ ਆਪਣੀ ਦੁਨੀਆਂ ਵਿੱਚ ਆਪਣੇ ਲੋਕਾਂ ਵਿੱਚ ਜਾਂਦੇ ਨੇ ਤੇ ਫਿਰ ਤੋਂ ਟੈਨਸ਼ਨ ਪਾ ਲੈਂਦੇ ਨੇ ਟੈਨਸ਼ਨ ਤੋਂ ਭਰਭਾਵਤ ਲੋਕ ਆਤਮ ਹੱਤਿਆ ਕਰ ਲੈਂਦੇ ਨੇ ਪਰ ਆਤਮ ਹੱਤਿਆ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ। ਟੈਨਸ਼ਨ ਦਾ ਇੱਕੋ ਇੱਕ ਹਲ ਹੈ। 'ਸੰਗਰਾਮ' ਸੰਘਰਸ਼" ਚਾਹੇ ਉਹ ਸਰਕਾਰਾ ਨਾਲ ਹੋਵੇ ਜਾ ਘਰ ਦੇ ਹਲਾਤਾਂ ਨਾਲ ਮੇਰਾ ਦੋਸਤ ਕਹਿੰਦਾ ਜੇਕਰ ਕਿਸੇ ਲੜਾਈ ਜਾ ਝਗੜੇ ਤੋਂ ਬਚਣਾ ਹੈ ਤਾਂ 24 ਘੰਟੇ ਲੜਨ ਲਈ ਤਿਆਰ ਰਹੋ ਤਾਂ ਅਗਲਾ ਆਦਮੀ ਆਖਦਾ ਹੈ ਕਿ ਛੱਡ ਯਾਰ ਇਹ ਤਾਂ ਲੜਾਈ ਭਾਲਦਾ। ਆਖਰਕਾਰ ਮੇਰਾ ਵਿਚਾਰ ਜੋ ਹਲਾਤਾਂ ਨੂੰ ਅਸੀਂ ਬਦਲ ਨਹੀਂ ਸਕਦੇ ਉਨ੍ਹਾਂ ਨਾਲ ਸਮਝੌਤਾ ਜੋ ਬਦਲ ਸਕਦੇ ਹਾਂ ਤਾਂ ਸੰਘਰਸ਼।


-ਲਖਵਿੰਦਰ ਹਾਲੀ

ਪ੍ਰਧਾਨ, ਤਰਕਸ਼ੀਲ ਸੁਸਾਇਟੀ ਭਾਰਤ (ਰਜਿ:)

ਫਰੀਦਕੋਟ, ਮੋਬਾ : 98761-63421


## 12ਵਾਂ ਤਰਕਸ਼ੀਲ ਨਾਟਕ ਮੇਲਾ

12ਵਾਂ ਤਰਕਸ਼ੀਲ ਨਾਟਕ ਮੇਲਾ ਜਿਲਾ ਫਰੀਦਕੋਟ ਬੱਸ ਅੱਡਾ ਦੇ ਨੇੜੇ ਫੋਹਾਰਾ ਚੌਂਕ ਦੇ ਨਜਦੀਕ ਅਮਰ ਆਸ਼ਰਮ ਵਿੱਚ ਹਰ ਸਾਲ ਦੀ ਤਰ੍ਹਾਂ ਮਿਤੀ 21 ਸਤੰਬਰ 2015 ਸੁਭਾ 10 ਵਜੇ ਤੇ ਸ਼ਾਮ 6 ਵਜੇ ਤੱਕ ਕਰਵਾਇਆ ਜਾ ਰਿਹਾ ਹੈ।

ਇਸ ਨਾਟਕ ਮੇਲੇ ਵਿੱਚ ਲੋਕ ਕਲਾ ਮੰਚ ਜੀਰਾ ਦੇ ਨਿਰਦੇਸ਼ਕ ਸ਼੍ਰੀ ਮੇਘ ਰਾਜ ਰੱਲਾ ਨਾਟਕ ਅਤੇ ਕਿਰਸਾਨੀ ਜ਼ਿੰਦਗੀ ਤੇ ਕੋਰੀਓਗ੍ਰਾਫੀਆ ਪੇਸ਼ ਕਰਨਗੇ। ਵਹਿਮਾ ਭਰਮਾ ਤੇ ਅੰਧ ਵਿਸ਼ਵਾਸਾਂ ਤੇ ਤਰਕਸ਼ੀਲ ਲਹਿਰ ਦੇ ਬਾਨੀ ਸ਼੍ਰੀ ਮੇਘ ਰਾਜ ਮਿੱਤਰ ਆਪਣੇ ਵਿਚਾਰ ਪੇਸ਼ ਕਰਨਗੇ। ਇਨਕਲਾਬੀ ਗੀਤ ਸੰਗੀਤ ਦਾ ਇਸ ਵਾਰ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਸਤੋਂ ਇਲਾਵਾ ਨਵੇ ਨਾਟਕ, ਨਵੀਆਂ ਕ੍ਰੋਓਗ੍ਰਾਫੀਆਂ, ਨਵੇਂ ਵਿਗਿਆਨਕ ਵਿਚਾਰ ਤੇ ਨਵੇਂ ਹੀ ਜਾਦੂ ਦੇ ਟ੍ਰਿਕ ਹੋਣਗੇ। ਜੇਕਰ ਕਿਸੇ ਸਾਥੀ ਨੇ ਜਾ ਵਿਗਿਆਨ ਜੋਤ ਦੇ ਪਾਠਕ ਨੇ ਦੂਰੋ ਆਉਣਾ ਹੋਵੇ ਤਾਂ ਉਹਨਾਂ ਲਈ ਰਾਤ ਰਹਿਣ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਉਹ ਇਕਾਈ ਫਰੀਦਕੋਟ ਦੇ ਪ੍ਰਧਾਨ ਲਖਵਿੰਦਰ ਹਾਲੀ ਨਾਲ ਮੋਬਾਇਲ ਨੰ: 98761-63421 'ਤੇ ਕਾਲ ਕਰ ਸਕਦੇ ਹਨ। ਸਾਰੇ ਤਰਕਸ਼ੀਲ ਮੈਂਬਰਾਂ ਤੇ ਆਹੁਦੇਦਾਰਾਂ ਦੀਆਂ ਵੱਖ-ਵੱਖ ਡਿਊਟੀਆਂ ਲਗਾਈਆਂ ਜਾ ਚੁੱਕੀਆਂ ਹਨ। ਇਸ ਮੌਕੇ ਅਜੋਬ ਢੁੱਡੀ ਸਭਾਸ ਗਰੋਵਰ, ਬਲਕਾਰ ਮੰਡ, ਗੁਰਜਿੰਦਰ ਡੋਹਕ ਹਾਜ਼ਰ ਸਨ ਮੰਚ ਦਾ ਸੰਚਾਲਨ : ਸੁਪ੍ਰਸਤ ਜਗਪਾਲ ਸਿੰਘ ਬਰਾੜ ਹਰ ਸਾਲ ਦੀ ਤਰ੍ਹਾਂ ਕਰਨਗੇ।

# ਮੁਲਾਂਕਣ: ਤਰਕਸ਼ੀਲ ਲਹਿਰ ਦੇ 31 ਵਰੇ...

ਮੇਘ ਰਾਜ ਮਿੱਤਰ



ਤਰਕਸ਼ੀਲ ਵਿਚਾਰ ਤਾਂ ਪੰਜਾਬ ਦੀ ਧਰਤੀ ’ਤੇ ਤਰਕਸ਼ੀਲ ਲਹਿਰ ਦੀ ਆਮਦ ਤੋਂ ਪਹਿਲਾਂ ਵੀ ਮੌਜੂਦ ਸਨ। ਪਰ ਜਥੇਬੰਦਕ ਤੌਰ ’ਤੇ ਅੰਧਵਿਸ਼ਵਾਸਾਂ ਨਾਲ ਜੂਝਣ ਲਈ ਕਿਸੇ ਸ਼ਕਤੀ ਦੀ ਹੋਂਦ ਨਹੀਂ ਸੀ। ਬਰਨਾਲੇ ਦੀ ਧਰਤੀ ਤੋਂ ਅਸੀਂ ਕੁੱਝ ਸਾਥੀਆਂ ਨੇ ਮਿਲ ਕੇ ਅਜਿਹੀ ਜਥੇਬੰਦੀ ਬਣਾਉਣ ਦਾ ਫ਼ੈਸਲਾ ਕੀਤਾ, ਜਿਹੜੀ ਲੋਕਾਂ ਨੂੰ ਪ੍ਰਮਾਤਮਾ, ਧਰਮ, ਸਾਧਾਂ-ਸੰਤਾਂ ਅਤੇ ਅੰਧਵਿਸ਼ਵਾਸਾਂ ਬਾਰੇ ਵਿਗਿਆਨਕ ਵਿਚਾਰਾਂ ਨਾਲ ਲੈਸ ਕਰ ਸਕੇ। ਇਸ ਤੋਂ ਪਹਿਲਾਂ ਨਾ ਤਾਂ ਕੋਈ ਵਿਅਕਤੀ ਅਜਿਹਾ ਸੀ ਅਤੇ ਨਾ ਹੀ ਕੋਈ ਸੰਸਥਾ, ਜਿਹੜੀ ਘਰਾਂ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ, ਕਸਰਾਂ ਅਤੇ ਪੁਨਰ-ਜਨਮ ਦੇ ਕੇਸਾਂ ਨੂੰ ਵਿਗਿਆਨਕ ਢੰਗ ਨਾਲ ਹੱਲ ਕਰ ਕੇ ਲੋਕਾਂ ਸਾਹਮਣੇ ਰੱਖਦੀ ਹੋਵੇ। ਉਨ੍ਹਾਂ ਦਿਨਾਂ ਵਿਚ ਖ਼ਾਲਿਸਤਾਨੀ ਦਹਿਸ਼ਤਗਰਦਾਂ ਨੇ ਪੰਜਾਬ ਦੀ ਧਰਤੀ ਨੂੰ ਖ਼ੂਨ ਨਾਲ ਲਥਪਥ ਕੀਤਾ ਹੋਇਆ ਸੀ। ਹਰ ਸ਼ਹਿਰ ਵਿਚ ਦੋ-ਚਾਰ ਲਾਸ਼ਾਂ ਰੋਜ਼ ਪੋਸਟਮਾਰਟਮ ਲਈ ਪੁੱਜ ਰਹੀਆਂ ਸਨ। ਲੋਕ ਸੂਰਜ ਛਿਪਣ ਤੋਂ ਪਹਿਲਾਂ ਆਪਣੇ ਘਰਾਂ ਅੰਦਰ ਕੁੰਡੇ ਲਾ ਕੇ ਦੁਬਕ ਜਾਂਦੇ ਸਨ। ਪੰਜਾਬ ਵਾਸੀ ਸਰਕਾਰ ਅਤੇ ਖ਼ਾਲਿਸਤਾਨੀਆਂ ਦੀ ਜ਼ਿਆਦਤੀ ਦਾ ਸ਼ਿਕਾਰ ਹੋ ਰਹੇ ਸਨ। ਲਾਸ਼ਾਂ ਵਿਚ ਪੁਲਿਸ ਨੇ ਕੁੱਝ ਵਿਅਕਤੀ ਮੁਕਾਬਲੇ ਜਾਂ ਫ਼ਰਜ਼ੀ ਮੁਕਾਬਲਿਆਂ ਵਿਚ ਮਾਰੇ ਹੁੰਦੇ ਸਨ ਅਤੇ ਕੁੱਝ ਖ਼ਾਲਿਸਤਾਨੀਆਂ ਨੇ ਘਰਾਂ ਵਿਚੋਂ ਕੱਢ ਕੇ ਕਤਲ ਕੀਤੇ ਹੁੰਦੇ ਸਨ, ਕਿਉਂਕਿ ਖ਼ਾਲਿਸਤਾਨੀ ਧਰਮ ਦੇ ਨਾਂਅ ’ਤੇ ਲੋਕਾਂ ਨੂੰ ਗੁਮਰਾਹ ਕਰ ਰਹੇ ਸਨ। ਇਸ ਲਈ ਅਸੀਂ ਉਸੇ ਸਮੇਂ ਧਰਮ ਦੀ ਸੱਚਾਈ ਲੋਕਾਂ ਵਿਚ ਲੈ ਕੇ ਜਾਣ ਲਈ ਆਪਣੇ-ਆਪ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਅਸੀਂ ਜਾਣਦੇ ਸਾਂ ਕਿ ਧਰਮ ਕੋਈ ਅਜਿਹਾ ਵਿਸ਼ਾ ਨਹੀਂ ਹੈ, ਜਿਸ ਰਾਹੀਂ ਲੋਕਾਂ ਨੂੰ ਗੁਮਰਾਹ ਹੋਣੋਂ ਰੋਕਿਆ ਨਾ ਜਾ ਸਕਦਾ ਹੋਵੇ। ਇਸ ਰਸਤੇ ’ਤੇ ਚਲਦਿਆਂ ਭਾਵੇਂ ਸਾਨੂੰ ਆਪਣੀ ਕਤਾਰ ਵਿਚੋਂ ਸ਼ਾਮਲ ਕੁੱਝ ਨਿਧੜਕ ਯੋਧਿਆਂ ਨੂੰ ਵੀ ਗੁਆਉਣਾ ਪਿਆ, ਜਿਨ੍ਹਾਂ ਵਿਚ ਸਾਥੀ ਜਗਰੂਪ ਸਿੰਘ ਸ਼ੇਰਪੁਰ ਵੀ ਸ਼ਾਮਲ ਸੀ। ਇਨ੍ਹਾਂ ਗੱਲਾਂ ਨੂੰ 31 ਵਰ੍ਹੇ ਬੀਤ ਗਏ ਹਨ। ਇਹ ਗੱਲ 3 ਜੂਨ 1984 ਦੀ ਹੈ, ਜਦੋਂ ਪਹਿਲੀ ਮੀਟਿੰਗ ਮੇਰੇ ਘਰ ਰੱਖੀ ਗਈ, ਜਿਸ ਵਿਚ ਨਰਿੰਦਰ, ਤੇਜਿੰਦਰ, ਸੁਖਵੰਤ, ਅਨੁਰਾਗ, ਪ੍ਰਵੀਨ ਅਤੇ ਹਰਿੰਦਰ ਸ਼ਾਮਲ ਸਨ। ਇਸੇ ਦਿਨ ਪੰਜਾਬ ਵਿਚ ਖ਼ਾਲਿਸਤਾਨੀ ਦਹਿਸ਼ਤਗਰਦੀ ਕਾਰਨ ਕਰਫ਼ਿਊ ਲਗਾਉਣ ਦਾ ਐਲਾਨ ਹੋ ਗਿਆ ਅਤੇ ਸਾਨੂੰ ਤਰਕਸ਼ੀਲ ਸੁਸਾਇਟੀ ਦੀ ਪਹਿਲੀ ਮੀਟਿੰਗ ਵਿਚਾਲੇ ਹੀ ਛੱਡਣੀ ਪਈ।

ਪਹਿਲੀ ਮੀਟਿੰਗ ਵਿਚ ਹੀ ਅਸੀਂ ਆਤਮਾ-ਪ੍ਰਮਾਤਮਾ, ਧਰਮ ਅਤੇ ਡੇਰਿਆਂ ਬਾਰੇ ਆਪਣੀ ਸਮਝ ਨਿਖਾਰ ਲਈ ਸੀ। ਅਸੀਂ ਸਮਝ ਲਿਆ ਸੀ ਕਿ ਕਿਸੇ ਇਕ ਸਾਧ-ਸੰਤ ਨੂੰ ਇਕ ਡੇਰੇ ਤੋਂ ਭਜਾ ਦੇਣਾ ਸਮੱਸਿਆ ਦਾ ਹੱਲ ਨਹੀਂ ਹੋਵੇਗਾ। ਉਹ ਕਿਸੇ ਹੋਰ ਡੇਰੇ ’ਤੇ ਜਾ ਕੇ ਬੈਠ ਜਾਵੇਗਾ। ਲੋਕਾਂ ਦੀ ਭੀੜ ਉਥੇ ਪੁੱਜਣੀ ਸ਼ੁਰੂ ਹੋ ਜਾਵੇਗੀ। ਸਮੱਸਿਆ ਦਾ ਹੱਲ ਤਾਂ ਲੋਕਾਂ ਨੂੰ ਚੇਤਨ ਕਰਨਾ ਹੀ ਸੀ, ਜਿਸ ਨਾਲ ਬਾਬਾਵਾਦ ਨੂੰ ਠੱਲ੍ਹ ਪਾਈ ਜਾ ਸਕਦੀ ਸੀ। ਸਿਆਸਤਦਾਨ ਧਰਮਾਂ ਤੇ ਡੇਰਿਆਂ ਦੀ ਵਰਤੋਂ ਆਪਣੀ ਸਿਆਸੀ ਉਮਰ ਵਧਾਉਣ ਲਈ ਕਰ ਰਹੇ ਸਨ। ਇਸ ਦਾ ਹੱਲ ਵੀ ਸਾਨੂੰ ਲੋਕ ਚੇਤਨਾ ਵਿਚ ਹੀ ਨਜ਼ਰ ਆਇਆ। ਸੋ, ਉਸ ਸਮੇਂ ਬਣੀ ਸਾਡੀ ਸਮਝ ਨੂੰ ਬਾਅਦ ਦੇ ਅਮਲਾਂ ਨੇ ਸਹੀ ਸਾਬਤ ਕਰ ਦਿੱਤਾ। ਭਾਵੇਂ ਸਾਡੇ ਵਿਚੋਂ ਕੁੱਝ ਦਾ ਯਤਨ ਸੀ ਕਿ ਧਰਮ ਅਤੇ ਪ੍ਰਮਾਤਮਾ ਵਾਲਾ ਚੈਪਟਰ ਬੰਦ ਹੀ ਰੱਖਿਆ ਜਾਵੇ ਅਤੇ ਅਸੀਂ ਇਕੱਲੇ ਅੰਧਵਿਸ਼ਵਾਸ ਵਿਰੁੱਧ ਹੀ ਕੰਮ ਕਰਦੇ ਰਹੀਏ। ਭਾਵੇਂ ਇਸ ਦਾ ਸਾਨੂੰ ਵਕਤੀ ਲਾਭ ਤਾਂ ਕੁੱਝ ਹੋ ਸਕਦਾ ਸੀ ਅਤੇ ਸਾਡੇ ਸਾਥੀਆਂ ਦੀਆਂ ਅਨਮੋਲ ਜਾਨਾਂ ਵੀ ਨਾ ਜਾਂਦੀਆਂ, ਪਰ ਸਾਡੀ ਨਿਖੜਵੀਂ ਸਮਝ ਨੇ ਅੱਜ ਹਜ਼ਾਰਾਂ ਨੌਜਵਾਨ ਅਜਿਹੇ ਦਿੱਤੇ ਹਨ, ਜਿਹੜੇ ਅੰਧਵਿਸ਼ਵਾਸ ਵਿਰੋਧੀ ਕਤਾਰਾਂ ਵਿਚ ਸ਼ਾਮਲ ਹੋ ਕੇ ਵੱਖ-ਵੱਖ ਜਥੇਬੰਦੀਆਂ ਵਿਚ ਕਾਰਜਸ਼ੀਲ ਹਨ। ਅਸੀਂ ਇਹ ਗੱਲ ਸਭ ਤੋਂ ਪਹਿਲਾਂ ਸਾਹਿਤ ਤੋਂ ਹੀ ਸ਼ੁਰੂ ਕਰ ਰਹੇ ਹਾਂ, ਕਿਉਂਕਿ ਸਾਹਿਤ ਦੀ ਵੱਡੀ ਦੇਣ ਤੋਂ ਕੋਈ ਵੀ ਵਿਅਕਤੀ ਮੁਨਕਰ ਨਹੀਂ ਹੋ ਸਕਦਾ।

## ਸਾਹਿਤ ਦੀ ਭੂਮਿਕਾ

ਅਸੀਂ ਇਹ ਸਫ਼ਰ ਡਾ. ਅਬਰਾਹਿਮ ਟੀ. ਕਾਵੂਰ ਦੀ ਕਿਤਾਬ ‘ਬੀ ਗੌਂਣ ਗਾਡਮੈਨ’ ਦੇ ਪੰਜਾਬੀ ਅਨੁਵਾਦ ‘..ਤੇ ਦੇਵ ਪੁਰਸ਼ ਹਾਰ ਗਏ’ ਤੋਂ ਸ਼ੁਰੂ ਕੀਤਾ। ਇਹ ਅਨੁਵਾਦ ਸੁਰਜੀਤ ਤਲਵਾਰ ਅਤੇ ਮੈਂ ਮਿਲ ਕੇ ਕੀਤਾ। ਸਾਥੀ ਤੇਜਿੰਦਰ ਨੇ ਸਾਡੇ ਵਲੋਂ ਕੀਤੇ ਅਨੁਵਾਦ ਦੀ ਸੁਧਾਈ ਦਾ ਕਾਰਜ ਕੀਤਾ। ਹੁਣ ਤਾਂ ਅਸੀਂ ਸੌ ਦੇ ਕਰੀਬ ਅਜਿਹੀਆਂ ਕਿਤਾਬਾਂ ਦੇ ਹਜ਼ਾਰਾਂ ਐਡੀਸ਼ਨ ਪੰਜਾਬੀ ਲੋਕਾਂ ਨੂੰ ਭੇਂਟ ਕਰ ਚੁੱਕੇ ਹਾਂ। ਅਸੀਂ ਤਰਕਸ਼ੀਲ ਮੇਲਿਆਂ ਅਤੇ ਹੋਰ ਮੇਲਿਆਂ ਵਿਚ ਜਿਥੇ ਵੀ ਲੋਕ ਇਕੱਠੇ ਹੁੰਦੇ, ਉਸ ਸਥਾਨ ’ਤੇ ਸਟਾਲਾਂ ਸਾਡੇ ਸਾਥੀ ਅਤੇ ਅਸੀਂ ਖ਼ੁਦ ਲਾਉਂਦੇ। ਤਰਕਸ਼ੀਲਤਾ ਨੇ ਇਕੱਲਾ ਸਾਹਿਤ ਹੀ ਪੈਦਾ ਨਹੀਂ ਕੀਤਾ, ਸਗੋਂ ਬਹੁਤ ਸਾਰੇ ਤਰਕਸ਼ੀਲ ਲੇਖਕ ਵੀ ਪੈਦਾ ਕੀਤੇ ਹਨ, ਜਿਨ੍ਹਾਂ ਵਿਚ, ਸੁਰਜੀਤ ਤਲਵਾਰ, ਪ੍ਰੇਮ ਸਿੰਘ ਮਸਤਾਨਾ, ਰਾਜਾ ਰਾਮ ਹੰਢਿਆਇਆ, ਅਮਰਜੀਤ ਸਿੰਘ ਢਿੱਲੋਂ, ਅਜਮੇਰ ਸਿੱਧੂ, ਆਰ. ਪੀ. ਗਾਂਧੀ, ਰਾਏ ਜਸਵੀਰ ਸਿੰਘ, ਹੇਮਰਾਜ ਸਟੈਨੋ, ਖੁਸਵੰਤ ਬਰਗਾੜੀ, ਮੱਖਣ ਸਿੰਘ ਜੌਹਲ, ਹਰਜੀਤ ਸਿੰਘ ਮਾਂਗਟ, ਬਲਵੀਰ ਚੰਦ ਲੌਂਗੋਵਾਲ, ਗੁਰਚਰਨ ਨੂਰਪੁਰ, ਬੀ. ਪ੍ਰੇਮਾਨੰਦ, ਨਰਿੰਦਰ ਛੀਨੀਵਾਲੀਆ ਅਤੇ ਮੈਂ (ਮੇਘ ਰਾਜ ਮਿੱਤਰ) ਆਦਿ ਹਨ। ਇਨ੍ਹਾਂ ਵਿਚੋਂ ਪ੍ਰੇਮ ਸਿੰਘ ਮਸਤਾਨਾ ਅਤੇ ਬੀ. ਪ੍ਰੇਮਾਨੰਦ ਅੱਜ ਸਾਡੇ ਵਿਚ ਮੌਜੂਦ ਨਹੀਂ ਹਨ। ਤਰਕਸ਼ੀਲ ਲੇਖਕਾਂ ਦੀ ਇਹ ਕਤਾਰ ਬਹੁਤ ਲੰਬੀ ਹੈ। ਹੁਣ ਬਹੁਤ ਸਾਰੇ ਨਵੇਂ ਸਾਥੀ ਉਭਰ ਰਹੇ ਹਨ। ਜੋ ਸਪਸ਼ਟ ਕਰਦਾ ਹੈ ਕਿ ਇਹ ਲਹਿਰ ਕਦੇ ਵੀ ਮਰੇਗੀ ਨਹੀਂ। ਆਉਣ ਵਾਲੇ ਸੈਂਕੜੇ ਸਾਲਾਂ ਤਕ ਤਰਕਸ਼ੀਲ ਆਪਣੀ ਭੂਮਿਕਾ ਨਿਭਾਉਂਦੇ ਰਹਿਣਗੇ।

## ਅਮਲੀ ਕਾਰਜ

ਤਰਕਸ਼ੀਲਾਂ ਨੇ ਇਕੱਲੀਆਂ ਕਿਤਾਬਾਂ ਹੀ ਨਹੀਂ ਲਿਖੀਆਂ, ਸਗੋਂ ਸਾਹਿਤ ਨੂੰ ਅਮਲੀਜਾਮਾ ਵੀ ਪਹਿਨਾਇਆ ਹੈ। ਤਰਕਸ਼ੀਲਾਂ ਨੇ ਹਜ਼ਾਰਾਂ ਹੀ ਕਸਰਾਂ, ਘਟਨਾਵਾਂ ਅਤੇ ਪੁਨਰ-ਜਨਮ ਦੇ ਕੇਸ ਹੱਲ ਕੀਤੇ ਹਨ ਅਤੇ ਅਜਿਹੀਆਂ ਘਟਨਾਵਾਂ ਨੂੰ ਸਾਹਿਤਕ ਰੂਪ ਦੇ ਕੇ ਪਾਠਕਾਂ ਨੂੰ ਇਨ੍ਹਾਂ ਦੇ ਹੱਲ ਕਰਨ ਦੇ ਢੰਗ ਸਿਖਾਏ ਹਨ। ਇਸ ਦਾ ਹੀ ਨਤੀਜਾ ਹੈ ਕਿ ਅੱਜ ਪੰਜਾਬ ਦੇ ਪਿੰਡਾਂ ਵਿਚ ਕਸਰਾਂ ਦੇ ਕੇਸ ਨਿਗੂਣੇ ਹੋ ਗਏ ਹਨ। ਸਾਡੇ ਵਲੋਂ ਲਾਏ ਗਏ ਕੈਂਪਾਂ ਵਿਚ, ਜਿੱਥੇ ਸੈਂਕੜੇ ਵਿਅਕਤੀ ਹਰ ਹਫ਼ਤੇ

ਆਉਂਦੇ ਸਨ, ਅੱਜ ਉੱਥੇ ਕੋਈ ਟਾਵਾਂ-ਟੱਲਾ ਹੀ ਅਜਿਹਾ ਕੇਸ ਆਉਂਦਾ ਹੈ। ਸੁਸਾਇਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਘਟਨਾਵਾਂ ਵਾਪਰਨ ਦੇ ਕੇਸ ਸਾਲਾਂਬੱਧੀ ਵਾਰ-ਵਾਰ ਵਾਪਰਦੇ ਰਹਿੰਦੇ ਸਨ। ਅੱਜ ਤਰਕਸ਼ੀਲ ਇਨ੍ਹਾਂ ਦਾ ਮੌਕੇ 'ਤੇ ਹੀ ਹੱਲ ਕਰ ਦਿੰਦੇ ਹਨ। ਇਸ ਤੋਂ ਪਹਿਲਾਂ ਅਖ਼ਬਾਰਾਂ ਵਿਚ ਪੁਨਰ-ਜਨਮ ਦੀਆਂ ਖ਼ਬਰਾਂ ਹਮੇਸ਼ਾ ਛਪਦੀਆਂ ਰਹਿੰਦੀਆਂ ਸਨ ਅਤੇ ਅੱਜ ਸਾਲ ਵਿਚ ਕੋਈ ਇਕ-ਅੱਧੀ ਖ਼ਬਰ ਹੀ ਅਜਿਹੀ ਦੇਖਣ ਨੂੰ ਮਿਲਦੀ ਹੈ। ਇਹ ਤਰਕਸ਼ੀਲਾਂ ਦੀਆਂ ਪ੍ਰਾਪਤੀਆਂ ਅਤੇ ਲੋਕ ਚੇਤਨਤਾ ਦੇ ਵਧਣ ਦਾ ਜਿਉਂਦਾ-ਜਾਗਦਾ ਅੱਖੀਂ ਡਿੱਠਾ ਸਬੂਤ ਹੈ। ਅਮਲ ਨਾਲ ਜੁੜੀਆਂ ਪੁਸਤਕਾਂ ਕਰਕੇ ਪੰਜਾਬ ਦੇ ਲੋਕਾਂ ਦੀ ਕਿਤਾਬਾਂ ਪੜ੍ਹਨ ਦੀ ਰੁਚੀ ਵੀ ਵਧੀ ਹੈ।

### ਵਿਗਿਆਨਕ ਸੋਚ

ਤਰਕਸ਼ੀਲਾਂ ਨੇ ਅਜਿਹੇ ਬਹੁਤ ਸਾਰੇ ਸਾਹਿਤ ਦੀ ਸਿਰਜਣਾ ਕੀਤੀ ਹੈ, ਜਿਹੜਾ ਲੋਕਾਂ ਨੂੰ ਵਿਗਿਆਨਕ ਸੋਚ ਨਾਲ ਸਿੱਧੇ ਤੌਰ 'ਤੇ ਜੋੜਦਾ ਹੈ। ਵਿਗਿਆਨ ਨਾਲ ਸਬੰਧਤ ਵੀ ਕਈ ਤਰਕਸ਼ੀਲ ਸਾਹਿਤਕਾਰ ਇਸ ਪੱਖੋਂ ਸਰਗਰਮ ਹਨ। ਵਿਗਿਆਨ ਦੀ ਇਕ ਹੋਰ ਸਾਖਾ ਗਣਿਤ ਨੂੰ ਵੀ ਉਨ੍ਹਾਂ ਨੇ ਅੱਖੋਂ-ਪਰੋਖੇ ਨਹੀਂ ਕੀਤਾ। ਤਰਕਸ਼ੀਲ ਸੁਸਾਇਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਲੋਕਾਂ ਦੇ ਮਨਾਂ ਵਿਚ ਜਾਦੂ ਬਾਰੇ ਬਹੁਤ ਸਾਰੇ ਭਰਮ-ਭੁਲੇਖੇ ਸਨ। ਤਰਕਸ਼ੀਲਾਂ ਨੇ ਬਹੁਤ ਸਾਰੇ ਜਾਦੂਗਰਾਂ ਤੋਂ ਜਾਦੂ ਸਿੱਖ ਕੇ, ਹੇਠਾਂ ਸਾਥੀ ਮੈਂਬਰਾਂ ਨੂੰ ਸਿਖਾਉਣ ਦਾ ਯਤਨ ਕੀਤਾ ਅਤੇ ਜਾਦੂ ਸਬੰਧੀ ਬਹੁਤ ਸਾਰਾ ਸਾਹਿਤ ਸਾਡੇ ਕੋਲ ਮੌਜੂਦ ਹੈ। ਇਨ੍ਹਾਂ ਰਾਹੀਂ ਅਸੀਂ ਹਜ਼ਾਰਾਂ ਹੀ ਸਾਧਾਂ ਦੇ ਪਰਦੇ ਫ਼ਾਸ਼ ਕੀਤੇ ਹਨ, ਜੋ ਲੋਕਾਂ ਨੂੰ ਕਿਸੇ ਨਾ ਕਿਸੇ ਢੰਗ ਰਾਹੀਂ ਜਾਦੂ ਦੀ ਵਰਤੋਂ ਕਰਕੇ ਲੁੱਟ ਰਹੇ ਸਨ। ਪੰਜਾਬੀਆਂ ਦੀ ਸੋਚ ਵਿਗਿਆਨਕ ਹੋਣ ਦਾ ਫ਼ਾਇਦਾ ਆਉਣ ਵਾਲੇ ਸਮੇਂ ਵਿਚ ਵੱਧ ਹੋਣਾ ਹੈ। ਮੈਨੂੰ ਯਕੀਨ ਹੈ ਕਿ ਉਨ੍ਹਾਂ ਦੀ ਇਹ ਸੋਚ ਉਨ੍ਹਾਂ ਨੂੰ ਬਾਕੀ ਦੁਨੀਆਂ ਦੇ ਹਾਣਦਾ ਬਣਾਉਣ ਵਿਚ ਪਿੱਛੇ ਨਹੀਂ ਰਹਿਣ ਦੇਵੇਗੀ। ਵਿਗਿਆਨਕ ਖੋਜਾਂ ਵਿਚ ਵੀ ਪੰਜਾਬੀ ਜ਼ਰੂਰ ਮੱਲ੍ਹਾਂ ਮਾਰਨਗੇ, ਕਿਉਂਕਿ ਬਹੁਤਿਆਂ ਨੇ ਆਪਣੇ ਦਿਮਾਗ਼ਾਂ ਨੂੰ ਲੱਗੇ ਹੋਏ ਜਿੰਦੇ ਲਾ ਸੁੱਟੇ ਹਨ।



### ਜਥੇਬੰਦਕ ਤਾਣਾ-ਬਾਣਾ

ਸ਼ੁਰੂ ਦੀਆਂ ਹਾਲਤਾਂ ਵਿਚ 15 ਕੁ ਸਾਲ ਸਾਡਾ ਜਥੇਬੰਦਕ ਢਾਂਚਾ ਮਜ਼ਬੂਤੀ ਨਾਲ ਕੰਮ ਕਰਦਾ ਰਿਹਾ ਹੈ। ਅੱਜ ਭਾਵੇਂ ਇਹ ਕਾਫ਼ੀ ਹੱਦ ਤਕ ਖਿਲਰ ਚੁੱਕਿਆ ਹੈ, ਪਰ ਤਰਕਸ਼ੀਲ ਕਾਰਜ ਉਸੇ ਤਰ੍ਹਾਂ ਨਿਰਵਿਘਨ ਜਾਰੀ ਹਨ। ਜੇ ਢਾਂਚਾ ਮਜ਼ਬੂਤ ਹੁੰਦਾ ਤਾਂ ਇਨ੍ਹਾਂ ਕੰਮਾਂ ਵਿਚ ਹੋਰ ਤੇਜ਼ੀ ਆਉਣੀ ਸੀ। ਆਉਣ ਵਾਲੇ ਸਮੇਂ ਵਿਚ ਅਸੀਂ ਇਸ ਵੱਲ ਵੀ ਧਿਆਨ ਦੇ ਰਹੇ ਹਾਂ। ਸਾਡੇ ਖਿਲਰੇ ਹੋਏ ਕਾਰਕੁੰਨ ਬਹੁਤ ਸਾਰੀਆਂ ਥਾਵਾਂ 'ਤੇ ਅੱਜ ਵੀ ਕਾਰਜ ਕਰ ਰਹੇ ਹਨ। ਲੋੜ ਹੈ, ਉਨ੍ਹਾਂ ਨੂੰ ਤਰਕਸ਼ੀਲ ਸੁਸਾਇਟੀ ਭਾਰਤ ਦੀ ਛਤਰੀ ਹੇਠ ਜਥੇਬੰਦ ਕਰਨ ਦੀ।

### ਕੌਮਾਂਤਰੀ ਸਬੰਧਾਂ ਬਾਰੇ

ਤਰਕਸ਼ੀਲ ਲਹਿਰ ਦੇ ਬਹੁਤ ਸਾਰੇ ਵਰਕਰ ਦੁਨੀਆਂ ਦੇ ਵੱਖ-ਵੱਖ ਭਾਗਾਂ ਵਿਚ ਅੱਜ ਵੀ ਕਾਰਜਸ਼ੀਲ ਹਨ। ਕੈਨੇਡਾ, ਅਮਰੀਕਾ, ਇੰਗਲੈਂਡ, ਨਿਊਜ਼ੀਲੈਂਡ, ਆਸਟ੍ਰੇਲੀਆ ਅਤੇ ਕੁਵੈਤ ਵਿਚ ਪੰਜਾਬੀ ਲੋਕਾਈ ਨੂੰ ਅੰਧਵਿਸ਼ਵਾਸਾਂ ਵਿਚੋਂ ਬਾਹਰ ਕੱਢਣ ਲਈ ਯਤਨਸ਼ੀਲ ਹਨ। ਪੰਜਾਬ ਵਿਚੋਂ ਬਹੁਤ ਸਾਰੇ ਤਰਕਸ਼ੀਲ ਆਗੂ, ਜਿਨ੍ਹਾਂ ਵਿਚ ਮੈਂ ਵੀ ਸ਼ਾਮਲ ਹਾਂ, ਹਮੇਸ਼ਾ ਹੀ ਇਨ੍ਹਾਂ ਦੇਸ਼ਾਂ ਦੇ ਚੱਕਰ ਕੱਢਦੇ ਰਹਿੰਦੇ ਹਾਂ, ਸਾਡੀਆਂ ਨਾਟਕ ਟੀਮਾਂ ਹਰਕੇਸ਼ ਚੌਧਰੀ, ਹਰਵਿੰਦਰ ਦੀਵਾਨਾ, ਸੈਮੁਅਲ ਜੌਨ ਦੀ ਅਗਵਾਈ ਵਿਚ ਇਨ੍ਹਾਂ ਦੇਸ਼ਾਂ ਦੇ ਚੱਕਰ ਲਾਉਂਦੀਆਂ ਰਹਿੰਦੀਆਂ ਹਨ। ਇਨ੍ਹਾਂ ਦੇਸ਼ਾਂ ਦੇ ਉੱਘੇ ਤਰਕਸ਼ੀਲ ਸਾਡੇ ਨਾਲ ਹਮੇਸ਼ਾ ਸੰਪਰਕ ਵਿਚ ਰਹਿੰਦੇ ਹਨ। ਸਾਡੇ ਨਾਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰਦੇ ਰਹਿੰਦੇ ਹਨ ਅਤੇ ਨਾਲ ਹੀ ਸਾਡੀਆਂ ਸਮੱਸਿਆਵਾਂ ਵਿਚ ਸਹਿਯੋਗੀ ਵੀ ਬਣਦੇ ਹਨ।

### ਦੂਜੇ ਸੂਬਿਆਂ ਵਿਚ ਤਰਕਸ਼ੀਲ ਸੁਸਾਇਟੀ ਲਹਿਰ

ਇਕੱਲੇ ਪੰਜਾਬ ਵਿਚ ਹੀ ਨਹੀਂ, ਭਾਰਤ ਦੇ ਹੋਰਾਂ ਸੂਬਿਆਂ ਵਿਚ ਵੀ ਤਰਕਸ਼ੀਲ ਲਹਿਰ ਆਪਣਾ ਕੰਮ ਕਰ ਰਹੀ ਹੈ। ਦੱਖਣੀ ਭਾਰਤ ਦੀ ਤਰਕਸ਼ੀਲ ਲਹਿਰ, ਦਿੱਲੀ ਅਤੇ ਹਰਿਆਣੇ ਦੇ ਤਰਕਸ਼ੀਲ ਹਮੇਸ਼ਾ ਹੀ ਇਕ-ਦੂਜੇ ਨਾਲ ਸੰਪਰਕ ਵਿਚ ਰਹਿੰਦੇ ਹਨ। ਕੁੱਲ ਮਿਲਾ ਕੇ ਸਾਡਾ ਸਾਹਿਤ ਵੀ ਅਜਿਹੇ ਸਥਾਨਾਂ 'ਤੇ ਪਹੁੰਚ ਰਿਹਾ ਹੈ।

### ਭਰਾਤਰੀ ਜਥੇਬੰਦੀਆਂ ਨਾਲ ਸਬੰਧਾਂ ਬਾਰੇ

ਜਦੋਂ ਵੀ ਤਰਕਸ਼ੀਲ ਲਹਿਰ ਲਈ ਕੋਈ ਸਮੱਸਿਆ ਖੜ੍ਹੀ ਹੁੰਦੀ ਹੈ ਤਾਂ ਅਸੀਂ ਇਲਾਕੇ ਦੀਆਂ ਜਥੇਬੰਦੀਆਂ ਨੂੰ ਸੂਚਿਤ ਕਰਦੇ ਹਾਂ ਅਤੇ ਸਹਿਯੋਗ ਦੀ ਮੰਗ ਕਰਦੇ ਹਾਂ। ਸਾਨੂੰ ਇਹ ਸਹਿਯੋਗ ਮਿਲਦਾ ਵੀ ਹੈ ਅਤੇ ਅਸੀਂ ਦਿੰਦੇ ਵੀ ਹਾਂ। ਪਿਛਲੇ ਸਮਿਆਂ ਵਿਚ ਭਾਵੇਂ ਮੂਰਤੀਆਂ ਦੇ ਦੁੱਧ ਪੀਣ ਦਾ ਮਸਲਾ ਹੋਵੇ, ਤਪੇ ਦੇ ਹੰਕਾਰੇ ਹੋਏ ਵਿਅਕਤੀਆਂ ਵਲੋਂ ਤਰਕਸ਼ੀਲ ਮੇਲੇ ਵਿਚ ਕੀਤੀ ਗਈ ਗੜਬੜ ਹੋਵੇ ਜਾਂ ਫ਼ਾਜ਼ਿਲਕਾ ਵਿਖੇ ਹਿੰਦੂਵਾਦੀ ਤਾਕਤਾਂ ਵੱਲੋਂ ਪੰਜਾਬ ਸਰਕਾਰ ਦੀ ਸਹਿ ਨਾਲ ਤਰਕਸ਼ੀਲ ਕਿਤਾਬਾਂ 'ਤੇ ਪਾਬੰਦੀ ਲਾਉਣ ਦਾ ਮਸਲਾ ਹੋਵੇ ਜਾਂ ਭਗਤੇ ਦੇ ਖੂਹ ਵਾਲੀ ਕਮੇਟੀ ਵਲੋਂ ਮਚਾਈ ਹੁੱਲੜਬਾਜ਼ੀ ਹੋਵੇ ਜਾਂ ਵਰਿੰਦਰ ਦੀਵਾਨਾ ਦਾ ਮਸਲਾ ਹੋਵੇ। ਅਸੀਂ ਸਾਰੀਆਂ ਜਥੇਬੰਦੀਆਂ ਦਾ ਸਹਿਯੋਗ ਲਿਆ ਹੈ। ਬਹੁਤ ਸਾਰੇ ਮਸਲਿਆਂ 'ਤੇ ਅਸੀਂ ਵੀ ਜਨਤਕ ਜਥੇਬੰਦੀਆਂ ਨਾਲ ਕੰਧ ਦੀ ਤਰ੍ਹਾਂ ਖੜ੍ਹਦੇ ਰਹੇ ਹਾਂ। ਇਹ ਹੀ ਸੱਚਾਈ ਹੈ ਕਿ ਅੱਜ ਕੱਟੜਵਾਦੀ ਜਥੇਬੰਦੀਆਂ ਸਾਥੋਂ ਭੈਅ ਖਾ ਰਹੀਆਂ ਹਨ।

### ਸੋਸ਼ਲ, ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ

ਸੋਸ਼ਲ ਸਾਇਟਾਂ 'ਤੇ ਵੀ ਅੱਜ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਦੀ ਗਿਣਤੀ ਦਹਿ ਹਜ਼ਾਰਾਂ ਵਿਚ ਹੈ। ਇਹ ਸਾਰੇ ਸਾਥੀ ਸੋਸ਼ਲ ਸਾਈਟਾਂ ਰਾਹੀਂ ਲੋਕਾਂ ਨੂੰ ਚੇਤਨ ਕਰਨ ਦਾ ਕਾਰਜ ਵੱਡੀ ਪੱਧਰ 'ਤੇ ਕਰ ਰਹੇ ਹਨ, ਜਿਸ ਦੇ ਨਤੀਜੇ ਆਉਣ ਵਾਲੇ ਸਾਲਾਂ ਵਿਚ ਸਾਡੇ ਸਾਹਮਣੇ ਹੋਣਗੇ। ਅੱਜ ਕੋਈ ਵੀ ਜੋਤਸ਼ੀ ਜਾਂ ਵਸਤੂ ਸ਼ਾਸਤਰ ਦਾ ਅਖੌਤੀ ਮਾਹਰ ਕਿਸੇ ਵੀ ਟੈਲੀਵਿਜ਼ਨ ਚੈਨਲ 'ਤੇ ਸਾਡਾ ਸਾਹਮਣਾ ਕਰਨ ਲਈ ਤਿਆਰ ਨਹੀਂ ਹੈ, ਕਿਉਂਕਿ ਅਸੀਂ ਆਪਣੀਆਂ ਦਲੀਲਾਂ ਅਤੇ ਸਬੂਤਾਂ ਰਾਹੀਂ ਉਨ੍ਹਾਂ ਦਾ ਥੋਥ ਨੰਗਾ ਕਰ ਦਿੱਤਾ ਹੈ। ਦੁਨੀਆਂ ਭਰ ਦੇ ਬਹੁਤ ਸਾਰੇ ਅਖ਼ਬਾਰਾਂ ਵਿਚ ਸਾਡੀਆਂ ਲਿਖਤਾਂ ਹਮੇਸ਼ਾ ਛਪਦੀਆਂ ਰਹਿੰਦੀਆਂ ਹਨ। ਤਰਕਸ਼ੀਲ ਲਹਿਰ 1984 ਤੋਂ ਛੱਪ ਰਹੇ ਪੰਜਾਬੀ ਤੇ ਹਿੰਦੀ ਦੇ ਕੁੱਝ ਮੈਗਜ਼ੀਨ ਵੀ ਇਸ ਸਬੰਧੀ ਵਧੀਆ ਭੂਮਿਕਾ ਨਿਭਾਅ ਰਹੇ ਹਨ। ਵੱਖ-ਵੱਖ ਨੌਜਵਾਨ ਕਲੱਬਾਂ ਅਤੇ ਸੁਸਾਇਟੀਆਂ ਵੱਲੋਂ ਲਾਏ ਜਾਂਦੇ ਤਰਕਸ਼ੀਲ ਮੇਲਿਆਂ ਦੀ ਭੂਮਿਕਾ ਵੀ ਸ਼ਲਾਘਾਯੋਗ ਹੈ। ਕੁੱਲ ਮਿਲਾ ਕੇ ਤਰਕਸ਼ੀਲ ਲਹਿਰ ਨੇ ਆਪਣੇ 31 ਵਰ੍ਹਿਆਂ ਦੇ ਸਫ਼ਰ ਵਿਚ ਸਾਰਥਕ ਨਤੀਜੇ ਦਿੱਤੇ ਹਨ। ਭਾਵੇਂ ਸਮੇਂ-ਸਮੇਂ ਦੀਆਂ ਸਰਕਾਰਾਂ ਅਤੇ ਧਾਰਮਿਕ ਆਗੂਆਂ ਵੱਲੋਂ ਆਪਣੇ ਸੁਆਰਥ ਖ਼ਾਤਰ ਇਸ ਲਹਿਰ ਨੂੰ ਹਰਜਾ ਪਹੁੰਚਾਉਣ ਦੇ ਹਜ਼ਾਰਾਂ ਯਤਨ ਕੀਤੇ ਹਨ, ਪਰ ਫਿਰ ਵੀ ਤਰਕਸ਼ੀਲਾਂ ਦੇ ਕਦਮ ਦਿਨ-ਰਾਤ ਅੱਗੇ ਵਧ ਰਹੇ ਹਨ।

# ਵਿਗਿਆਨਕ ਖ਼ਬਰਾਂ

## ✪ ਮਿਸਰ ਵਿਚ ਬੈਸਿਲੋਸਾਰਸ ਦੇ ਪੇਟ ਵਿਚੋਂ ਮਿਲਿਆ ਵ੍ਹੇਲ ਮੱਛੀ ਦਾ ਕੰਕਾਲ





ਅੱਜ ਅਸੀਂ ਜਿਸ ਧਰਤੀ 'ਤੇ ਜੀਅ ਰਹੇ ਹਾਂ, ਇਹ ਕਿਵੇਂ ਹੋਂਦ ਵਿਚ ਆਈ ਅਤੇ ਇਸ 'ਤੇ ਜੀਵ ਜੰਤੂ ਕਿਵੇਂ ਹੋਂਦ ਵਿਚ ਆਏ। ਇਸ ਸਬੰਧੀ ਵਿਗਿਆਨੀ ਲਗਾਤਾਰ ਖੋਜਾਂ ਵਿਚ ਲੱਗੇ ਹੋਏ ਹਨ। ਹੁਣ ਤਕ ਦੇ ਕਾਫ਼ੀ ਰਹੱਸ ਹੱਲ ਹੋ ਚੁੱਕੇ ਹਨ, ਜਦਕਿ ਲੱਖਾਂ ਹੀ ਰਹੱਸਾਂ ਤੋਂ ਪਰਦਾ ਉਠਾਉਣ ਲਈ ਵਿਗਿਆਨੀ ਯਤਨਸ਼ੀਲ ਹਨ। ਇਸੇ ਤਰ੍ਹਾਂ ਹੀ ਮਿਸਰ ਵਿਚ ਵਿਗਿਆਨੀਆਂ ਨੂੰ ਇਕ ਅਜਿਹਾ ਜੀਵਾਸ਼ਮ ਮਿਲਿਆ ਹੈ, ਜਿਸ ਤੋਂ ਕਈ ਹੋਰ ਜਾਣਕਾਰੀਆਂ ਦਾ ਖੁਲਾਸਾ ਹੋ ਸਕਦਾ ਹੈ। ਕਰੀਬ ਚਾਰ ਕਰੋੜ ਸਾਲ ਪੁਰਾਣਾ ਇਹ ਜੀਵਾਸ਼ਮ ਬੈਸਿਲੋਸਾਰਸ ਦਾ ਹੈ। ਡਾਇਨਾਸੋਰ ਵਾਂਗ ਹੀ ਬੈਸਿਲੋਸਾਰਸ ਪਾਣੀ ਦੇ ਵਿਸ਼ਾਲ ਜਾਨਵਰ ਹੁੰਦੇ ਸਨ। ਇਨ੍ਹਾਂ ਦੀ ਔਸਤ ਲੰਬਾਈ 20-22 ਮੀਟਰ ਹੁੰਦੀ ਸੀ। ਮੰਨਿਆ ਜਾਂਦਾ ਹੈ ਕਿ ਇਨ੍ਹਾਂ ਤੋਂ ਹੀ ਵ੍ਹੇਲ ਅਤੇ ਡਾਲਫ਼ਿਨ ਦਾ ਵਿਕਾਸ ਹੋਇਆ ਹੈ। ਬੈਸਿਲੋਸਾਰਸ ਬੇਹੱਦ ਖ਼ਤਰਨਾਕ ਹੁੰਦੇ ਸਨ ਕਿ ਵ੍ਹੇਲ ਤਕ ਨੂੰ ਵੀ ਖਾ ਜਾਂਦੇ ਸਨ।

60 ਫੁੱਟ ਦੇ ਇਸ ਬੈਸਿਲੋਸਾਰਸ ਦੇ ਪੇਟ ਵਿਚ ਵ੍ਹੇਲ ਦਾ ਪਿੰਜਰ ਮਿਲਿਆ ਹੈ, ਜਿਸ ਦੇ ਪੇਟ ਅੰਦਰ ਪਹਿਲਾਂ ਤੋਂ ਹੀ ਇਕ ਹੋਰ ਵ੍ਹੇਲ ਦਾ ਕੰਕਾਲ ਮੌਜੂਦ ਹੈ।

ਕੁੱਝ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਕ ਵ੍ਹੇਲ ਨੇ ਕਿਸੇ ਹੋਰ ਛੋਟੀ ਵ੍ਹੇਲ ਨੂੰ ਖਾਧਾ ਹੋਵੇਗਾ ਅਤੇ ਉਸ ਨੂੰ ਬੈਸਿਲੋਸਾਰਸ ਖਾ ਗਿਆ, ਜਦਕਿ ਕੁੱਝ ਦਾ ਕਹਿਣਾ ਹੈ ਕਿ ਬੈਸਿਲੋਸਾਰਸ ਨੇ ਕਿਸੇ ਅਜਿਹੀ ਵ੍ਹੇਲ ਨੂੰ ਖਾਧਾ ਹੋਵੇਗਾ, ਜੋ ਮਾਂ ਬਣਨ ਵਾਲੀ ਹੋਵੇਗੀ। ਇਹ ਪਿੰਜਰ ਯੂਨੈਸਕੋ ਵਰਲਡ ਹੈਰੀਟੇਜ ਵਿਚ ਸ਼ਾਮਲ ਵਾਦੀ-ਅਲ-ਹਿਤਾਨ ਵਿਚ ਮਿਲਿਆ, ਜਿਸ ਦਾ ਇਕ ਨਾਮ ਵ੍ਹੇਲ ਵੈਲੀ ਵੀ ਹੈ। ਇਹ ਵਾਦੀ ਕਾਹਿਰਾ ਦੇ ਦੱਖਣ-ਪੂਰਬ ਵਿਚ ਸਥਿਤ ਰੇਗਿਸਤਾਨ ਵਿਚ ਹੈ। ਮਿਸਰ ਦੇ ਵਾਤਾਵਰਣ ਮੰਤਰਾਲੇ ਨੇ ਫ਼ੇਸਬੁਕ 'ਤੇ ਇਸ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਹਨ।

## ✪ ਚੂਹੇ ਤੋਂ ਬਾਅਦ ਹੁਣ ਬਾਂਦਰ ਦੇ ਸਿਰ ਨੂੰ ਬਦਲਣਗੇ ਚੀਨ ਦੇ ਸਰਜਨ




ਚੂਹੇ ਦੇ ਸਿਰ ਦੇ ਸਫ਼ਲ ਪ੍ਰਯੋਗ ਮਗਰੋਂ ਇਕ ਚੀਨੀ ਸਰਜਨ ਨੇ ਹੁਣ ਬਾਂਦਰ ਦੇ ਸਿਰ ਦਾ ਟਰਾਂਸਪਲਾਂਟ ਕਰਨ ਦੀ ਯੋਜਨਾ ਬਣਾਈ ਹੈ। ਸਰਜਨ ਦੀ ਇਸ ਯੋਜਨਾ ਨੂੰ ਲੈ ਕੇ ਲੋਕਾਂ ਵਿਚ ਕਾਫ਼ੀ ਉਤਸ਼ੁਕਤਾ ਹੈ। ਕਈ ਲੋਕਾਂ ਦਾ ਕਹਿਣਾ ਹੈ ਕਿ ਅਜਿਹਾ ਸੰਭਵ ਨਹੀਂ ਹੈ।

ਚੀਨ ਦੇ ਉਤਰ-ਪੂਰਬੀ ਸੂਬੇ ਹੀਲੋਂਗਜਿਆਂਗ ਦੇ ਰੇਨ ਸ਼ਿਆਓਪਿੰਗ ਨੇ 2013 ਵਿਚ ਇਕ ਚੂਹੇ ਦੇ ਸਰੀਰ 'ਤੇ ਇਹ ਪ੍ਰਯੋਗ ਕੀਤਾ ਸੀ। ਰੇਨ ਹਰਬਿਨ ਮੈਡੀਕਲ ਯੂਨੀਵਰਸਿਟੀ ਦੇ ਇਕ ਹਾਸਪਿਟਲ ਵਿਚ ਸਰਜਨ ਹਨ। ਰੇਨ ਦੀ ਟੀਮ ਨੇ ਉਦੋਂ ਤੋਂ ਕਰੀਬ ਇਕ ਹਜ਼ਾਰ ਅਜਿਹੇ ਟਰਾਂਸਪਲਾਂਟ ਕੀਤੇ ਹਨ। ਰੇਨ ਦੀ ਟੀਮ ਲਗਾਤਾਰ ਇਸ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਨ ਵਿਚ ਲੱਗੀ ਹੋਈ ਹੈ ਅਤੇ ਹੁਣ ਉਨ੍ਹਾਂ ਨੇ ਬਾਂਦਰ 'ਤੇ ਇਸ ਪ੍ਰਯੋਗ ਨੂੰ ਦੁਹਰਾਉਣ ਦਾ ਐਲਾਨ ਕੀਤਾ ਹੈ। ਹਾਲਾਂਕਿ ਅਜੇ ਇਸ ਯੋਜਨਾ ਨੂੰ ਲੈ ਕੇ ਕੋਈ ਵਿਸਥਾਰਤ ਜਾਣਕਾਰੀ ਨਹੀਂ ਦਿੱਤੀ ਗਈ। ਤਿੰਨ ਸਾਲ ਪਹਿਲਾਂ ਚੀਨ ਵਾਪਸ ਆਉਣ ਤੋਂ ਪਹਿਲਾਂ ਰੇਨ ਨੇ ਅਮਰੀਕਾ ਵਿਚ ਪੜ੍ਹਾਈ ਕਰਨ ਦੇ ਨਾਲ ਕੰਮ ਵੀ ਕੀਤਾ। ਸਿਰ ਦਾ ਟਰਾਂਸਪਲਾਂਟ ਕਰਦੇ ਹੋਏ ਸਪਾਈਨਲ ਕਾਰਡ ਨੂੰ ਜੋੜਨਾ, ਪ੍ਰਕਿਰਿਆ ਦੌਰਾਨ ਦਿਮਾਗ਼ ਨੂੰ ਜਿਊਂਦਾ ਰੱਖਣਾ ਅਤੇ ਸਰੀਰ ਨੂੰ ਨਵਾਂ ਸਿਰ ਪ੍ਰਵਾਨ ਕਰਵਾਉਣ ਲਈ ਤਿਆਰ ਕਰਨਾ ਡਾਕਟਰੀ ਖੇਤਰ ਦੇ ਲਈ ਵੱਡੀ ਚੁਨੌਤੀ ਹੈ।

## ✪ ਰੂਸ ਨੇ ਯੋਗ ਨੂੰ ਦੱਸਿਆ ਜਾਦੂ-ਟੂਣਾ, ਲਾਈ ਰੋਕ

21 ਜੂਨ 2015 ਨੂੰ ਕੌਮਾਂਤਰੀ ਯੋਗ ਦਿਵਸ ਮਨਾਇਆ ਗਿਆ। ਇਥੋਂ ਤਕ ਕਿ ਕੌਮਾਂਤਰੀ ਪੱਧਰ ਦੀ ਸੰਸਥਾ ਸੰਯੁਕਤ ਰਾਸ਼ਟਰ ਵਲੋਂ ਵੀ ਇਸ ਦਿਹਾੜੇ ਨੂੰ ਮਾਨਤਾ ਦਿਤੀ ਗਈ। ਪਰ ਦੁਨੀਆਂ ਵਿਚ ਵੱਡੇ ਪੱਧਰ 'ਤੇ ਇਨਕਲਾਬਾਂ ਦੀ ਲੜੀ ਚਲਾਉਣ ਦੀ ਨੀਂਹ ਰੱਖਣ ਵਾਲੇ ਅਤੇ ਫ਼ਾਸ਼ੀਵਾਦੀ ਅਡੋਲਫ਼ ਹਿਟਲਰ ਨੂੰ ਟੱਕਰ ਦੇਣ ਵਾਲੇ ਰੂਸ ਨੇ ਯੋਗ 'ਤੇ



ਪਾਬੰਦੀ ਲਾ ਦਿੱਤੀ ਹੈ। 90ਵੇਂ ਦਹਾਕੇ ਦੌਰਾਨ ਢਹਿ-ਢੇਰੀ ਹੋ ਚੁੱਕੇ ਅਤੇ ਭਾਰਤ ਦੇ ਸਭ ਤੋਂ ਨੇੜਲੇ ਮੰਨੇ ਜਾਣ ਵਾਲੇ ਇਸ ਦੇਸ਼ ਨੇ ਆਪਣੇ ਆਦੇਸ਼ ਵਿਚ ਯੋਗ ਨੂੰ ਜਾਦੂ-ਟੂਣਾ ਕਿਹਾ ਹੈ। ਮਾਸਕੋ ਟਾਈਮਜ਼ ਮੁਤਾਬਕ, ਔਰਾ ਅਤੇ ਇੰਗਾਰਾ ਨਾਮਕ ਸਟੂਡੀਓ ਹੱਠ ਯੋਗ ਲਈ ਸਟੇਡੀਅਮ ਅਤੇ ਮੀਟਿੰਗ ਹਾਲ ਕਿਰਾਏ ’ਤੇ ਲੈ ਰਹੇ ਸਨ। ਦੋਵਾਂ ਨੂੰ ਅਜਿਹਾ ਕਰਨ ’ਤੇ ਨੋਟਿਸ ਦਿੱਤਾ ਗਿਆ। ਅਖ਼ਬਾਰ ਦੀ ਰਿਪੋਰਟ ਮੁਤਾਬਕ, ਅਧਿਕਾਰੀਆਂ ਨੇ ਕਿਹਾ ਹੈ ਕਿ ਯੋਗ ਧਾਰਮਿਕ ਕਰਮਕਾਂਡ ਹੈ। ਇਸ ਦਾ ਜਾਦੂ-ਟੂਣੇ ਨਾਲ ਵੀ ਸਬੰਧ ਹੈ। ਇਸ ਤੋਂ ਪਹਿਲਾਂ ਰੂਸੀ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਵੀ ਯੋਗ ਨੂੰ ਲੈ ਕੇ ਸਵਾਲ ਉਠਾ ਚੁੱਕੇ ਹਨ।

### ✪ ਭਵਿੱਖ ਦੀ ਯਾਤਰਾ ਹਾਈਪਰਲੂਪ ਰਾਹੀਂ ਹੋਵੇਗੀ

ਆਉਣ ਵਾਲੇ ਸਮੇਂ ਵਿਚ ਧਰਤੀ ਉੱਤੇ ਆਉਣ-ਜਾਣ ਲਈ ਇਕ ਪਾਈਪ ਦੀ ਵਰਤੋਂ ਹੋਇਆ ਕਰੇਗੀ। ਜਿਸ ਵਿਚ ਕੈਪਸੂਲਾਂ ਵਿਚ ਭਰੇ ਹੋਏ ਵਿਅਕਤੀ ਇਕ ਘੰਟੇ ਵਿਚ 1287 ਕਿਲੋਮੀਟਰ ਤਕ ਦੂਰੀ ਤੈਅ ਕਰਿਆ ਕਰਨਗੇ। ਇਹ ਕੋਈ ਗੱਪ ਨਹੀਂ ਹੈ। ਇਸ ਸੰਬੰਧੀ ਅਮਰੀਕਾ ਵਿਚ ਪ੍ਰਯੋਗ ਸ਼ੁਰੂ ਹੋ ਚੁੱਕੇ ਹਨ। ਇਕ ਅਰਬਾਂ ਪਤੀ ਈਲੋਨ ਮਸਕ ਨਾਂਅ ਦੇ ਵਿਅਕਤੀ ਨੇ ਇਹ ਐਲਾਨ ਕੀਤਾ ਹੈ ਕਿ ਉਹ ਕੈਲੋਫੋਰਨੀਆ ਦੇ ਦੋ ਸ਼ਹਿਰਾਂ ਸੈਨਫ਼ਰਾਂਸਿਸਕੋ ਤੋਂ ਲੈ ਕੇ ਲਾਸ ਏਂਜਲਸ ਤਕ ਇਸ ਪਾਈਪ ਦਾ ਨਿਰਮਾਣ ਕਰੇਗਾ। ਇਕ ਕਿਲੋਮੀਟਰ ਦੀ ਅਜਿਹੀ ਪਾਈਪ ਉਪਰ ਪ੍ਰਯੋਗ ਅਗਲੇ ਸਾਲ ਤਕ ਮੁਕੰਮਲ ਹੋ ਜਾਵੇਗਾ। ਇਸ ਪਾਈਪ ਵਿਚ ਹਵਾਈ ਜਹਾਜ਼ ਦੀ ਤਰ੍ਹਾਂ ਹਵਾ ਦਾ ਦਬਾਅ ਘੱਟ ਰੱਖਿਆ ਜਾਵੇਗਾ ਅਤੇ ਇਸ ਲਈ ਲੋੜੀਂਦੀ ਊਰਜਾ ਸੂਰਜੀ ਕਿਰਨਾਂ ਤੋਂ ਪ੍ਰਾਪਤ ਕੀਤੀ ਜਾਵੇਗੀ।

2018 ਤਕ ਇਸ ਪ੍ਰੋਜੈਕਟ ਦੇ ਪੂਰੇ ਹੋ ਜਾਣ ਦੀ ਸੰਭਾਵਨਾ ਹੈ। ਮਸਕ ਦੀ ਕੰਪਨੀ ਨੂੰ ਉਮੀਦ ਹੈ ਕਿ ਉਹ ਸਾਲ ਵਿਚ ਦਸ ਲੱਖ ਵਿਅਕਤੀਆਂ ਨੂੰ ਲਾਸ ਏਂਜਲਸ ਤੋਂ ਸੈਨਫ਼ਰਾਂਸਿਸਕੋ ਦੀ ਯਾਤਰਾ ਕਰਵਾਇਆ ਕਰਨਗੇ।

### ✪ ਕੁੱਤੇ ਤੋਂ ਵੀ ਛੋਟਾ ਘੋੜਾ, ਕੱਦ ਸਿਰਫ਼ 18 ਇੰਚ

ਸੜਕਾਂ ’ਤੇ ਆਮ ਹੀ ਸਵਾਰੀਆਂ ਢੋਂਹਦੇ ਅਤੇ ਰੇਸਿੰਗ ਵਿਚ ਹਿੱਸਾ ਲੈਂਦੇ ਘੋੜਿਆਂ ਨੂੰ ਤੁਸੀਂ ਹਮੇਸ਼ਾ ਵੇਖਿਆ ਹੋਵੇਗਾ। ਜਿਸ ਹਿਸਾਬ ਨਾਲ ਘੋੜੇ ਦੀ ਸਿਹਤ ਜਾਂ ਕੱਦ ਕਾਠ ਹੁੰਦਾ ਹੈ, ਉਸ ਹਿਸਾਬ ਨਾਲ ਉਸ ਦਾ ਮੁੱਲ ਪੈਂਦਾ ਹੈ। ਘੋੜਾ ਅਤੇ ਕੁੱਤਾ ਮਨੁੱਖ ਦੇ ਪਾਲਤੂ ਜਾਨਵਰ ਹਨ। ਘੋੜੇ ਅਤੇ ਕੁੱਤੇ ਦੇ ਕੱਦ-ਕਾਠ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਹੁੰਦਾ ਹੈ। ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਘੋੜਾ ਵੀ ਕੁੱਤੇ ਦੇ ਬਰਾਬਰ ਦਾ ਹੋ ਸਕਦਾ ਹੈ। ਕੀ ਤੁਸੀਂ ਕਦੀ ਇਕ ਕੁੱਤੇ ਦੇ ਕੱਦ ਜਿੱਡੇ ਘੋੜੇ ਨੂੰ ਵੇਖਿਆ ਹੈ ? ਜ਼ਾਹਰ ਹੈ ਕਿ ਅਜਿਹੇ ਘੋੜੇ ਸੜਕਾਂ ’ਤੇ ਨਹੀਂ ਵਿਖਾਈ ਦਿੰਦੇ, ਪਰ ਅਜਿਹਾ ਹਕੀਕਤ ਵਿਚ ਹੈ। ਬਰਤਾਨੀਆ ਵਿਚ ਇਕ ਅਜਿਹਾ ਘੋੜਾ ਹੈ, ਜਿਸ ਦੀ ਲੰਬਾਈ ਇਕ ਕੁੱਤੇ ਦੇ ਬਰਾਬਰ ਹੈ। ਇਸ ਘੋੜੇ ਦਾ ਨਾਮ ‘ਮਾਈਕ੍ਰੋਡੇਵ’ ਹੈ, ਜੋ ਬਰਤਾਨੀਆ ਦਾ ਸੱਭ ਤੋਂ ਛੋਟਾ ਘੋੜਾ ਹੈ। ਇਸ ਦੀ ਲੰਬਾਈ ਸਿਰਫ਼ 18 ਇੰਚ ਹੀ ਹੈ। ਇਹ ਘੋੜਾ ਨੈਸ਼ਨਲ ਅਤੇ ਇੰਟਰਨੈਸ਼ਨਲ ਰੇਸਿੰਗ ਵਿਚ ਹਿੱਸਾ ਨਹੀਂ ਲੈ ਸਕਦਾ, ਬਾਵਜੂਦ ਇਸ ਦੇ ਕਿ ਲੋਕ ਇਸ ਨੂੰ ਦੌੜਦੇ ਹੋਏ ਦੇਖਣ ਲਈ ਆਉਂਦੇ ਹਨ। ਮਾਈਕ੍ਰੋਡੇਵ ਦੀ ਮਾਲਕਿਨ ਜੇਨ ਬਾਲਡਵਿਨ ਨੇ ਦਸਿਆ, “40 ਦਿਨ ਦੇ ਇਸ ਘੋੜੇ ਦੀ ਲੰਬਾਈ ਵੇਖ ਕੇ ਮੈਂ ਹੈਰਾਨ ਹਾਂ। ਮੈਨੂੰ ਯਕੀਨ ਹੀ ਨਹੀਂ ਹੋ ਰਿਹਾ ਹੈ ਕਿ ਇੰਨਾ ਛੋਟਾ ਘੋੜਾ ਵੀ ਹੋ ਸਕਦਾ ਹੈ। ਇਸ ਦਾ ਜਨਮ 11 ਜੂਨ ਨੂੰ ਹੋਇਆ ਸੀ।”

### ✪ ਕਾਰਾਂ ਦਾ ਸ਼ਹਿਰ, ਜਿੱਥੇ ਮਨੁੱਖ ਦੇ ਦਾਖ਼ਲ ਹੋਣ ’ਤੇ ਹੈ ਪਾਬੰਦੀ

ਕੀ ਤੁਸੀਂ ਇਕ ਅਜਿਹੇ ਮਨੁੱਖਹੀਣੇ ਸ਼ਹਿਰ ਦੀ ਕਲਪਨਾ ਕਰ ਸਕਦੇ ਹੋ, ਜਿਥੇ ਕਾਰਾਂ ਹੀ ਕਾਰਾਂ ਹੋਣ ਅਤੇ ਉਥੇ ਮਨੁੱਖ ਦੇ ਦਾਖ਼ਲ ਹੋਣ ’ਤੇ ਪਾਬੰਦੀ ਹੋਵੇ ? ਪਰ ਅਜਿਹਾ ਸ਼ਹਿਰ ਹੈ। ਇਹ ਸ਼ਹਿਰ ਯੂਨੀਵਰਸਿਟੀ ਆਫ਼ ਮਿਸ਼ੀਗਨ ਨੇ ਬਣਾਇਆ ਹੈ, ਜਿਥੇ ਖੋਜਕਰਤਾ ਡਰਾਈਵਰਲੈੱਸ (ਡਰਾਈਵਰ ਵਿਹੂਣੀਆਂ) ਕਾਰਾਂ ਚਲਾਉਣਗੇ। ਇਸ ਨੂੰ ‘ਐਮਸਿਟੀ’ ਨਾਮ ਦਿਤਾ ਗਿਆ ਹੈ। ਇਹ ਇਸ ਲਈ ਬਣਾਇਆ ਗਿਆ ਹੈ, ਕਿਉਂਕਿ ਡਰਾਈਵਰਲੈੱਸ ਕਾਰਾਂ ਦੇ ਭੀੜ-ਭਾੜ ਵਾਲੀਆਂ ਥਾਵਾਂ ’ਤੇ ਪ੍ਰੀਖਣ ਕਰਨ ਦਾ ਤਜਰਬਾ ਅਸਫ਼ਲ ਰਿਹਾ ਹੈ, ਜਿਸ ਕਾਰਨ ਕੁੱਝ ਲੋਕ ਜ਼ਖ਼ਮੀ ਹੋ ਗਏ। ਖੋਜਾਰਥੀਆਂ ਦਾ ਮੰਨਣਾ ਹੈ ਕਿ ਡਰਾਈਵਰਲੈੱਸ ਕਾਰਾਂ ਨਾਲ ਜੇਕਰ ਹਾਦਸੇ ਵਾਪਰਦੇ ਹਨ, ਤਾਂ ਲੋਕਾਂ ਦਾ ਇਸ ਨਵੀਨਤਮ ਤਕਨੀਕ ਤੋਂ ਭਰੋਸਾ ਉਠ ਸਕਦਾ ਹੈ।

ਮਿਸ਼ੀਗਨ ਯੂਨੀਵਰਸਿਟੀ ਦੇ ਐਨ ਆਰਬਰ ਵਿਚ 32 ਏਕੜ ਖੇਤਰ ਵਿਚ ਕੰਟਰੋਲਡ ਟੈਸਟ ਇਨਵਾਇਰਨਮੈਂਟ ਸ਼ੁਰੂ ਕੀਤਾ ਗਿਆ ਹੈ। ਇਹ ਪੂਰਾ ਖੇਤਰ 24 ਫ਼ੁਟਬਾਲ ਗਰਾਉਂਡਾਂ ਦੇ ਬਰਾਬਰ ਹੈ। ਇੰਨ੍ਹੇ ਵੱਡੇ ਖੇਤਰ ਵਿਚ ਉਹ ਸਾਰੇ ਵਿਕਾਸ ਕਾਰਜ ਨਜ਼ਰ ਆਉਂਦੇ ਹਨ, ਜੋ ਕਿਸੇ ਛੋਟੇ ਸ਼ਹਿਰ ਵਿਚ ਹੁੰਦੇ ਹਨ। ਇੱਥੋਂ ਤਕ ਪੈਦਲ ਚੱਲਣ ਵਾਲਿਆਂ ਲਈ ਫ਼ੁਟਪਾਥ ਵੀ ਬਣਾਈ ਗਈ ਹੈ।

ਐਮਸਿਟੀ ਦਾ ਇਹ ਤਜ਼ਰਬਾ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਇਸ ਨੂੰ ਸੜਕਾਂ ’ਤੇ ਸੁਰੱਖਿਅਤ ਢੰਗ ਨਾਲ ਚਲਾਇਆ ਜਾ ਸਕੇ, ਜਿਸ ਕਾਰਨ ਕੀਮਤੀ ਜਾਨਾਂ ਵੀ ਬਚ ਸਕਨ। ਮਿਸ਼ੀਗਨ ਦੇ ਡੈਮੋਕ੍ਰੇਟ ਸੀਨੇਟਰ ਗੈਰੀ ਪੀਟਰਸਨ ਅਨੁਸਾਰ, ਅਮਰੀਕਾ ਵਿਚ ਹਰ ਸਾਲ 33 ਹਜ਼ਾਰ ਲੋਕ ਸੜਕ ਹਾਦਸੇ ਵਿਚ ਮਾਰੇ ਜਾਂਦੇ ਹਨ। ਡਰਾਈਵਰ ਵਿਹੂਣੀਆਂ ਕਾਰਾਂ ਚਲਾਉਣ ਕਾਰਨ ਇਸ ਵਿਚ 80 ਫ਼ੀਸਦੀ ਤਕ ਦੀ ਕਮੀ ਆ ਸਕਦੀ ਹੈ।

### ✪ ਮੈਮਥ ਨੂੰ ਕਲੋਨਿੰਗ ਰਾਹੀਂ ਧਰਤੀ ’ਤੇ ਮੁੜ ਲਿਆਉਣ ਦੀ ਤਿਆਰੀ

ਸਾਰਿਆਂ ਨੂੰ ਪਤਾ ਹੈ ਕਿ ਹਾਥੀ ਧਰਤੀ ਦਾ ਸੱਭ ਤੋਂ ਵੱਡਾ ਜਾਨਵਰ ਹੈ। ਬਾਕੀ ਜਾਨਵਰ ਉਸ ਦੇ ਸਾਹਮਣੇ ਬੌਣੇ ਲਗਦੇ ਹਨ। ਹੁਣ ਹਾਥੀ ਵੀ ਇਕ ਅਜਿਹੇ ਜਾਨਵਰ ਦੇ ਸਾਹਮਣੇ ਬੌਣਾ ਹੋ ਜਾਵੇਗਾ, ਜਿਹੜਾ 10



ਹਜ਼ਾਰ ਸਾਲ ਪਹਿਲਾਂ ਇਸ ਦੁਨੀਆਂ ਤੋਂ ਲੁਪਤ ਹੋ ਗਿਆ ਸੀ, ਕਿਉਂਕਿ ਹਾਥੀ ਤੋਂ ਡੇਢ ਗੁਣਾ ਵੱਡੇ ਆਕਾਰ ਦੇ 'ਮੈਮਥ' ਨਾਮ ਦੇ ਇਸ ਜਾਨਵਰ ਨੂੰ ਵਿਗਿਆਨੀ ਮੁੜ ਇਸ ਧਰਤੀ 'ਤੇ ਲਿਆਉਣ ਦੀ ਤਿਆਰੀ ਵਿਚ ਜੁਟੇ ਹੋਏ ਹਨ। ਅਮਰੀਕੀ ਅਨੁਵੰਸ਼ਿਕ ਮਾਹਰ, ਮਾਲਿਕਿਊਲਰ ਇੰਜੀਨੀਅਰ ਅਤੇ ਕੈਮਿਸਟ ਜਾਰਜ ਚਰਚ ਲੁਪਤ ਹੋ ਚੁੱਕੇ ਵੂਲੀ ਮੈਮਥ (ਅੰਟਾਰਕਟਿਕ ਆਈਸਲੈਂਡ ਵਿਚ ਪਾਇਆ ਜਾਣ ਵਾਲਾ ਵੱਡੇ ਆਕਾਰ ਦਾ ਹਾਥੀ) ਨੂੰ ਕਲੋਨਿੰਗ ਰਾਹੀਂ ਮੁੜ ਤੋਂ ਹੋਂਦ ਵਿਚ ਲਿਆਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ।

ਉਨ੍ਹਾਂ ਨੇ ਮੈਮਥ ਦੇ ਡੀ.ਐਨ.ਏ. ਨੂੰ ਏਸ਼ੀਆਈ ਹਾਥੀ ਦੇ ਜੈਨੇਟਿਕ ਕੋਡ ਨਾਲ ਮਿਲਾਉਣ ਵਿਚ ਸਫ਼ਲਤਾ ਹਾਸਲ ਕਰ ਲਈ ਹੈ। ਹੁਣ ਉਹ ਆਰਕਟਿਕ ਪਰਮਾਫ਼ਰਾਸਟ ਵਿਚ ਸੁਰੱਖਿਅਤ ਰੱਖੇ ਗਏ ਮੈਮਥ ਦੇ ਜੀਨਸ 'ਤੇ ਅਧਿਐਨ ਕਰਕੇ ਇਹ ਪਤਾ ਲਗਾ ਰਹੇ ਹਨ ਕਿ ਇਹ ਪ੍ਰਜਾਤੀ ਹਾਥੀ ਤੋਂ ਕਿੰਨੀ ਕੁ ਵੱਖਰੀ ਹੈ।

ਜਾਰਜ ਨੇ ਇਕ ਅਜਿਹੀ ਤਕਨੀਕ ਈਜਾਦ ਕੀਤੀ ਹੈ, ਜਿਸ ਨਾਲ ਇਕ ਜੀਵ ਦੇ ਡੀ.ਐਨ.ਏ. ਵਿਚ ਬਦਲਾਅ ਕਰਕੇ ਦੂਜੇ ਦੇ ਜੀਨੋਮ ਨਾਲ ਬਦਲਿਆ ਜਾ ਸਕਦਾ ਹੈ। ਇਸ ਤਕਨੀਕ ਨੂੰ 'ਕ੍ਰਿਸਪਰ ਡੀ.ਐਨ.ਏ. ਐਡੀਟਿੰਗ' ਤਕਨੀਕ ਕਹਿੰਦੇ ਹਨ। ਇਸ ਤਕਨੀਕ ਰਾਹੀਂ ਫ਼ੋਜ਼ਨ ਮੈਮਥ ਦੇ ਕੰਨ, ਚਰਬੀ ਅਤੇ ਵਾਲਾਂ ਦੇ ਡੀ.ਐਨ.ਏ. ਨੂੰ ਏਸ਼ੀਆਈ ਹਾਥੀ ਦੀ ਚਮੜੀ ਕੋਸ਼ਕਾਵਾਂ ਦੇ ਡੀ.ਐਨ.ਏ. ਨਾਲ ਬਦਲਿਆ ਗਿਆ ਹੈ। ਮੰਨਿਆ ਜਾਂਦਾ ਹੈ ਕਿ ਮੈਮਥ ਭਾਰੀ ਸਰਦੀ ਕਾਰਨ ਅਲੋਪ ਹੋ ਗਏ। ਮੈਮਥ ਵੱਡੇ ਆਕਾਰ ਦੇ ਹਾਥੀਆਂ ਦੀ ਇਕ ਪ੍ਰਜਾਤੀ ਸੀ, ਜਿਸ ਦੇ ਮੁੜਵੇਂ ਦੰਦ 4 ਤੋਂ 5 ਫ਼ਿੱਟ ਲੰਮੇ ਸਨ। ਇਸ ਦਾ ਵਜ਼ਨ ਅਤੇ ਲੰਬਾਈ ਅੱਜ ਦੇ ਹਾਥੀਆਂ ਦੇ ਮੁਕਾਬਲੇ ਡੇਢ ਗੁਣਾ ਵੱਧ ਸੀ। ਇਸ ਦਾ ਵਜ਼ਨ ਕਰੀਬ 13 ਟਨ ਅਤੇ ਲੰਬਾਈ 13 ਫ਼ੁੱਟ ਸੀ। ਮੈਮਥ ਦੇ ਪੂਰੇ ਸਰੀਰ 'ਤੇ ਸੰਘਣੇ ਅਤੇ ਲੰਮੇ ਵਾਲ ਹੁੰਦੇ ਸਨ। ਮਾਦਾ ਮੈਮਥ 22 ਮਹੀਨੇ ਗਰਭਧਾਰਨ ਮਗਰੋਂ ਬੱਚੇ ਨੂੰ ਜਨਮ ਦਿੰਦੀ ਸੀ। ਮੈਮਥ ਦੇ ਅਲੋਪ ਹੋਣ ਦੇ ਸਮੇਂ ਬਾਰੇ ਵਿਗਿਆਨੀਆਂ ਦੇ ਕਈ ਤਰ੍ਹਾਂ ਦੇ ਮੱਤ ਹਨ।

ਜਾਰਜ ਦਾ ਮੰਨਣਾ ਹੈ ਕਿ ਕਿਸੇ ਵੀ ਲੁਪਤ ਹੋ ਚੁੱਕੀ ਪ੍ਰਜਾਤੀ ਨੂੰ ਵਾਪਸ ਇਸ ਦੁਨੀਆਂ 'ਤੇ ਲਿਆਂਦਾ ਜਾ ਸਕਦਾ ਹੈ, ਬਸ਼ਰਤੇ ਉਸ ਨਾਲ ਮਿਲਦੀ-ਜੁਲਦੀ ਪ੍ਰਜਾਤੀ ਜਿਉਂਦੀ ਹੋਵੇ। ਜਿਵੇਂ ਜੇਕਰ ਡਾਇਨਾਸੋਰ ਨੂੰ ਹੋਂਦ ਵਿਚ ਲਿਆਉਣਾ ਹੈ ਤਾਂ ਉਸ ਦੇ ਲਈ ਆਰਟ੍ਰਿਚ ਪੰਛੀ 'ਤੇ ਅਧਿਐਨ ਕਰਨਾ ਪਵੇਗਾ।

### ✪ ਵਿਗਿਆਨੀਆਂ ਨੇ ਖੋਜਿਆ ਛੇਵਾਂ ਸਵਾਦ

ਹਰ ਕਿਸੇ ਨੂੰ ਲਗਭਗ ਪੰਜ ਸਵਾਦਾਂ ਖੱਟਾ, ਮਿੱਠਾ, ਨਮਕੀਨ, ਕੌੜਾ ਅਤੇ ਓਮਾਮੀ ਦਾ ਪਤਾ ਹੀ ਹੈ। ਸ਼ਾਇਦ ਛੇਵੇਂ ਸਵਾਦ ਦਾ ਕਿਸੇ ਨੂੰ ਪਤਾ ਨਾ ਹੋਵੇ। ਵਿਗਿਆਨੀਆਂ ਨੇ ਇਸ ਦਾ ਵੀ ਪਤਾ ਲਾ ਲਿਆ ਹੈ। ਉਨ੍ਹਾਂ ਨੇ ਚਰਬੀ (ਫ਼ੈਟ) ਦੇ ਸਵਾਦ ਦਾ ਪਤਾ ਲਾਉਣ ਮਗਰੋਂ ਇਹ ਦਾਅਵਾ ਕੀਤਾ ਹੈ। ਉਨ੍ਹਾਂ ਦੀ ਇਹ ਖੋਜ ਮੋਟਾਪੇ ਅਤੇ ਦਿਲ ਦੀਆਂ ਬੀਮਾਰੀਆਂ ਨਾਲ ਨਜਿੱਠਣ ਵਿਚ ਸਹਾਇਕ ਸਾਬਤ ਹੋਵੇਗੀ। ਖੋਜਾਰਥੀਆਂ ਅਨੁਸਾਰ, ਮਿੱਠਾ, ਨਮਕੀਨ, ਕੌੜਾ, ਖੱਟਾ ਅਤੇ ਓਮਾਮੀ ਦੀ ਸ਼੍ਰੇਣੀ ਵਿਚ ਸ਼ਾਮਲ ਹੋਇਆ ਚਰਬੀ ਦਾ ਸਵਾਦ ਇਕ ਤਰ੍ਹਾਂ ਦਾ ਵੱਖਰਾ ਸਵਾਦ ਹੈ। ਉਨ੍ਹਾਂ ਨੇ ਇਸ ਨੂੰ 'ਓਲੀਓਗੁਸਟਸ' ਨਾਮ ਦਿਤਾ ਹੈ। ਅਮਰੀਕਾ ਦੀ ਪਰਡਿਊ ਵਲੋਂ ਇਸ ਨੂੰ ਦੂਜਿਆਂ ਤੋਂ ਵੱਖਰਾ ਦੱਸਿਆ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਖੋਜ ਨਾਲ ਮੋਟਾਪੇ ਅਤੇ ਦਿਲ ਦੀਆਂ ਕਈ ਬੀਮਾਰੀਆਂ ਨਾਲ ਲੜਨ ਦੇ ਨਵੇਂ ਢੰਗ ਤਰੀਕੇ ਸਾਹਮਣੇ ਆਉਣਗੇ। ਹਾਲਾਂਕਿ ਅਜੇ ਇਸ 'ਤੇ ਹੋਰ ਅਧਿਐਨ ਹੋਣਾ ਬਾਕੀ ਹੈ। ਇਸ ਅਧਿਐਨ ਨੂੰ 'ਜਰਨਲ ਕੈਮੀਕਲ' ਵਿਚ ਪ੍ਰਕਾਸ਼ਤ ਕੀਤਾ ਗਿਆ ਹੈ।



### ✪ 3ਡੀ ਪ੍ਰਿੰਟਰ ਨਾਲ ਤਿੰਨ ਘੰਟਿਆਂ ਵਿਚ ਬਣਾਇਆ ਘਰ

ਹਰ ਕਿਸੇ ਦਾ ਇਕ ਵਧੀਆ ਘਰ ਬਣਾਉਣ ਦਾ ਸੁਪਨਾ ਹੁੰਦਾ ਹੈ। ਲੋਕ ਪਹਿਲਾਂ ਜ਼ਮੀਨ ਖ਼ਰੀਦਦੇ ਹਨ ਅਤੇ ਫਿਰ ਉਸ 'ਤੇ ਘਰ ਦੀ ਉਸਾਰੀ ਕਰਦੇ ਹਨ। ਜਦੋਂ ਘਰ ਦੀ ਉਸਾਰੀ ਹੁੰਦੀ ਹੈ ਤਾਂ ਹਰ ਇਕ ਨੂੰ ਇਹ ਹੀ ਕਾਹਲ ਰਹਿੰਦੀ ਹੈ ਕਿ ਕਦੋਂ ਉਸ ਦਾ ਘਰ ਬਣ ਕੇ ਤਿਆਰ ਹੋਵੇ ਅਤੇ ਉਹ ਇਸ ਵਿਚ ਰਹਿਣਾ ਸ਼ੁਰੂ ਕਰਨ। ਚੀਨ ਵਿਚ 3ਡੀ ਪ੍ਰਿੰਟਰ ਰਾਹੀਂ ਅਜਿਹਾ ਘਰ ਬਣਾਇਆ ਗਿਆ ਹੈ, ਜਿਸ ਨੂੰ ਬਣਾਉਣ ਵਿਚ ਸਿਰਫ਼ 3 ਘੰਟਿਆਂ ਤੋਂ ਘੱਟ ਸਮਾਂ ਲੱਗਿਆ ਹੈ। ਚੀਨ ਦੇ ਸ਼ਾਂਕਸੀ ਸੂਬੇ ਵਿਚ ਇਕ ਕ੍ਰੇਨ ਰਾਹੀਂ ਲਿੰਵਿੰਗ ਰੂਮ, ਕਿਚਨ, ਰੈਸਟਰੂਮ ਵਰਗੇ ਛੇ ਮਾਡਿਊਲ ਪਹਿਲਾਂ ਹੀ ਤਿਆਰ ਕੀਤੇ ਗਏ। ਇਨ੍ਹਾਂ ਸਾਰਿਆਂ ਦਾ ਵਜ਼ਨ 1000 ਕਿਲੋ ਭਾਵ ਇਕ ਟਨ ਸੀ। ਇਨ੍ਹਾਂ ਨੂੰ ਬਣਾਉਣ ਵਿਚ ਸਿਰਫ਼ 10 ਦਿਨ ਦਾ ਸਮਾਂ ਲੱਗਿਆ, ਇਸ 'ਤੇ ਪ੍ਰਤੀ ਵਰਗ ਮੀਟਰ ਕਰੀਬ 400 ਤੋਂ 480 ਡਾਲਰ (ਕਰੀਬ 25 ਹਜ਼ਾਰ ਚਾਰ ਸੌ ਰੁਪਏ ਤੋਂ 30 ਹਜ਼ਾਰ ਪੰਜ ਸੌ ਰੁਪਏ) ਤਕ ਦੀ ਲਾਗਤ ਆਈ। ਇਸ ਵਿਚ ਵੱਧ ਤੀਬਰਤਾ ਦੇ ਭੁਚਾਲ ਝੱਲਣ ਦੀ ਸਮਰੱਥਾ ਹੈ। ਇਸ ਘਰ ਵਿਚ ਸਟੀਲ ਫ਼ਰੇਮ ਲੱਗੇ ਹੋਏ ਹਨ। ਹੀਟ ਇੰਸੂਲੇਟਿੰਗ ਮਟੀਰੀਅਲ ਕਾਰਨ ਠੰਢੇ ਮੌਸਮ ਤੋਂ ਰਾਹਤ ਮਿਲੇਗੀ।

### ✪ ਡੇਂਗੂ ਨਾਲ ਲੜਨ ਲਈ ਚੀਨ ਨੇ ਬਣਾਈ ਮੱਛਰਾਂ ਦੀ 'ਫ਼ੌਜ'

ਮੱਛਰਾਂ ਦੇ ਕੱਟਣ ਕਾਰਨ ਡੇਂਗੂ ਹੁੰਦਾ ਹੈ। ਇਹ ਤਾਂ ਹਰ ਕੋਈ ਜਾਣਦਾ ਹੈ। ਪਰ ਕਦੀ ਸੁਣਿਆ ਹੈ ਕਿ ਮੱਛਰ ਹੀ ਡੇਂਗੂ ਨੂੰ ਖ਼ਤਮ ਕਰ ਸਕਦੇ ਹਨ? ਚੀਨ ਨੇ ਮੱਛਰਾਂ ਦੀ ਇਕ ਅਜਿਹੀ ਫ਼ੌਜ ਤਿਆਰ ਕੀਤੀ ਹੈ, ਜਿਹੜੀ ਡੇਂਗੂ ਫ਼ੈਲਾਉਣ ਵਾਲੇ ਮੱਛਰਾਂ ਦਾ ਮੁਕਾਬਲਾ ਕਰੇਗੀ। ਚੀਨ ਨੇ ਡੇਂਗੂ 'ਤੇ ਕਾਬੂ ਪਾਉਣ ਲਈ ਆਪਣੇ ਉਤਰ-ਪੱਛਮੀ ਸੂਬੇ ਗਵਾਂਗਜ਼ਾਓ ਵਿਚ ਦੁਨੀਆ ਦੀ ਸਭ ਤੋਂ ਵੱਡੀ ਮੱਛਰ ਫ਼ੈਕਟਰੀ ਲਗਾਈ ਹੈ। ਇਥੇ ਹਰ ਹਫ਼ਤੇ ਦਸ ਲੱਖ



ਸਟਰਲਾਈਜ਼ਡ ਮੱਛਰ ਛੱਡੇ ਜਾਂਦੇ ਹਨ, ਤਾਂ ਕਿ ਬਿਮਾਰੀ ਰਹਿਤ ਮੱਛਰ ਡੇਂਗੂ ਫੈਲਾਉਣ ਵਾਲੇ ਮੱਛਰਾਂ ਨੂੰ ਖ਼ਤਮ ਕਰ ਦੇਣ।

ਗਵਾਂਗਝਾਓ ਦੇ ਸਾਇੰਸ ਸਿਟੀ ਖੇਤਰ ਦੇ ਟੀਮ ਲੀਡਰ ਸ਼ੀ ਝਿਯੋਂਗ ਨੂੰ ਡੇਂਗੂ ਬੁਖ਼ਾਰ ਨਾਲ ਨਜਿੱਠਣ ਲਈ ਫ਼ੈਕਟਰੀ ਵਿਚ ਤਿਆਰ ਕੀਤੇ ਮੱਛਰਾਂ ਨੂੰ ਹਰ ਹਫ਼ਤੇ ਸ਼ਾਝੀ ਦੀਪ ਵਿਚ ਛੱਡਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਚੀਨ ਦੇ ਇਕ ਸਰਕਾਰੀ ਅਖ਼ਬਾਰ ਦੀ ਰਿਪੋਰਟ ਮੁਤਾਬਕ, ਇਹ ਆਪਣੇ-ਆਪ ਵਿਚ ਪਹਿਲਾ ਪ੍ਰੀਖਣ ਸੀ, ਜੋ ਮੱਛਰਾਂ ਦੀ ਆਬਾਦੀ 90 ਫ਼ੀ ਸਦੀ ਘੱਟ ਕਰਨ ਦੇ ਸਮਰੱਥ ਹੋਇਆ। ਜੰਗਲਾਂ ਵਿਚ ਸਟਰਲਾਈਜ਼ਡ ਮੱਛਰਾਂ ਨੂੰ ਛੱਡਣਾ ਡੇਂਗੂ ਬੁਖ਼ਾਰ 'ਤੇ ਕਾਬੂ ਪਾਉਣ ਦੇ ਕੁੱਝ ਅਨੋਖੇ ਯਤਨਾਂ ਵਿਚੋਂ ਇਕ ਹੈ। ਮੱਛਰ ਦੇ ਕੱਟਣ ਕਾਰਨ ਪੈਦਾ ਹੋਈ ਕਮਜ਼ੋਰੀ ਨਾਲ ਇੰਨ੍ਹਾਂ ਤੇਜ਼ ਦਰਦ ਹੁੰਦਾ ਹੈ ਕਿ ਇਸ ਨੂੰ 'ਬ੍ਰੇਕਬੋਨ ਡਿਸੀਜ਼' ਵੀ ਕਿਹਾ ਜਾਂਦਾ ਹੈ।

ਪਿਛਲੇ ਸਾਲ ਚੀਨ ਵਿਚ ਡੇਂਗੂ ਦੇ 47,000 ਮਾਮਲੇ ਸਾਹਮਣੇ ਆਏ ਸਨ, ਜੋ ਦੋ ਦਹਾਕਿਆਂ ਵਿਚ ਸਭ ਤੋਂ ਵੱਧ ਸਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਮਾਮਲੇ ਇਕ ਹੀ ਸੂਬੇ ਵਿਚ ਪਾਏ ਗਏ। ਇਸ ਸਮੇਂ ਦੁਨੀਆਂ ਭਰ ਵਿਚ ਡੇਂਗੂ ਕਾਰਨ 22,000 ਦੇ ਕਰੀਬ ਲੋਕਾਂ ਦੀ ਮੌਤ ਹੋ ਜਾਂਦੀ ਹੈ, ਪਰ ਇਸ ਦਾ ਕੋਈ ਇਲਾਜ ਨਹੀਂ ਹੈ।

### ✪ ਧਰਤੀ ਦੀ ਸ਼ਕਲ ਵਰਗੇ ਤਿੰਨ ਨਵੇਂ ਗ੍ਰਹਿ ਲੱਭੇ

ਪੁਲਾੜ ਵਿਗਿਆਨੀਆਂ ਨੇ ਸਿਰਫ਼ 21 ਪ੍ਰਕਾਸ਼ ਵਰ੍ਹੇ ਦੂਰ ਇਕ ਨਵੇਂ ਤਾਰਾਮੰਡਲ ਵਿਚ ਤਿੰਨ ਅਜਿਹੇ ਵੱਡੇ ਗ੍ਰਹਿਆਂ ਦੀ ਖੋਜ ਕੀਤੀ ਹੈ, ਜਿਹੜੇ ਧਰਤੀ ਦੀ ਸ਼ਕਲ ਵਰਗੇ ਹਨ। ਇਸ ਤਾਰਾ ਮੰਡਲ ਦਾ ਨਾਮ ਐਚ. ਡੀ.-219134 ਰੱਖਿਆ ਗਿਆ ਹੈ। ਇਨ੍ਹਾਂ ਗ੍ਰਹਿਆਂ ਦੇ ਬਾਹਰੀ ਖੇਤਰ ਵਿਚ ਇਕ ਹੋਰ ਵੱਡਾ ਗ੍ਰਹਿ ਹੈ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਗ੍ਰਹਿਆਂ ਦੀ ਘਣਤਾ ਧਰਤੀ ਵਰਗੀ ਹੀ ਹੈ। ਤਾਰਾ ਮੰਡਲ ਵੱਲ ਸਥਿਤ ਐਚ. ਡੀ.219134ਬੀ ਗ੍ਰਹਿ ਹੁਣ ਤਕ ਧਰਤੀ ਵਰਗਾ ਵਿਖਾਈ ਦੇਣ ਵਾਲਾ ਸਭ ਤੋਂ ਨੇੜਲਾ ਗ੍ਰਹਿ ਹੈ। ਇਹ ਧਰਤੀ ਤੋਂ ਕਰੀਬ 4.5 ਗੁਣਾ ਵੱਡਾ ਹੈ। ਇਸ ਨੂੰ ਪੁਲਾੜ ਵਿਗਿਆਨੀ 'ਸੁਪਰ-ਅਰਥ' ਕਹਿ ਰਹੇ ਹਨ।

ਕੈਸਿਓਯੋਪਿਆ ਤਾਰਾ ਸਮੂਹ ਸਥਿਤ ਇਸ ਤਾਰਾ ਮੰਡਲ ਦੀ ਖੋਜ ਸਪੇਨ ਦੇ ਲਾ ਪਾਲਮਾ ਦੀਪ ਸਥਿਤ ਗੈਲਿਲੀਓ ਟੈਲੀਸਕੋਪ ਰਾਹੀਂ ਕੀਤੀ ਗਈ ਹੈ। ਖੋਜਕਰਤਾਵਾਂ ਅਨੁਸਾਰ, ਇਹ ਚੱਕਰ ਲਾਉਣ ਵਾਲੇ (ਟ੍ਰੇਨਸਿਟ) ਹੁਣ ਤਕ ਦੇ ਸੱਭ ਤੋਂ ਨੇੜਲੇ ਗ੍ਰਹਿ ਹਨ। ਇਸ ਤਾਰਾ ਮੰਡਲ ਦਾ ਸੂਰਜ ਸਾਡੇ ਸੂਰਜਮੰਡਲ ਦੇ ਸੂਰਜ ਤੋਂ ਕੁੱਝ ਛੋਟਾ ਹੈ, ਪਰ ਇਹ ਇੰਨ੍ਹਾਂ ਚਮਕਦਾਰ ਹੈ ਕਿ ਇਸ ਨੂੰ ਹਨੇਰੀ ਰਾਤ ਵਿਚ ਦੇਖਿਆ ਜਾ ਸਕਦਾ ਹੈ। ਪੁਲਾੜੀ ਦੂਰੀਆਂ ਨੂੰ ਦੇਖਦਿਆਂ ਇਹ ਤਾਰਾ ਮੰਡਲ ਇੰਨ੍ਹਾਂ ਨੇੜੇ ਹੈ ਕਿ ਵਿਗਿਆਨੀ ਇਸ ਦੀਆਂ ਤਸਵੀਰਾਂ ਲੈਣ ਦੀ ਯੋਜਨਾ ਬਣਾ ਰਹੇ ਹਨ।

### ✪ ਚੀਨ ਦੀ ਦੂਰਬੀਨ ਸੁਣੇਗੀ ਬ੍ਰਹਿਮੰਡ ਦੀ ਹਰ ਤਰ੍ਹਾਂ ਦੀ ਘੁਸਰ-ਮੁਸਰ

ਅਸੀਂ ਸੂਰਜ ਗ੍ਰਹਿਣ ਜਾਂ ਚੰਦ ਗ੍ਰਹਿਣ ਨੂੰ ਟੈਲੀਸਕੋਪ ਰਾਹੀਂ ਦੂਰੋਂ ਹੀ ਦੇਖ ਸਕਦੇ ਹਾਂ, ਪਰ ਇਸ ਵਰਤਾਰੇ ਨੂੰ ਸੁਣ ਨਹੀਂ ਸਕਦੇ। ਚੀਨ ਦੇ ਵਿਗਿਆਨੀ ਹੁਣ ਇਕ ਅਜਿਹੀ ਦੂਰਬੀਨ ਬਣਾ ਰਹੇ ਹਨ, ਜਿਹੜੀ ਬ੍ਰਹਿਮੰਡ ਵਿਚ ਚੱਲ ਰਹੀ ਘੁਸਰ-ਮੁਸਰ ਨੂੰ ਵੀ ਸੁਣ ਸਕੇਗੀ। ਦੁਨੀਆਂ ਦਾ ਸੱਭ ਤੋਂ ਵੱਡਾ ਦਸਿਆ ਜਾਣ ਵਾਲਾ ਚੀਨ ਦਾ ਨਵਾਂ ਰੇਡੀਉ ਟੈਲੀਸਕੋਪ ਬ੍ਰਹਿਮੰਡ ਵਿਚ ਬਹੁਤ ਦੂਰ ਦੀਆਂ ਸੂਖ਼ਮ ਆਵਾਜ਼ਾਂ ਅਤੇ ਬ੍ਰਹਿਮੰਡ ਦੇ ਸੰਦੇਸ਼ਾਂ ਦੀਆਂ ਛੋਟੀਆਂ ਪਰਤਾਂ ਨੂੰ ਖੋਲ੍ਹਣ ਲਈ ਧਰਤੀ ਦਾ ਵੱਡਾ ਸੰਵੇਦਨਸ਼ੀਲ ਕੰਨ ਬਣ ਸਕਦਾ ਹੈ।

ਪਹਾੜੀ ਗੁਝਾਉ ਸੂਬੇ ਦੀ ਘਾਟੀ ਵਿਚ 19.6 ਕਰੋੜ ਅਮਰੀਕੀ ਡਾਲਰ ਦੀ ਲਾਗਤ ਦੀ ਦੂਰਬੀਨ ਦੇ ਅਗਲੇ ਸਾਲ ਬਣ ਕੇ ਤਿਆਰ ਹੋਣ ਦੀ ਸੰਭਾਵਨਾ ਹੈ। ਇਸ ਦਾ ਡਿਸ਼ ਖੇਤਰ ਲਗਭਗ 30 ਫ਼ੁਟਬਾਲ ਮੈਦਾਨਾਂ ਦੇ ਬਰਾਬਰ ਹੈ। ਇਕ ਸਰਕਾਰੀ ਏਜੰਸੀ ਦੀ ਰੀਪੋਰਟ ਮੁਤਾਬਕ, ਟੈਕਨੀਸ਼ੀਅਨ ਦੂਰਬੀਨ ਨੂੰ ਤਿਆਰ ਕਰ ਰਹੇ ਹਨ, ਜਿਸ ਦਾ ਆਕਾਰ 500 ਮੀਟਰ ਅਤੇ ਇਹ 4,450 ਪੈਨਲਾਂ ਨਾਲ ਮਿਲ ਕੇ ਬਣਿਆ ਹੈ। ਇਸ ਨੂੰ ਚੀਨ ਦੇ ਸੁਪਰ ਕੰਪਿਊਟਰ ਨਾਲ ਜੋੜਿਆ ਜਾਣਾ ਹੈ। ਇਕ ਵਾਰ ਇਹ ਕੰਮ ਪੂਰਾ ਹੋਣ ਮਗਰੋਂ ਇਹ 500 ਮੀਟਰ ਅਪਰਚਰ ਸਫ਼ੇਰੀਕਲ ਰੇਡੀਉ ਟੈਲੀਸਕੋਪ (ਫਾਸਟ) ਪਿਊਰਟੋ ਰਿਕੋ ਐਰੇਕਿਬੋ ਆਬਜ਼ਰਵੇਟਰੀ ਨੂੰ ਪਿੱਛੇ ਛੱਡ ਦੇਵੇਗਾ, ਜਿਸ ਦਾ ਵਿਆਸ 305 ਮੀਟਰ ਹੈ। ਫਾਸਟ ਪ੍ਰੋਜੈਕਟ ਦੇ ਜਨਰਲ ਆਫ਼ਿਸ ਦੇ ਉਪ ਨਿਰਦੇਸ਼ਕ ਝਾਂਗ ਹੇਯਾਨ ਨੇ ਦਸਿਆ ਕਿ ਇਹ ਦੂਰਬੀਨ (ਬਾਨ), ਜਰਮਨੀ ਦੇ ਨੇੜੇ ਲੱਗੀ 100 ਮੀਟਰ ਦੀ ਦੂਰਬੀਨ ਤੋਂ ਦਸ ਗੁਣਾ ਵੱਧ ਸੰਵੇਦਨਸ਼ੀਲ ਹੋਵੇਗੀ। ਮੁੱਖ ਵਿਗਿਆਨੀ ਨਾਨ ਰੇਂਦੋਂਗ ਨੇ ਕਿਹਾ ਕਿ ਫਾਸਟ ਕਈ ਟੀਚਿਆਂ ਨੂੰ ਹਾਸਲ ਕਰਨ ਵਿਚ ਮਦਦ ਕਰੇਗਾ।

### ✪ ਲੈਬ ਵਿਚ ਬਣੇ ਸੇਬ, ਅਨਾਨਾਸ; ਦਾਗ਼ ਰਹਿਤ ਆਲੂ

ਫਲਾਂ ਦੀ ਪੈਦਾਵਾਰ ਦੇ ਖੇਤਰ ਵਿਚ ਹਾਈ ਟੈਕਨਾਲੋਜੀ ਦਾ ਦਖ਼ਲ ਵਧਦਾ ਜਾ ਰਿਹਾ ਹੈ। ਅਮਰੀਕਾ ਵਿਚ ਛੇਤੀ ਹੀ ਦੁਕਾਨਾਂ ਵਿਚ ਜਿਨੈਟਿਕਲੀ ਮੋਡੀਫ਼ਾਇਡ ਆਰਗੇਨਿਜ਼ਮ (ਜੀ.ਐਮ.ਓ.) ਦੀ ਨਵੀਂ ਫ਼ਸਲ ਦੇ ਰੂਪ ਵਿਚ ਗੁਲਾਬੀ ਰੰਗ ਦਾ ਅਨਾਨਾਸ (ਪਾਈਨਐਪਲ), ਦਾਗ਼ ਰਹਿਤ ਆਲੂ ਅਤੇ ਭੂਰਾ ਨਾ ਹੋਣ ਵਾਲਾ ਸੇਬ ਨਜ਼ਰ ਆਉਣਗੇ। ਸਵਾਲ ਇਹ ਹੈ ਕਿ ਕੀ ਲੋਕ ਇਨ੍ਹਾਂ ਨੂੰ ਖਾਣਾ ਚਾਹੁਣਗੇ? ਵੈਸੇ, ਜ਼ਿਆਦਾਤਰ ਖੋਜਾਂ ਤੋਂ ਸੰਕੇਤ ਮਿਲੇ ਹਨ ਕਿ ਜੀ.ਐਮ.ਓ. ਖਾਣ ਲਈ ਸ਼ਾਇਦ ਸੁਰੱਖਿਅਤ ਹੈ। 18 ਸੂਬੇ ਅਜਿਹੇ ਨਿਯਮ ਬਣਾ ਰਹੇ ਹਨ, ਜਿਸ ਤਹਿਤ



ਜੀ.ਐਮ.ਓ. ਫੂਡ 'ਤੇ ਲੇਬਲ ਲਾਉਣਾ ਹੋਵੇਗਾ।

ਕੁੱਝ ਮਾਹਰ ਕਹਿੰਦੇ ਹਨ, ਭੁੱਖਮਰੀ ਖ਼ਤਮ ਕਰਨ, ਕੀਟਨਾਸ਼ਕਾਂ ਦੀ ਵਰਤੋਂ ਨੂੰ ਘਟਾਉਣ ਅਤੇ ਸਿਹਤਮੰਦ ਫੂਡ ਬਣਾਉਣ ਦੇ ਦਾਅਵਿਆਂ 'ਤੇ ਜੀ.ਐਮ.ਓ. ਖਰ੍ਹੇ ਨਹੀਂ ਉਤਰ ਸਕੇ ਹਨ। ਵਾਤਾਵਰਣ ਵਿਗਿਆਨੀ ਜੋਨਾਥਨ ਫੋਲੇ ਦਾ ਕਹਿਣਾ ਹੈ ਕਿ ਜੀ.ਐਮ.ਓ. ਅਪਣੀਆਂ ਜ਼ਿਆਦਾਤਰ ਲੋੜਾਂ ਨੂੰ ਪੂਰਾ ਨਹੀਂ ਕਰ ਸਕੇ ਹਨ। ਫਿਲਹਾਲ, ਸਮਾਂ ਦੱਸੇਗਾ ਕਿ ਖ਼ਪਤਕਾਰ ਕੀ ਕਹਿੰਦੇ ਹਨ।



### ✪ ਗੁਲਾਬੀ ਪਾਈਨਐਪਲ

ਡੇਲ ਮੋਂਟ ਕੰਪਨੀ ਨੇ ਗੁਲਾਬੀ ਗੁੱਦ ਦਾ ਅਨਾਨਾਸ (ਪਾਈਨਐਪਲ) ਵਿਕਸਿਤ ਕੀਤਾ ਹੈ। ਇਸ ਵਿਚ ਕੈਂਸਰ ਅਤੇ ਦਿਲ ਦੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਘੱਟ ਕਰਨ ਵਾਲੇ ਲਾਈਕੋਪੀਨ ਐਂਟੀਆਕਸੀਡੈਂਟ ਦੀ ਮਾਤਰਾ ਵੱਧ ਹੈ।

### ✪ ਸਾਫ਼-ਸੁਥਰੇ ਆਲੂ

ਜੇ.ਆਰ. ਸਿੰਪਲੇਟ ਕੰਪਨੀ ਦੇ ਆਲੂਆਂ ਵਿਚ 40 ਫ਼ੀ ਸਦੀ ਘੱਟ ਦਾਗ਼ ਹੋਣਗੇ। ਇਹ ਆਲੂ ਫ਼ਰਾਈ ਕਰਨ ਸਮੇਂ ਕਾਰਸਿਨੋਜੈਨਿਕ ਕੈਮੀਕਲ-ਐਕ੍ਰਿਲਾਮਾਈਡ ਘੱਟ ਮਾਤਰਾ ਵਿਚ ਬਣਾਉਣਗੇ। ਕਾਰਸਿਨੋਜੈਨਿਕ ਕੈਮੀਕਲਜ਼ ਨਾਲ ਕੈਂਸਰ ਹੋ ਜਾਂਦਾ ਹੈ।

### ✪ ਰੰਗ ਨਹੀਂ ਬਦਲਣਗੇ ਸੇਬ

ਓਕਾਨਗਨ ਸਪੈਸ਼ਲਿਟੀ ਫ਼ਰੂਟਸ ਅਜਿਹੇ ਸੇਬ ਬਣਾ ਰਹੀ ਹੈ, ਜੋ ਕੱਟਣ ਮਗਰੋਂ ਰੰਗ ਨਹੀਂ ਬਦਲਣਗੇ, ਭਾਵ ਉਹ ਭੂਰੇ ਨਹੀਂ ਹੋਣਗੇ। ਕੰਪਨੀ ਦਾ ਕਹਿਣਾ ਹੈ ਕਿ ਨਵੇਂ ਸੇਬ ਦੂਜੇ ਹੋਰ ਸਨੈਕ ਫੂਡ ਦਾ ਮੁਕਾਬਲਾ ਜ਼ਰੂਰ ਕਰ ਸਕਣਗੇ।

### ✪ ..ਜਦੋਂ ਸਮਾਧੀ 'ਚੋਂ ਨਹੀਂ ਜਾਗੀ ਔਰਤ

ਰਾਜਸਥਾਨ ਦੇ ਸਵਾਈ ਮਾਧੋਪੁਰ ਜ਼ਿਲ੍ਹੇ ਦੀ ਬਾਮਨਵਾਸ ਤਹਿਸੀਲ ਵਿਚ ਪੈਂਦੇ ਪਿੰਡ ਕੋਲਾ ਦੀ ਔਰਤ ਦੀ ਉਸ ਸਮੇਂ ਮੌਤ ਹੋ ਗਈ, ਜਦੋਂ ਉਹ ਘਰੋਂ ਇਹ ਕਹਿ ਕੇ ਖੇਤ ਗਈ ਸੀ ਕਿ ਉਹ ਸਮਾਧੀ ਵਿਚ ਬੈਠ ਰਹੀ ਹੈ। ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿਤਾ ਹੈ, ਪਰ ਪਿੰਡ ਵਾਲੇ ਉਸ ਦੀ ਲਾਸ਼ ਦੇ ਪੋਸਟਮਾਰਟਮ ਨੂੰ ਲੈ ਕੇ ਦੋ ਧੜਿਆਂ ਵਿਚ ਵੰਡੇ ਗਏ।

ਜਾਣਕਾਰੀ ਅਨੁਸਾਰ, ਪਿੰਡ ਕੋਲਾ ਵਾਸੀ ਅਧਿਆਪਕ ਮੁਕੇਸ਼ ਕੁਮਾਰ ਮੀਨਾ ਦੀ 30 ਸਾਲਾ ਪਤਨੀ ਸ਼ਿਮਲਾ ਦੇਵੀ ਮੀਨਾ 30 ਜੂਨ ਨੂੰ ਸਵੇਰੇ ਛੇ ਵਜੇ ਆਪਣੇ ਘਰ ਦੇ ਸਾਹਮਣੇ ਖੇਤ ਵਿਚ 'ਸਮਾਧੀ ਲੈ ਰਹੀ ਹਾਂ' ਜ਼ਮੀਨ 'ਤੇ ਲੇਟ ਗਈ, ਪਰ ਉਹ ਮੁੜ ਨਹੀਂ ਉਠੀ। ਪੁਲਿਸ ਪ੍ਰਸ਼ਾਸਨ ਨੂੰ ਸੂਚਨਾ ਮਿਲਦਿਆਂ ਉਹ ਘਟਨਾ ਵਾਲੀ ਥਾਂ 'ਤੇ ਪਹੁੰਚਿਆ ਅਤੇ ਉਸ ਦੇ ਪਤੀ ਮੁਕੇਸ਼ ਕੁਮਾਰ ਨੂੰ ਉਸ ਨੂੰ ਹਸਪਤਾਲ ਪਹੁੰਚਾਉਣ ਲਈ ਕਿਹਾ। ਪਿੰਡ ਵਾਲਿਆਂ ਨੇ ਇਸ ਦਾ ਵਿਰੋਧ ਕੀਤਾ, ਪਰ ਉਹ ਡਾਕਟਰਾਂ ਨੂੰ ਇਥੇ ਬੁਲਾਉਣ ਲਈ ਰਾਜ਼ੀ ਹੋ ਗਏ। ਬਾਮਨਵਾਸ ਸਿਵਲ ਹਸਪਤਾਲ ਵਿਚੋਂ ਡਾਕਟਰਾਂ ਦੀ ਦੋ ਮੈਂਬਰੀ ਟੀਮ ਨੇ ਉਸ ਦੀ ਜਾਂਚ ਕੀਤੀ ਅਤੇ ਉਸ ਨੂੰ ਮ੍ਰਿਤਕ ਐਲਾਨ ਦਿਤਾ। ਜਦੋਂ ਪੁਲਿਸ ਨੇ ਉਸ ਦਾ ਪੋਸਟਮਾਰਟਮ ਕਰਵਾਉਣ ਲਈ ਲਾਸ਼ ਨੂੰ ਲਿਜਾਣ ਦੀ ਗੱਲ ਕੀਤੀ ਤਾਂ ਪਿੰਡ ਦੋ ਧਿਰਾਂ ਵਿਚ ਵੰਡਿਆ ਗਿਆ। ਔਰਤ ਦਾ ਪਤੀ ਮੁਕੇਸ਼ ਮੀਨਾ ਉਸ ਦਾ ਪੋਸਟਮਾਰਟਮ ਕਰਵਾਉਣ ਲਈ ਰਾਜ਼ੀ ਹੋ ਗਿਆ, ਜਦਕਿ ਕਈ ਪਿੰਡ ਵਾਸੀ ਇਸ ਦਾ ਵਿਰੋਧ ਕਰਨ ਲੱਗੇ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਸਮਾਧੀ ਲੈਣ ਲਈ ਕਹਿ ਕੇ ਗਈ ਸੀ, ਇਸ ਲਈ ਉਹ ਉਸ ਦੇ ਉਠਣ ਦੀ ਉਡੀਕ ਕਰ ਰਹੇ ਹਨ।

### ✪ ... ਤਾਂਤਰਿਕ ਦੇ ਚੁਟਕੀਆਂ ਵਜਾਉਣ 'ਤੇ ਵੀ ਜਿੰਦਾ ਨਾ ਹੋਈ ਔਰਤ

ਜੂਨ ਮਹੀਨੇ ਦੇ ਅਖ਼ੀਰਲੇ ਦਿਨਾਂ ਵਿਚ ਹਰਿਆਣਾ ਦੇ ਮੰਡੀ ਡੱਬਵਾਲੀ ਦੇ ਪਿੰਡ ਜੋਗੇਵਾਲਾ ਦੀ 27 ਸਾਲਾ ਇਕ ਔਰਤ ਨੂੰ ਬੀਮਾਰ ਹੋਣ ਕਾਰਨ ਸਿਵਲ ਹਸਪਤਾਲ ਡੱਬਵਾਲੀ 'ਚ ਲਿਆਂਦਾ ਗਿਆ, ਜਿਸ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਉਸ ਨੂੰ ਸਿਰਸਾ ਰੈਫ਼ਰ ਕਰ ਦਿਤਾ। ਉਸ ਦੇ ਪਰਿਵਾਰ ਵਾਲੇ ਉਸ ਨੂੰ ਇਕ ਨਿੱਜੀ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਔਰਤ ਨੂੰ ਮ੍ਰਿਤਕ ਐਲਾਨ ਦਿੱਤਾ। ਪਰ ਔਰਤ ਦੀ ਨਬਜ਼ ਚੱਲਦੀ ਕਹਿ ਕੇ ਅੰਧਵਿਸ਼ਵਾਸੀ ਪਰਿਵਾਰ ਉਸ ਦੀ ਲਾਸ਼ ਨੂੰ ਮੰਡੀ ਡੱਬਵਾਲੀ 'ਚ ਇਕ ਡਿੰਪਲ ਨਾਮ ਦੇ ਤਾਂਤਰਿਕ ਕੋਲ ਲੈ ਗਏ। ਤਾਂਤਰਿਕ ਨੇ ਮੁਰਦਾ ਔਰਤ ਨੂੰ ਜਿਉਂਦਾ ਕਰਨ ਦਾ ਦਾਅਵਾ ਕੀਤਾ।

ਸਵੇਰ ਤੋਂ ਸ਼ਾਮ ਤੱਕ ਤਾਂਤਰਿਕ ਔਰਤ ਦੀ ਲਾਸ਼ ਦੇ ਦੁਆਲੇ ਤਰ੍ਹਾਂ-ਤਰ੍ਹਾਂ ਦੇ ਢੌਂਗ ਰਚਾਉਂਦਾ ਰਿਹਾ ਅਤੇ ਚੁਟਕੀਆਂ ਵਜਾਉਂਦਾ ਰਿਹਾ, ਪਰ ਔਰਤ ਜਿੰਦਾ ਨਾ ਹੋਈ। ਕੁੱਝ ਲੋਕਾਂ ਨੇ ਲਾਸ਼ ਨੂੰ ਚੁੱਕਣ ਦਾ ਯਤਨ ਕੀਤਾ, ਪਰ ਬਾਬੇ ਨੇ ਉਨ੍ਹਾਂ ਨੂੰ ਰੋਕ ਦਿੱਤਾ। ਮ੍ਰਿਤਕ ਔਰਤ ਦਾ ਸਰੀਰ ਪੂਰੀ ਤਰ੍ਹਾਂ ਕਾਲਾ ਪੈਣ ਲੱਗਿਆ। ਤਾਂਤਰਿਕ ਕਹਿ ਰਿਹਾ ਸੀ ਕਿ ਔਰਤ ਮਰੀ ਨਹੀਂ ਹੈ, ਉਸ ਨੂੰ ਕਿਸੇ ਨੇ ਪਕੜ ਰੱਖਿਆ ਹੈ, ਇਹ ਅੱਧੀ ਰਾਤ ਨੂੰ ਜ਼ਰੂਰ ਬੋਲੇਗੀ ਅਤੇ ਆਪਣੇ ਪੈਰਾਂ 'ਤੇ ਚੱਲ ਕੇ ਘਰ ਜਾਵੇਗੀ। ਜਦੋਂ ਪੱਤਰਕਾਰ ਮੌਕੇ 'ਤੇ ਪਹੁੰਚੇ ਤਾਂ ਤਾਂਤਰਿਕ ਬੌਖਲਾ ਗਿਆ ਅਤੇ ਉਹ 13 ਘੰਟਿਆਂ ਮਗਰੋਂ ਮ੍ਰਿਤਕ ਦੇਹ ਨੂੰ ਲਿਜਾਣ ਲਈ ਮਿੰਨਤ ਕਰਨ ਲੱਗਿਆ। ਮੌਕੇ 'ਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ, ਜਿਸ ਨੇ ਪੁਲਿਸ ਕਾਰਵਾਈ ਹੋਣ ਦਾ ਭੈਅ ਦਿਖਾਇਆ, ਜਿਸ 'ਤੇ ਪਰਿਵਾਰ ਨੇ ਝੱਟ ਲਾਸ਼ ਨੂੰ ਚੁੱਕ ਲਿਆ ਅਤੇ ਆਪਣੇ ਪਿੰਡ ਲੈ ਗਏ।

ਲੱਗਭਗ 24 ਘੰਟੇ ਬਾਅਦ ਪਰਿਵਾਰ ਨੇ ਮੁਰਦਾ ਔਰਤ ਦਾ ਸੰਸਕਾਰ ਕੀਤਾ। ਸਿਵਲ ਹਸਪਤਾਲ ਦੇ ਡਾਕਟਰਾਂ ਦਾ ਕਹਿਣਾ ਹੈ ਕਿ ਇਸ ਔਰਤ ਨੂੰ ਮਲੇਰੀਆ ਅਤੇ ਦਸਤ ਦੀ ਸ਼ਿਕਾਇਤ ਸੀ। ਲੋਕਾਂ ਦਾ ਕਹਿਣਾ ਸੀ ਕਿ ਅਜਿਹੇ ਢੌਂਗੀਆਂ ਵਿਰੁਧ ਪੁਲਿਸ ਕਾਰਵਾਈ ਹੋਣੀ ਚਾਹੀਦੀ ਹੈ ਤਾਂ ਕਿ ਕੋਈ ਹੋਰ ਵਿਅਕਤੀ ਅਜਿਹੇ ਪਾਖੰਡ ਦਾ ਸ਼ਿਕਾਰ ਨਾ ਹੋ ਸਕੇ।



# ਕੀ ਬਾਮ ਵਾਕਿਆ ਹੀ ਸਿਰਦਰਦ ਤੋਂ ਦਿੰਦੇ ਹਨ ਛੁਟਕਾਰਾ?

ਪਰਦੇ 'ਤੇ ਮੁੰਨੀ ਝੰਡੂ ਬਾਮ ਦੇ ਨਾਂ 'ਤੇ ਆਪਣੇ ਕੁਲਹੇ ਮਟਕਾਉਂਦੀ ਹੈ। ਇਸ ਬਹੁਪ੍ਰਚਲਿਤ ਅਤੇ ਲੰਮੇ ਸਮੇਂ ਤੋਂ ਚਰਚਾ ਵਿਚ ਬਾਮ ਦੇ ਲੇਬਲ ਜਿੰਨਾ ਹੀ ਹਰਾ ਉਸ ਦਾ ਲਹਿੰਗਾ ਮਦਮਸਤ ਕਰਨ ਵਾਲੇ ਅੰਦਾਜ 'ਚ ਲਹਿਰਾਉਂਦਾ ਹੈ, ਉਸ ਦੇ ਹੱਥ ਵਧਦੀ ਫੁਲਦੀ ਸੁੰਗੜਦੀ ਮਚਲਦੇ ਰਹਿੰਦੇ ਹਨ ਵਲ ਖਾਂਦੇ ਪੇਟ 'ਤੇ ਗੋਲ-ਗੋਲ ਘੁੰਮਦੇ ਹਨ, ਪਿਛੇ ਮੁਸਟੰਡੇ ਮਚਲਦੇ ਰਹਿੰਦੇ ਹਨ ਅਤੇ ਜੋਰਦਾਰ ਆਵਾਜ਼ 'ਚ ਗਾਇਆ ਜਾਂਦਾ ਹੈ, ਮੁੰਨੀ ਬਦਨਾਮ ਹੋਈ ਡਾਰਲਿੰਗ ਤੇਰੇ ਲਿਏ। ਬਾਲੀਵੁੱਡ ਦੀ ਨਵੀਂ ਸੁਪਰਹਿਟ ਫਿਲਮ 'ਦਬੰਗ' 'ਚ ਤਿੰਨ ਮਿੰਟ ਦੇ ਗਾਣੇ-ਨਾਚ ਨਾਲ ਪਿਆਰ 'ਚ ਬਦਨਾਮੀ ਦਾ ਇਕ ਨਵਾਂ ਨਾਂ ਸ਼ੁਰੂ ਹੋ ਗਿਆ ਹੈ। ਬੋਲਚਾਲ ਦੀ ਭਾਸ਼ਾ ਵਿਚ ਬੇਵਕੂਫ ਦਾ ਉਲਟਾ ਸ਼ਬਦ 'ਝੰਡੂ' ਹੁਣ ਮਨਪਸੰਦ ਸ਼ਬਦ ਬਣ ਗਿਆ ਹੈ। ਪਰ ਕੀ ਇਹ ਬਾਮ ਵਾਕਿਆ ਹੀ ਕਾਰਗਰ ਹੁੰਦੇ ਹਨ? ਇਮਾਮੀ ਲਿ-'ਚ ਪ੍ਰੋਡਕਟ ਡਿਵੈਲਪ ਮੈਂਟ ਦਾ ਕਹਿਣਾ ਹੈ "ਇਹ ਅਨੂਠਾ ਕਿਸ਼ਰਨ ਹਜ਼ਾਰਾ ਸੰਸਕਰਣਾਂ ਤੋਂ ਪਿਛੋਂ ਆਇਆ ਹੈ" ਝੰਡੂ ਬਾਮ ਇਮਾਮੀ ਲਿ-ਦਾ ਹੀ ਇਕ ਉਤਪਾਦ ਹੈ। ਜਿਉਂ ਹੀ ਇਹ ਗਾਣਾ ਹਰਮਨਪਿਆਰਾ ਹੋਣ ਦੀ ਸੂਚੀ 'ਚ ਸਿਖਰ ਤੇ ਪਹੁੰਚਿਆ ਕੰਪਨੀ ਨੇ ਇਸ ਬਾਮ ਦਾ ਨਾਂ ਮੁਫਤ ਵਿਚ ਬਦਨਾਮ ਕਰਨ ਦਾ ਦੋਸ਼ ਲਾਉਂਦਿਆਂ ਫਿਲਮ ਨਿਰਮਾਤਾ ਨੂੰ ਅਦਾਲਤੀ ਨੋਟਿਸ ਭੇਜ ਦਿੱਤਾ। ਪਰ ਜਦ ਮੁੰਨੀ ਇਸ ਕੰਪਨੀ ਦੀ ਇਸ਼ਤਿਹਾਰਬਾਜ਼ੀ ਕਰਨ ਲਈ ਰਾਜੀ ਹੋ ਗਈ ਤਾਂ ਦੋਹਾਂ ਦਰਮਿਆਨ ਇਹ ਝਗੜਾ ਖਤਮ ਹੋ ਗਿਆ। ਕੀ ਇਹ ਇਸ਼ਤਿਹਾਰਬਾਜ਼ੀ ਦੀ ਸੋਚੀ ਸਮਝੀ ਰਣਨੀਤੀ ਸੀ? ਅਜੇਹੇ ਸਮੇਂ 'ਚ ਜਦ ਇਮਾਮੀ ਸਟਾਰ ਕ੍ਰਿਕਟਾਂ ਦੇ ਨਾਲ ਨਵੇਂ ਪੈਕੇਜਿੰਗ ਅਤੇ ਪ੍ਰਚਾਰ ਮੁਹਿਮ ਕਰਕੇ ਨੌਜਵਾਨਾਂ ਤੇ ਨਵੇਂ ਜ਼ਮਾਨੇ ਦੇ ਲੋਕਾਂ ਨੂੰ ਖਿਚਣ ਲਈ ਮੋਟੀ ਰਕਮ ਖਰਚ ਕਰ ਰਹੀ ਹੈ, ਇਸ ਸੁਆਲ ਬਾਰੇ ਕਈ ਤਰ੍ਹਾਂ ਦੇ ਕਿਆਸ ਲਾਏ ਜਾ ਰਹੇ ਹਨ। ਇਹ ਸੌਦਾ ਕਰਵਾਉਣ ਵਾਲੇ ਇਸ਼ਤਿਹਾਰ ਨਿਰਮਾਤਾ ਪ੍ਰਹਲਾਦ ਕਕੜ ਦਾ ਕਹਿਣਾ ਹੈ "ਇਹ ਅੱਜ ਦੇ ਮੁਕਾਬਲੇ ਇਸ ਬ੍ਰਾਂਡ ਲਈ ਜ਼ਿਆਦਾ ਕੰਮ ਕੀਤਾ ਹੈ।" ਪਰ ਕੀ ਬਾਮ ਵਾਕਿਆ ਹੀ ਉਹ ਕੰਮ ਕਰਦੇ ਹਨ ਜਿਸ ਦੇ ਲਈ ਇਹ ਬਣਦੇ ਹਨ-ਦਰਦ ਤੋਂ ਛੁਟਕਾਰਾ ਦਿਵਾ ਕੇ ਆਰਾਮ ਦਿਵਾਉਣ ਦਾ ਕੰਮ, ਕੀ ਜੜੀ ਬੂਟੀਆਂ ਤੋਂ ਤਿਆਰ ਬਾਮ ਸਚਮੁੱਚ ਦਰਦ ਹਟਾਉਂਦੇ ਹਨ? ਡਾ. ਸੁਮਿਤ ਸਿੰਘ ਤੋਂ ਪੁਛਿਆ ਜੋਗੁੜਗਾਵਾਂ ਸਥਿਤ ਮੇਦਾਤਾ ਮੇਡਿਸਿਟੀ ਦੇ ਇਸ ਨਿਊਰੋਲੋਜਿਸਟ ਦਾ ਕਹਿਣਾ ਹੈ ਕਿ "ਇਸ ਦੇ ਬਹੁਤ ਘੱਟ ਸਬੂਤ ਹਨ।" 2002 'ਚ ਆਲ ਇੰਡੀਆ ਇੰਸਟੀਚੂਟ ਆਫ ਮੈਡੀਕਲ ਸਾਇੰਸਜ਼ (ਏਮਜ਼) ਵਿਚ ਉਤਰੀ ਭਾਰਤ ਦਾ ਪਹਿਲਾ ਸਿਰਦਰਦ ਕਲੀਨਿਕ ਖੋਹਲਣ ਵਾਲੇ ਇਸ ਸਖਸ ਦਾ ਕਹਿਣਾ ਹੈ ਕਿ "ਜਿਥੇ ਬਾਮ ਲਾਇਆ ਜਾਂਦਾ ਹੈ ਉਥੇ ਜਲਨ ਤੇ ਗਰਮੀ ਤੋਂ ਇਲਾਵਾ ਕੋਈ ਸ਼ਰੀਰਕ ਤਬਦੀਲੀ ਨਹੀਂ ਹੁੰਦੀ" ਆਯੁਰਵੈਦਿਕ ਓਵਰ ਦਾ ਕਾਊਂਟਰ ਦਰਦ ਨਿਵਾਰਕ ਬਾਮ ਦੇ ਕਾਰਗਰ ਹੋਣ 'ਤੇ ਖੋਜ ਏਨੀ ਘੱਟ ਹੈ ਕਿ ਡਾਕਟਰ ਇਸ 'ਤੇ ਟਿਪਣੀ ਕਰਨ ਤੋਂ ਟਲਦੇ ਹਨ। ਮੈਂ ਇਸ ਦੇ ਪੱਖ 'ਚ ਕੋਈ ਵਿਸਵਾਸ਼ਯੋਗ ਵਿਗਿਆਨਕ ਸਾਹਿਤ ਨਹੀਂ ਵੇਖਿਆ ਹੈ। ਜਦ ਤਕ ਉਹ ਠੋਸ ਸਬੂਤ ਪੇਸ਼ ਨਹੀਂ ਕਰਨਗੇ ਤਦ ਤਕ ਇਸ ਗੱਲ ਦੇ ਖਾਸ ਸਬੂਤ ਨਹੀਂ ਹਨ ਕਿ ਇਹ ਬਾਮ ਅਸਲ 'ਚ ਕਿਸੇ ਤਰ੍ਹਾਂ ਦੇ ਦਰਦ ਤੋਂ ਮੁਕਤੀ ਦਿਵਾਉਣ 'ਚ ਸਹਾਇਕ ਹੁੰਦੇ ਹਨ।" ਇਸਦੇ ਬਾਵਜੂਦ ਡਾ. ਸਿੰਘ ਦੀ ਪਤਨੀ ਜੋ ਸਿਰਦਰਦ ਤੋਂ ਪ੍ਰੇਸ਼ਾਨ ਰਹਿੰਦੀ ਹੈ, ਲੰਬੇ ਸਮੇਂ ਤੋਂ ਆਪਣੇ ਮੱਥੇ 'ਤੇ ਝੰਡੂ ਬਾਮ ਲਾਉਂਦੀ ਰਹੀ ਹੈ। ਖਪਤਕਾਰਾਂ ਦੇ ਇਸ ਤਰ੍ਹਾਂ ਦੇ ਨਿਹਚੇ ਕਾਰਨ ਓ. ਟੀ. ਸੀ. ਅਯੁਰਵੈਦਿਕ ਦਰਦ ਨਿਵਾਰਨ ਬਾਮ ਦਾ ਬਾਜ਼ਾਰ ਬਦਿਆ ਹੋਇਆ ਹੈ। ਦੇਸ਼ 'ਚ 10 ਮੁੱਖ ਓ. ਟੀ. ਸੀ. ਬ੍ਰਾਂਡਾਂ ਵਿਚੋਂ ਤਿੰਨ ਦਰਦ ਨਿਵਾਰਕ ਬਾਮ ਹਨ। ਇਮਾਮੀ ਇਨਵੈਸਟਰ ਜੂਨ 2010 ਦੀ ਰੀਪੋਟ ਅਨੁਸਾਰ 1500 ਕਰੋੜ ਰੁਪਏ ਦੇ ਦਰਦ, ਨਿਵਾਰਕ, ਬਾਜ਼ਾਰ 'ਚ ਝੰਡੂ ਬਾਮ ਦਾ ਪਤ ਫੀਸਦੀ ਹਿੱਸਾ ਹੈ। ਅਤੇ ਉਸ ਪ੍ਰਤੀ ਉਸ ਦੇ ਖਪਤਕਾਰਾਂ ਦਾ ਇਸ ਹੱਦ ਤਕ ਲਗਾਅ ਹੈ ਕਿ ਪੈਕਜਿੰਗ ਦੇ ਹਰ ਖਪਤਕਾਰ ਖੋਜ 'ਚ ਅਜੇਹਾ ਡਿਜ਼ਾਇਨ ਸਾਹਮਣੇ ਆਉਂਦਾ ਹੈ ਜੋ ਉਸ ਦੇ ਮੂਲ ਪੈਦ ਦੇ ਸਭ ਤੋਂ ਕਰੀਬ ਹੁੰਦਾ ਹੈ ਡਾ ਸਿੰਘ ਦਸਦੇ ਹਨ "ਕੁਝ ਲੋਕ ਮੰਨਦੇ ਹਨ ਜਦਕਿ ਕੁਝ ਲੋਕਾਂ ਨੂੰ ਇਸ ਦਾ ਪ੍ਰਵਸ਼ ਨਹੀਂ ਹੁੰਦੀ। ਇਹ ਕਾਫੀ ਹ ਦ ਤਕ ਇਸ ਤ





ਡਾ. ਅਜੀਤਪਾਲ ਸਿੰਘ
ਐਮ. ਡੀ.
ਮੋ. 98156-29301

ਨਿਰਭਰ ਕਰਦਾ ਹੈ ਕਿ ਤੁਸੀਂ ਕਦੋਂ ਤੇ ਕਿੰਨੀ ਬਾਮ ਦੀ ਵਰਤੋਂ ਕਰਦੇ ਹੋ।" ਉਮੀਦ ਵੀ ਬਹੁਤ ਭੂਮਿਕਾ ਨਿਭਾਉਂਦੀ ਹੈ" ਜੇ ਤੁਹਾਨੂੰ ਪਤਾ ਲੱਗਦਾ ਹੈ ਕਿ ਕਿਸੇ ਇਲਾਜ ਨਾਲ ਤੁਹਾਨੂੰ ਫਾਇਦਾ ਹੋਣ ਵਾਲਾ ਹੈ ਤਾਂ ਸੰਭਵ ਹੈ ਕਿ ਤੁਹਾਨੂੰ ਉਸ ਨਾਲ ਫਾਇਦਾ ਹੋ ਜਾਵੇ।"

ਹੁਣ ਜਰਾ ਬਾਮ 'ਚ ਵਰਤੀ ਜਾਂਦੀ ਸਾਮਗਰੀ ਨੂੰ ਵੇਖੋ :

ਹਰ ਆਯੂਰਵੈਦਿਕ ਬਾਮ 'ਚ ਕੁਲ ਮਿਲਾ ਕੇ ਇਕ ਹੀ ਕਿਸਮ ਦੀ ਸਾਮਗਰੀ ਵਰਤੀ ਜਾਂਦੀ ਹੈ। ਗੰਡਾਪੁਰੋ ਤੇਲ, ਤਾਰਪੀਨ ਤੇਲ, ਨੀਲਗਿਰੀ ਤੇਲ, ਪੁਦੀਨੇ ਦੇ ਫੂਲ, ਲਵੰਗ ਦਾ ਤੇਲ, ਕਰਪੂਰ ਪਾਊਡਰ, ਅਜਵਾਇਨ ਦਾ ਫੁੱਲ, ਜਾਤਿਫਲ ਦਾ ਤੇਲ ਆਦਿ। ਏਮਜ਼ 'ਚ ਪ੍ਰੋਫੈਸਰ ਤੇ ਫਾਰਮਾਂ ਕੋਲੋਜੀ ਵਿਭਾਗ ਦੇ ਮੁੱਖੀ ਡਾ ਵਾਈਕੇ ਗੁਪਤਾ ਦਾ ਕਹਿਣਾ ਹੈ "ਇਹ ਸਭ ਸਤਈ ਤੌਰ 'ਤੇ ਜਲਨ ਪੈਦਾ ਕਰਕੇ ਭਾਰੀ ਦਰਦ ਤੋਂ ਧਿਆਨ ਹਟਾ ਦਿੰਦੇ ਹਨ ਜੋ ਐਸਪ੍ਰੀਨ ਜਾਂ ਬਰੂਫਨ ਵਰਗੇ ਨਾਲ-ਸਟੀਰਾਇਡਲ, ਐਟੀ-ਇਨਫਲੇਮੈਟਰੀ ਡ੍ਰਗ ਨਾਲ ਮਿਲਦੇ ਜੁਲਦੇ ਹੁੰਦੇ ਹਨ। ਪਰ ਇਕ ਪਾਸੇ ਜਿਥੇ ਦਰਦ ਨਿਵਾਰਕ ਅੰਗ੍ਰੇਜ਼ੀ ਦਵਾਈਆਂ ਸ਼ਰੀਰ ਅੰਦਰ ਜਾ ਕੇ ਹਾਰਮੋਨ ਵਰਗੇ ਤੱਤਾਂ ਨੂੰ ਰੋਕ ਦਿੰਦੀਆਂ ਹਨ ਜਿਹਨਾਂ ਕਾਰਨ ਸੋਜ ਤੇ ਦਰਦ ਹੁੰਦਾ ਹੈ ਉਥੇ ਬਾਮ ਚਮੜੀ ਦੀ ਸੰਵੇਦਨਸ਼ੀਲ ਨਸਾਂ ਦੇ ਆਖਰੀ ਸਿਰੇ ਤੇ ਜਲਣ ਪੈਦਾ ਕਰਦੇ ਹਨ ਅਤੇ ਖੂਨ ਦੀ ਧਮਨੀਆਂ ਨੂੰ ਚੌੜਾ ਕਰਦੇ ਹਨ। ਜਿਸ ਥਾਂ ਬਾਮ ਲਾਇਆ ਜਾਂਦਾ ਹੈ ਉਥੇ ਲਾਲ ਹੋਣ, ਸਨਸਨੀ ਜਲਣ ਜਾਂ ਠੰਡਕ ਪਹੁੰਚਾਉਣ ਦੀ ਵਜਾਹ ਕਰਕੇ ਮਰੀਜ ਦਾ ਧਿਆਨ ਅੰਦਰੂਨੀ ਦਰਦ ਤੋਂ ਹਟ ਜਾਂਦਾ ਹੈ, ਉਹ ਕਹਿੰਦੇ ਹਨ, "ਕਾਊਂਟਰ ਇਰੀਟੈਟ ਮੁਖ ਤੌਰ 'ਤੇ ਲੱਛਣ ਦੂਰ ਕਰਦੇ ਹਨ। ਅਸਲੀ ਬੀਮਾਰੀ ਨੂੰ ਨਹੀਂ ਇਹੀ ਵਜਾਹ ਹੈ ਕਿ ਚਮੜੀ ਤੇ ਲਾਈਆਂ ਜਾਣ ਵਾਲੀਆਂ ਬੇਹਤਰੀਨ ਦਵਾਈਆਂ ਸੀਮਤ ਅਰਸੇ ਤਕ ਹੀ ਆਪਣਾ ਅਸਰ ਵਿਖਾਉਂਦੀਆਂ ਹਨ। ਦਰਦ ਨਿਵਾਰਕ ਬਾਮ ਦੇ ਇਸ਼ਤਿਹਾਰਾਂ 'ਚ 'ਟਾਇਮ ਟੈਸਟਡ' ਤੇ 'ਐਕਟਿਵ ਇਨਗ੍ਰੇਡੀਐਂਟਸ' ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਦਿੱਲੀ ਸਥਿਤ ਇੰਡੀਅਨ ਸਪਾਈਨਲ ਇੰਜਰੀਜ਼ ਦੇ ਮੁਖੀ ਡਾ. ਜੀ. ਪੀ. ਦੁਰੇਜਾ ਦਸਦੇ ਹਨ।" ਪਰ ਸਾਮਗਰੀ ਦੀ ਮਾਤਰਾ 'ਤੇ ਹੀ ਨਿਰਭਰ ਕਰਦਾ ਹੈ ਕਿ ਕੀ ਕੰਮ ਕਰਦਾ ਹੈ ਅਤੇ ਕੀ

ਨਹੀਂ ਕਰਦਾ। ਦਰਦ ਨਿਵਾਰਕ ਦਵਾਈਆਂ 'ਚ ਦਵਾ ਤੇ ਜ਼ਹਿਰ ਦੇ ਵਿਚਕਾਰ ਦੀ ਮਾਤਰਾ ਤਹਿ ਕਰਨੀ ਹੁੰਦੀ ਹੈ। ਦਰਦ-ਨਿਵਾਰਕ ਦਵਾਈਆਂ 'ਚ ਇਹਨਾਂ ਸਾਮਗਰੀਆਂ ਦੀ ਮਾਤਰਾ ਵੱਖ-ਵੱਖ ਹੁੰਦੀ ਹੈ" ਰਸਾਇਣਕ ਸੁਰਖਿਆ ਦੇ ਵਿਗਿਆਨ ਟਾਕਨੋਲੋਜੀ ਵਿਚ ਵੀ ਦਵਾ ਤੇ ਜ਼ਹਿਰ ਦੇ ਵਿਚਕਾਰ ਦੀ ਮਾਤਰਾ ਤਹਿ ਕੀਤੀ ਜਾਂਦੀ ਹੈ। ਇਹ ਪਚੀਦਾ ਸਮੀਕਰਣ ਹੈ। ਆਯੁਰਵੈਦਿਕ ਦਵਾਈਆਂ (ਦਰਦ ਨਿਵਾਰਕ) ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਕਾਫੀ ਹੱਦ ਤਕ ਨਕਾਦਰਦ ਹੈ। ਮਿਸਾਲ ਵਜੋਂ ਜ਼ਿਆਦਾਤਰ ਓ. ਟੀ. ਸੀ. ਦਰਦ ਨਿਵਾਰਕਾਂ-ਝੰਡੂ ਬਾਮ, ਅੰਮ੍ਰਿਤਾਜਨ ਜਾਂ ਟਾਈਗਰ ਬਾਮ-'ਚ ਐਕਟਿਵ ਇਨਗ੍ਰੇਡਿਏਟ ਮਿਥਾਇਲ ਸੈਲਿਸਲੇਟ ਨੂੰ ਹੀ ਲਓ ਇਸ ਦਾ ਸਭ ਤੋਂ ਪ੍ਰਭਾਵਸ਼ਾਲੀ ਸਰੋਤ ਵਿੰਟਰਗ੍ਰੀਨ ਦਾ ਤੇਲ ਹੈ। ਇਹ ਲਿਕਟਿਡ ਕੰਸਟ੍ਰੇਟ ਪੱਤੇ ਦੇ ਫ੍ਰਸੇਟੇਸ਼ਨ ਕਿਣਵਨ ਤੋਂ ਤਿਆਰ ਕੀਤਾ ਜਾਂਦਾ ਹੈ। ਇਸ 'ਚ 98 ਫੀਸਦੀ ਮਿਥਾਇਲ ਸੈਲਿਸਿਲੇਟ ਹੁੰਦਾ ਹੈ ਅਤੇ ਇਹ ਆਪਣੇ ਸ਼ੁਧ ਰੂਪ 'ਚ ਕਾਫੀ ਜ਼ਹਿਰੀਲਾ ਹੋ ਸਕਦਾ ਹੈ। ਅਮਰੀਕੀ ਫੂਡ ਐਂਡ ਡਰੱਗ ਐਡਮਨਿਸਟਰੇਸ਼ਨ ਨੇ ਹਦਾਇਤ ਦੇ ਰੱਖੀ ਹੈ ਕਿ ਜਿਸ ਵਸਤੂ 'ਚ ਇਸ ਰਸਾਇਣ ਦੀ 5 ਫੀਸਦੀ ਮਾਤਰਾ ਹੈ, ਉਸ ਤੇ ਇਸ ਦੀ ਚੇਤਾਵਨੀ ਲਿਖੀ ਹੋਣੀ ਚਾਹੀਦੀ ਹੈ। ਉਹ ਦੱਸਦੇ ਹਨ "ਦਰਦ ਨਿਵਾਰਕ ਬਾਮ ਮਾਸਪੇਸ਼ੀਆਂ ਤੇ ਚਮੜੀ ਪਾਸ ਤੰਤੂ-ਤੰਤਰ ਤੱਕ ਪਹੁੰਚ ਜਾਂਦਾ ਹੈ ਅਤੇ ਇਸ ਦਾ ਕੁਝ ਹਿੱਸਾ ਖੂਨ ਵਿਚ ਵੀ ਪਹੁੰਚ ਜਾਂਦਾ ਹੈ।" ਇਕ ਪਾਸੇ ਜਿਥੇ ਆਮ ਓ. ਟੀ. ਸੀ. ਦਰਦ ਨਿਵਾਰਕਾਂ 'ਚ ਵਿੰਟਗ੍ਰੀਨ ਦਾ ਤੇਲ ਜ਼ਹਿਰ ਬਨਣ ਦੀ ਮਾਤਰਾ ਤੋਂ ਕਾਫੀ ਹੇਠਾਂ ਹੁੰਦਾ ਹੈ ਉਥੇ ਝੰਡੂ ਬਾਮ 'ਚ 10 ਫੀਸਦੀ, ਅੰਮ੍ਰਿਤਾਜਨ 'ਚ 8 ਫੀਸਦੀ ਤੇ ਆਇਓਡੇਕਸ 'ਚ 20 ਫੀਸਦੀ ਵਰਤਿਆ ਜਾਂਦਾ ਹੈ। ਪਰ ਇਹ ਕਦੇ ਨਹੀਂ ਦੱਸਿਆ ਜਾਂਦਾ ਕਿ ਕਿੰਨੀ ਵਾਰੀ ਕਿੰਨੀ ਮਾਤਰਾ ਲਾਈ ਜਾਣੀ ਚਾਹੀਦੀ ਹੈ। ਏਮਜ਼ ਵਿਚ ਆਪਣੀ ਕਿਸਮ ਦਾ ਪਹਿਲਾਂ ਕਲੀਨਿਕ ਸ਼ੁਰੂ ਕਰਨ ਵਾਲੇ ਬੰਦੇ ਦਾ ਕਹਿਣਾ ਹੈ ਕਿ "ਵੱਧ ਵਰਤੋਂ ਨਾਲ ਖੂਨ 'ਚ ਜ਼ਹਿਰੀਲੇ ਰਸਾਇਣ ਜਮਾ ਹੋ ਸਕਦੇ ਹਨ।" ਜ਼ਹਿਰੀਲਾਪਣ ਆਯੂਰਵੈਦਿਕ ਦਵਾਈਆਂ 'ਤੇ ਛਾਇਆ ਸਭ ਤੋਂ ਕਾਲਾ ਬੱਦਲ ਹੈ। ਮਸ਼ਹੂਰ ਜਰਨਲ ਆਫ ਦ ਅਮਰੀਕਨ ਮੈਡੀਕਲ ਐਸੋਸੀਏਸ਼ਨ (ਜਾਮਾ) 'ਚ ਛਪੇ ਵੱਖ-ਵੱਖ ਅਧਿਐਨਾ 'ਚ ਮੁੱਖ ਆਯੁਰਵੈਦਿਕ ਦਵਾਈਆਂ-ਹਿਮਾਲਿਆਂ, ਡਾਬਰ, ਝੰਡੂ, ਵੈਦਨਾਥ ਆਦਿ ਦੇ ਉਤਪਾਦਾਂ 'ਚ ਮੰਨਜ਼ੂਰਸ਼ੁਦਾ ਮਾਤਰਾ ਤੋਂ ਵੱਧ ਹੈਵੀ ਮੈਟਲ, ਸੀਸ਼ਾ, ਪਾਰਾ ਤੇ ਆਰਸੈਨਿਕ ਪਾਏ ਗਏ ਹਨ। ਜਾਮਾ 'ਚ 2004 'ਚ 70 ਫੀਸਦੀ ਵਸਤਾਂ ਦੀ ਜਾਂਚ ਕੀਤੀ ਸੀ ਜਿਹਨਾਂ 'ਚੋਂ 14 ਵਿਚ ਹੈਵੀ ਮੈਟਲ ਪਾਏ ਗਏ ਹਨ। ਅਹਿਮਦਾਬਾਦ ਸਥਿਤ ਕੰਜਿਊਮਰ ਐਜੂਕੇਸ਼ਨ ਐਂਡ ਰਿਸਰਚ ਸੈਂਟਰ ਦੀ ਨਿਦੇਸ਼ਕ ਪ੍ਰੀਤੀਸ਼ਾਹ ਦਾ ਕਹਿਣਾ ਹੈ ਕਿ ਉਤਪਾਦਾਂ ਨੂੰ ਚੁਣਿਆ "ਉਹਨਾ ਵਿਚੋਂ 8 ਦੇ ਲੇਬਲ 'ਤੇ ਉਸ 'ਚ ਹੈਵੀ ਮੈਟਲ ਦੀ ਵਰਤੋਂ ਦੀ ਜਾਣਕਾਰੀ ਨਹੀਂ ਦਿੱਤੀ ਗਈ ਸੀ, ਨਾ ਹੀ ਉਹਨਾਂ ਨੂੰ ਤਿਆਰ ਕਰਨ ਦੀ ਵਿਧੀ ਦੱਸੀ ਗਈ ਸੀ।" ਕੋਚੀ ਸਥਿਤ ਅਮਿਤਾ ਸਕੂਲ ਆਫ ਫਾਰਮੇਸੀ 'ਚ ਫਾਰਮਾਸਿਊਟੀਕਲ ਏਨਾਲਿਸਿਸ ਪੜਾਉਣ ਵਾਲੇ ਟੀ. ਪੀ. ਅਨੀਸ਼ ਦਾ ਕਹਿਣਾ ਹੈ ਕਿ "ਆਯੁਰਵੈਦਿਕ ਦਵਾਈਆਂ ਦੇ ਬੁਰੇ ਮਿਲ ਰਹੀਆਂ ਖਬਰਾਂ ਵਧਦੀਆਂ ਹੀ ਜਾ ਰਹੀਆਂ ਹਨ। ਇਹ ਵਿਆਪਕ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਭਾਰਤੀ ਆਯੂਰਵੈਦਿਕ ਦਵਾਈਆਂ ਦੀ ਵਿਸ਼ੈਲਤਾ ਦੀ ਸਖਤ ਜਾਂਚ ਨਹੀਂ ਕੀਤੀ ਜਾਂਦੀ" ਮਾਮਲਾ ਸਿਰਫ ਹੈਵੀ ਮੈਟਲ ਦਾ ਹੀ ਨਹੀਂ ਹੈ। ਮਾਹਰ ਦੱਸਦੇ ਹਨ ਕਿ ਨਿਰਮਾਣ ਦੇ ਅਮਲ ਦੇ ਲੱਚਰ ਹੋਣ ਨਾਲ ਦਵਾਈਆਂ ਦੀ ਗੁਣਵੰਣਤਾ ਵੀ ਪ੍ਰਭਾਵਿਤ ਹੁੰਦੀ ਹੈ। ਵੈਦ ਚੰਦਰ ਪ੍ਰਕਾਸ਼ ਕੈਂਸਰ ਰਿਸਰਚ ਫਾਊਂਡੇਸ਼ਨ ਬਣਾਈ ਹੈ, ਕਹਿੰਦੇ ਹਨ" ਐਸੀਆਂ ਜੜੀ ਬੂਟੀਆਂ ਜੋ ਤੋੜੇ ਜਾਣ ਦੇ ਇਕ ਸਾਲ ਅੰਦਰ ਆਪਣਾ ਅਸਰ ਗਵਾ ਦਿੰਦੀਆਂ ਹਨ। ਕੁਝ ਪੇਸਟ ਤਿਆਰ ਕੀਤੇ ਜਾਣ ਦੇ ਇਕ ਸਾਲ ਅੰਦਰ ਹੀ ਕਾਰਗਰ ਹੁੰਦੇ ਹਨ। ਪੁਰਾਣੀਆਂ ਕਿਤਾਬਾਂ 'ਚ ਦਵਾਈਆਂ ਦੇ ਗੁਣਾ ਬਾਰੇ ਸਪਸ਼ਟ ਵਰਨਣ ਦਿਤੇ ਗਏ ਹਨ।" ਉਹ ਕਹਿੰਦੇ ਹਨ "ਇਹ ਕਿਸੇ ਨੂੰ ਨਹੀਂ ਪਤਾ ਕਿ ਡਿੱਬਾ ਬੰਦ ਵਪਾਰਕ ਵਸਤਾਂ ਦਾ ਕੀ ਹੁੰਦਾ ਹੈ। ਵੈਦ ਦਵਾਈ ਦੇ ਪੈਕਟ 'ਤੇ ਉਸ ਦੇ ਤੱਤਾਂ ਨੂੰ ਲਿਖ ਦਿੰਦੇ ਹਨ ਪਰ ਵਪਾਰਕ ਪੱਧਰ 'ਤੇ ਕਿਸ ਨੂੰ ਵਸਤ ਦੀ ਸਟੀਕ ਸਾਮਗਰੀ ਪਤਾ ਨਹੀਂ ਹੁੰਦੀ ਉਸ ਦੇ ਨਿਰਮਾਣ ਦਾ ਅਮਲ ਲੰਮਾ ਤੇ ਉਕਾਊ ਹੈ" ਮਿਸਾਲ ਵਜੋਂ ਝੰਡੂ ਬਾਮ ਦੀ 10 ਐਮ ਐਲ ਦੀ ਸੀਸ਼ੀ 'ਤੇ ਸਿਰਫ ਏਨਾ ਲਿਖਿਆ ਹੁੰਦਾ ਹੈ ਕਿ ਉਸ 'ਚ ਮੈਥਨਾਲ 20 ਫੀਸਦੀ ਗੌਲ ਥੇਰਿਆ ਦਾ ਤੇਲ (10 ਫੀਸਦੀ) ਅਤੇ 'ਬੇਸ' ਦੀ ਵਰਤੋਂ ਕੀਤੀ ਗਈ ਹੈ। ਹੁਣ ਇਹ ਪਤਾ ਲਾਉਣ ਦਾ ਕੰਮ ਖਪਤਕਾਰਾਂ ਦਾ ਹੈ ਕਿ ਆਯੂਰਵੈਦਿਕ ਦਰਦ ਨਿਵਾਰਕ ਦਵਾਈਆਂ ਬਾਮਾਂ 'ਚ ਮੁਹਈਆਂ ਆਮ ਦਰਦ ਨਿਵਾਰਕ ਕ੍ਰੀਮ ਤੋਂ ਕਿਤੇ ਵੀ ਵੱਖ ਨਹੀਂ ਹੈ। ਅਤੇ ਉਹ ਮਾਡਰਨ ਮੈਡੀਸਨ 'ਤੇ ਅਧਾਰਤ ਹੈ। ਉਹ ਦਸਦੇ ਹਨ" ਉਹਨਾਂ 'ਚ ਜੜੀ ਬੂਟੀਆਂ ਦਾ ਬਹੁਤ ਘੱਟ ਅਰਕ ਹੁੰਦਾ ਹੈ ਤੇ ਚਮੜੀ 'ਤੇ ਲਾਉਣ ਵਾਲੇ ਕਿਸੇ ਵੀ ਦੂਜੇ ਦਰਦ ਨਿਵਾਰਕ ਵਾਗੂੰ ਹੀ ਅਸਰਦਾਇਕ ਹੁੰਦੇ ਹਨ।" ਇਕ ਚੰਗੀ ਗੱਲ ਇਹ ਹੈ ਕਿ ਕੇਂਦਰੀ ਸਿਹਤ ਮੰਤਰਾਲੇ ਦੀ ਭਰੋਸੇਯੋਗਤਾ ਵਧਾਉਣ ਲਈ ਕੁਆਲਟੀ ਇੰਸ਼ਰੈਸ ਸਰਟੀਫੀਕੇਸ਼ਨ ਨੂੰ ਜ਼ਰੂਰੀ ਬਣਾਉਣ ਦੀ ਯੋਜਨਾ ਬਣਾ ਰਹੀ ਹੈ। ਪਰ ਹੈਰਾਨੀ ਨਹੀਂ ਕਿ ਦਰਦ ਨਿਵਾਰਕ ਆਯੁਰਵੈਦਿਕ ਬਾਮ ਦੇ ਨਿਰਮਾਤਾ ਆਪਣੀਆਂ ਵਸਤਾਂ ਨੂੰ ਗੈਰ ਸਰਕਾਰੀ ਦਸਦੇ ਹਨ। ਸ਼ਰਮਾ ਦਾ ਕਹਿਣਾ ਹੈ ਕਿ "ਦਰਦ ਦਾ ਪੱਕਾ ਹੱਲ ਨਹੀਂ ਹੁੰਦਾ। ਇਥੋਂ ਤੱਕ ਕਿ ਅੰਗ੍ਰੇਜੀ ਗੋਲੀਆਂ ਵੀ ਇਸ ਨੂੰ ਠੀਕ ਨਹੀਂ ਹੈ।" ਉਹਨਾਂ ਦਾ ਕਹਿਣਾ ਹੈ ਕਿ "ਬਜ਼ਾਰ 'ਚ ਝੰਡੂ ਬਾਮ ਲੰਬੇ ਸਮੇਂ ਤੋਂ ਹੈ ਅਤੇ ਇਸ ਨਾਲ ਕਿਸੇ ਤਰ੍ਹਾਂ ਦੇ ਨੁਕਸਾਨ ਦੀ ਕੋਈ ਰੀਪੋਟ ਨਹੀਂ ਹੈ, ਉਹ ਪੁੱਛਦੇ ਹਨ "ਕੀ ਲੋਕਾਂ ਨੂੰ ਅਸਲੀ ਫਾਇਦਾ ਪਹੁੰਚਾਏ ਬਗੈਰ ਕੀ ਕੋਈ ਚੀਜ਼ ਬਾਜ਼ਾਰ 'ਚ ਏਨੇ ਲੰਬੇ ਸਮੇਂ ਤੱਕ ਟਿਕ ਸਕਦੀ ਹੈ? ਜਾਮਾ ਦੀ ਰੀਪੋਟ ਅਤੇ ਪਾਬੰਦੀਸ਼ੁਦਾ ਦਵਾਈਆਂ ਦੀ ਸੂਚੀ ਬਾਰੇ ਉਹਨਾਂ ਦਾ ਕਹਿਣਾ ਹੈ ਕਿ ਇਹ "ਸਾਡੀ ਪਰਮਪਰਾ ਨੂੰ ਤਬਾਹ ਕਰਨ ਲਈ ਪੱਛਮ ਦੀ ਚਾਲ ਹੈ, ਅੱਜ ਦਾ ਯੁੱਗ ਡਾਕੂਮੈਨਟੇਸ਼ਨ ਦਾ ਹੈ।" ਆਯੂਰਵੈਦਿਕ ਰਿਕਾਰਡ ਸਬੂਤ ਨਹੀਂ ਹਨ। ਪਰ ਅੱਗੇ ਦੀ ਯੋਜਨਾ 'ਤੇ ਵਿਚਾਰ ਕਰ ਲਿਆ ਗਿਆ ਹੈ। ਨਵੀਆਂ ਦਵਾਈਆਂ 'ਤੇ ਵੈਦਾਂ ਅਤੇ ਮਾਰਕਿਟਿੰਗ ਦੀ ਟੀਮ ਦੇ ਕੰਮ ਕਰਨ ਦੇ ਨਾਲ ਹੀ ਇਮਾਮੀ ਦਾ ਆਰ ਐਂਡ ਐਂਡ ਡੀ ਵਿਭਾਗ ਦੁਨੀਆਂ ਭਰ ਕੇ ਅਲੋਚਕਾਂ ਦਾ ਸਾਹਮਣਾ ਕਰਨ ਲਈ ਤਿਆਰ ਹੈ।" ਅਸੀਂ ਆਧੁਨਿਕ ਪੈਮਾਨਿਆਂ, ਵਿਕਸਤ ਸੁਰਖਿਆ ਪ੍ਰਬੰਦ, ਫਾਰਮਾ ਕੋਲੋ ਜੀਕਲ ਅਤੇ ਕਲੀਨੀਕਲ ਜਾਂਚ ਅਤੇ ਇਨਸਾਨੀ ਹੱਥ ਨਾਲ ਸੰਪਰਕ ਤੇ ਗਲਤੀਆਂ ਨੂੰ ਘੱਟ ਕਰਨ ਲਈ ਸਿਖਿਅਤ ਟੈਕਨੋਲੋਜੀ ਦੀ ਵਰਤੋਂ ਕਰ ਰਹੇ ਹਾਂ।" ਨਵੀਆਂ ਦਵਾਈਆਂ ਨੂੰ ਬਜ਼ਾਰ 'ਚ ਲਿਆਉਣ ਦੀ ਯੋਜਨਾ ਦੇ ਨਾਲ ਹੀ ਝੰਡੂ ਬਾਮ ਕੌਮਾਂਤਰੀ ਬਾਜ਼ਾਰ 'ਚ ਵੱਡੀ ਤੇ ਬੇਦਾਮ ਥਾਂ ਬਣਾਉਣ ਲਈ ਤਿਆਰ ਹੈ। ਏਮਜ਼ ਦੇ ਆਲੇ ਦੁਆਲੇ ਟਿਨ ਦੀ ਚਾਦਰਾਂ ਨਾਲ ਬਣੀਆਂ ਅਸਥਾਈ ਦੁਕਾਨਾਂ ਦੀ ਗਲੀ ਹੈ। ਇਹ ਰਾਜਸਥਾਨ 'ਚ ਦਵਾਈਆਂ ਦੀ ਪ੍ਰਚੂਨ ਵਿਕਰੀ ਦਾ ਸਭ ਤੋਂ ਪ੍ਰਭਾਵਸ਼ਾਲੀ ਨੈਟ ਵਰਕ ਹੈ। ਤੁਸੀਂ ਕੈਂਸਰ ਦੀ ਕੋਈ ਦਵਾਈ ਮੰਗੋ ਤਾਂ ਉਸ ਨੂੰ ਤੁਹਾਡੇ ਸਾਹਮਣੇ ਪੇਸ਼ ਕਰ ਦੇਣਗੇ। ਪਰ ਝੰਡੂ ਬਾਮ ਦੀ ਮੰਗ ਕਰਨ 'ਤੇ ਵੀ ਜੋਰ ਨਾਲ ਹੱਸਦੇ ਹਨ। ਇਕ ਦੁਕਾਨ ਦਾ ਮੁਨਸ਼ੀ ਕਹਿੰਦਾ ਹੈ "ਅਸੀਂ ਇਹ ਨਹੀਂ ਰੱਖਦੇ, ਆਪ ਅੱਗੇ ਜਾਓ, ਕਿਸੇ ਪਾਨ ਦੀ ਦੁਕਾਨ ਤੇ ਮਿਲ ਜਾਵੇਗਾ।"

ਅੱਜ ਵੈਦ ਕਰੁਣਾਸ਼ੰਕਰ ਭੱਟ, ਜੋ ਆਪਣੇ ਲੰਬੇ ਮਸ਼ਹੂਰ ਹੋ ਗਏ ਸਨ, ਜਿਉਂਦੇ ਹੁੰਦੇ ਤਾਂ ਗਦਗਦ ਹੋ ਜਾਂਦੇ, ਦਰਦ ਦੂਰ ਕਰਨ ਲਈ ਉਹਨਾਂ ਦੇ ਨਾਂ ਦੀ ਦਵਾਈ ਜਾਮਨਗਰ ਦੀ ਸਾਬਕਾ ਰਿਆਸਤ ਦੀ ਸ਼ਾਹੀ 'ਰਸਸ਼ਾਲਾ' ਤੋਂ ਬਾਹਰ ਆ ਗਈ ਹੈ ਅਤੇ 150 ਸਾਲਾਂ ਤੋਂ ਆਮ ਲੋਕਾਂ ਦੇ ਨਾਲ ਹੈ। ਭਾਵੇਂ ਹੀ ਝੰਡੂ ਬਾਮ ਦਰਦ ਦੂਰ ਕਰੇ ਨਾ ਕਰੇ, ਪਰ ਉਸ ਦੀ ਪਹੁੰਚ ਅਤੇ ਉਸ ਪ੍ਰਤੀ ਲੋਕਾਂ ਦਾ ਲਗਾਅ ਉਸ ਦਾ ਸਭ ਤੋਂ ਵੱਡਾ ਰਾਜ ਹੈ। ਡਾਕਟਰ ਮਜ਼ਾਕ ਕਰਦੇ ਹਨ ਕਿ ਹੁਣ ਮੁੰਨੀ ਝੰਡੂ ਬਾਮ ਦੇ ਨਾਲ ਆ ਗਈ ਹੈ ਤਾਂ ਉਸ ਦੀ ਖਿੱਚ ਨਾਲ ਭਲਾ ਕੌਣ ਬਚ ਸਕਦਾ ਹੈ?



ਅਮਰਜੀਤ ਢਿੱਲੋਂ ਦਬੜੀਖਾਨਾ

ਸਾਡੇ ਚਾਰ ਚੁਫੇਰੇ ਜੋ ਨਜ਼ਰ ਆ ਰਿਹਾ ਹੈ (ਧਰਤੀ ਆਕਾਸ਼ ਚੰਨ ਤਾਰੇ) ਇਹ ਸਭ ਕੁਦਰਤ ਹੈ। ਇਸਨੂੰ ਅੰਗਰੇਜੀ 'ਚ ਨੇਚਰ ਕਹਿੰਦੇ ਹਨ। ਕੁਦਰਤ ਦਾ ਕੋਈ ਕਰਤਾ ( ਕਾਦਰ) ਨਹੀਂ , ਅਸਲ ਵਿਚ ਕਰਤਾ, ਕੁਦਰਤ ਦੇ ਵਿਚ ਹੀ ਵਿਆਪਕ ਹੈ। ਇਹ ਅਰਬਾਂ-ਖਰਬਾਂ ਸਾਲਾਂ ਤੋਂ ਬਸ ਇਸੇ ਤਰ੍ਹਾਂ ਆਪ ਮੁਹਾਰੀ ਹੈ। ਕੁਦਰਤ ਦੇ ਨਿਯਮ ਕਰੋੜਾਂ ਅਰਬਾਂ ਸਾਲਾਂ 'ਚ ਖੁਦ ਹੀ ਬਣੇ ਹਨ। ਕਿਸੇ ਨਹੀਂ ਬਣਾਏ। ਇਹ ਕੁਦਰਤ ਅੰਨ੍ਹੀ ਅਤੇ ਬੋਲੀ ਹੈ। ਇਸ ਵਿਚ ਭਾਵਨਾਵਾਂ ਲਈ ਕੋਈ ਥਾਂ ਨਹੀਂ। ਮਨੁੱਖ ਨੇ ਕੁਦਰਤ ਦੇ ਕੁਝ ਵਹਾਅ ਆਪਣੀ ਸਹੂਲਤ ਮੁਤਾਬਿਕ ਬਦਲ ਲਏ ਹਨ। ਜਿਹਨਾਂ ਦਾ ਕੋਈ ਹਰਜ਼ ਨਹੀਂ। ਜਿਵੇਂ ਡੈਮ ਉਸਾਰ ਕੇ ਪਾਣੀ ਤੋਂ ਬਿਜਲੀ ਪੈਦਾ ਕਰਨੀ ਅਤੇ ਪਾਣੀ ਸਿੰਚਾਈ ਲਈ ਵਰਤਣ ਵਾਸਤੇ ਨਹਿਰਾਂ ਕੱਢਣੀਆਂ। ਹਵਾ ਦੇ ਵੇਗ ਤੋਂ ਪਣ ਬਿਜਲੀ ਬਣਾਉਣੀ। ਜਲ ਘਰ ਬਣਾ ਕੇ ਪਾਣੀ ਉਚਾਈ 'ਤੇ ਲਿਜਾਣਾ, ਧਰਤੀ ਦੀ ਗਰੂਰਤਾ ਦੇ ਉਲਟ ਉਪਗ੍ਰਿਹ ਬਣਾ ਕੇ ਪੁਲਾੜ 'ਚ ਛੱਡਣੇ ਆਦਿ। ਪਰ ਆਪਣੀ ਹਵਸ ਖਾਤਿਰ ਕੁਦਰਤ ਨਾਲ ਛੇੜ ਛਾੜ ਕਰਨੀ ਕਿਵੇਂ ਵੀ ਵਾਜਬ ਨਹੀਂ। ਇਹਨਾਂ 'ਚ ਜੰਗਲਾਂ ਦਾ ਅੰਨ੍ਹੇਵਾਹ ਉਜਾੜਾ, ਐਟਮੀ ਅਤੇ ਖਤਰਨਾਕ ਹਥਿਆਰਾਂ ਦੀ ਬੇਦਰੇਗ ਵਰਤੋਂ, ਲੋੜੋਂ ਵੱਧ ਊਰਜਾ ਦੀ ਵਰਤੋਂ ਕਰਕੇ ਤਪਸ਼ ਪੈਦਾ ਕਰਨੀ, ਖਤਰਨਾਕ ਗੈਸਾਂ ਕਾਰਨ ਓਜ਼ੋਨ ਪਰਤ 'ਚ ਮਘੋਰੇ ਕਰਨੇ, ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਾਉਣੀ। ਲੋੜੋਂ ਵੱਧ ਕੀਟ ਨਾਸ਼ਕ ਅਤੇ ਰਸਾਇਣਕ ਖਾਦਾਂ ਵਰਤ ਕੇ ਭਿਆਨਕ ਬਿਮਾਰੀਆਂ ਨੂੰ ਸੱਦਾ ਦੇਣਾ ਆਦਿ ਮਾਨਵਜਾਤੀ ਲਈ ਘਾਤਕ ਹੈ।

**ਕੁਦਰਤ ਅੰਨ੍ਹੀ ਅਤੇ ਬੋਲੀ ਹੈ, ਇਸ ਨਾਲ ਛੇੜ ਛਾੜ ਬਹੁਤ ਹੀ ਖਤਰਨਾਕ**

ਧਰਤੀ ਉਪਰ ਜੀਵਨ ਕੁਝ ਉਲੀਆਂ ਕਾਰਨ ਹੀ ਪੈਦਾ ਹੋਇਆ, ਜਿਹਨਾਂ ਨੂੰ ਅਸੀਂ ਖਤਮ ਕਰਨ ਲਈ ਅੱਡੀ ਚੋਟੀ ਦਾ ਜੋਰ ਲਾ ਰਹੇ ਹਾਂ, ਜਿਹੜੇ ਕੀਟ (ਕੀੜੇ ਮਕੌੜਿਆਂ ਨੂੰ ਖਤਮ ਕਰਨ ਲਈ ਅਸੀਂ ਜ਼ਹਿਰਾਂ ਦੇ ਅੰਬਾਰ ਲਾਏ ਹਨ ਇਹ ਸਾਥੋਂ (ਮਾਨਵਜਾਤੀ ਤੋਂ) ਤੀਹ ਕਰੋੜ ਸਾਲ ਪਹਿਲਾਂ ਧਰਤੀ 'ਤੇ ਪੈਦਾ ਹੋਏ। 1936 'ਚ ਜਦ ਅਮਰੀਕਾ ਦੇ ਵਿਗਿਆਨੀ ਪਾਲ ਮੂਲਰ ਨੇ ਡੀ ਡੀ ਟੀ ਦੀ ਕਾਢ ਕੱਢੀ ਤਾਂ ਉਸਦੀ ਬੱਲੇ ਬੱਲੇ ਹੋ ਗਈ, ਕਿ ਹੁਣ ਧਰਤੀ 'ਤੇ ਕੋਈ ਖਤਰਨਾਕ ਕੀੜੇ ਨਹੀਂ ਰਹਿਣਗੇ। ਉਸਨੂੰ ਨੋਬਲ ਇਨਾਮ ਦਿਤਾ ਗਿਆ । ਜਦ ਇਸੇ ਡੀ ਡੀ ਟੀ ਦੇ ਛਿੜਕਾ ਕਾਰਨ ਅਮਰੀਕਾ ਦੀਆਂ ਸੁੰਦਰ ਵਾਦੀਆਂ 'ਚ ਪੰਛੀ ਚਹਿਚਹਾਉਣੇ ਬੰਦ ਹੋ ਗਏ ਤਾਂ ਲੋਕ ਪਾਲ ਮੂਲਰ ਮੁਰਦਾਬਾਦ ਕਰਨ ਲੱਗੇ ਅਤੇ ਨੋਬਲ ਇਨਾਮ ਵਾਪਸ ਮੰਗਣ ਲੱਗੇ। ਅਖੀਰ ਲੋਕ ਰੋਹ ਨੂੰ ਦੇਖਦਿਆਂ 1970 ਵਿਚ ਅਮਰੀਕਾ ਨੂੰ ਡੀ ਡੀ ਟੀ 'ਤੇ ਪਾਬੰਦੀ ਲਾਉਣੀ ਪਈ ਅਤੇ ਕਈ ਦਹਾਕੇ ਇਹ ਡੀ ਡੀ ਟੀ ਸਾਡੇ ਮੁਲਕ ਨੂੰ ਸਪਲਾਈ ਕੀਤੀ ਗਈ। ਅਸੀਂ ਇਸ ਨਾਲ ਮੱਛਰ ਮਾਰਨ ਦਾ ਜੋਰ ਲਾਉਂਦੇ ਰਹੇ ਪਰ ਮੱਛਰ ਹੋਰ ਤਕੜਾ ਹੁੰਦਾ ਗਿਆ, ਸਿਹਤ ਵਿਭਾਗ ਥੱਕ ਹਾਰ ਕੇ ਕਹਿਣ ਲੱਗ ਪਿਆ 'ਮੱਛਰ ਰਹੇਗਾ ਮਲੇਰੀਆ ਨਹੀਂ' ਅਤੇ ਅਖੀਰ ਭਾਰਤ ਨੂੰ ਡੀ ਡੀ ਟੀ ਤੇ ਪਾਬੰਦੀ ਲਾਉਣੀ ਪਈ ਪਰ ਅਮਰੀਕਾ ਤੋਂ ਕਈ ਦਹਾਕੇ ਬਾਦ। ਇਸ ਤਰ੍ਹਾਂ ਮਨੁੱਖ ਕੁਦਰਤ ਦੀ ਤਬਾਹੀ ਕਰਕੇ ਆਪਣਾ ਸਤਿਆਨਾਸ ਹੀ ਕਰ ਰਿਹਾ ਹੈ।

ਕੁਦਰਤ ( ਦੁਨੀਆਂ ,ਬ੍ਰਹਿਮੰਡ) ਦੀ ਹਰ ਚੀਜ ਪੰਜ ਤੱਤਾਂ ਆਕਾਸ਼( ਪੁਲਾੜ) ਧਰਤੀ ( ਮਿੱਟੀ) ਊਰਜਾ, ਪਾਣੀ ਅਤੇ ਹਵਾ ਦੀ ਬਣੀ ਹੋਈ ਹੈ। ਬ੍ਰਹਮੰਡ ਦੀ ਹੋਈ ਹੁਣ ਤੱਕ ਖੋਜ ਮੁਤਾਬਿਕ ਅਜੇ ਤੱਕ ਵਣ ,ਜਲ ਜੀਵਨ ਸਿਰਫ ਇਸ ਧਰਤੀ ਤੱਕ ਹੀ ਸੀਮਤ ਹੈ। ਬ੍ਰਹਿਮੰਡ ਵਿਚ ਹੋਰ ਅਜਿਹੀਆਂ ਧਰਤੀਆਂ ਵੀਰਾਨ ਅਤੇ ਨਿਰਜਿੰਦ ਪਈਆਂ ਹਨ। ਵਿਗਿਆਨੀ ਦਸਦੇ ਹਨ ਕਿ ਧਰਤੀ 'ਤੇ ਜੀਵਨ ਸ਼ੁਰੂ ਹੋਣ ਤੋਂ ਪਹਿਲਾਂ ਇਸਦੀ ਉਪਰਲੀ ਤਹਿ ਬਹੁਤ ਹੀ ਜ਼ਹਿਰੀਲੀ ਸੀ। ਕਰੋੜਾਂ ਅਰਬਾਂ ਸਾਲਾਂ 'ਚ ਪੈਦਾ ਹੋਏ ਸੂਖਮ ਜੀਵਾਂ ਅਤੇ ਉਲੀਆਂ ਨੇ ਧਰਤੀ ਉਪਰਲੀ ਜ਼ਹਿਰ ਖਤਮ ਕੀਤੀ ਤਾਂ ਕਿਤੇ ਜਾ ਕੇ ਧਰਤੀ 'ਤੇ ਜੀਵਨ ਸੰਭਵ ਹੋਇਆ। ਧਰਤੀ 'ਤੇ ਜੀਵਨ ਦਾ ਆਧਾਰ ਬਣੇ ਇਹਨਾਂ ਸੂਖਮ ਜੀਵਾਂ 'ਤੇ ਉਲੀਆਂ ਨੂੰ ਹੀ ਖਤਮ ਕਰਨ 'ਤੇ ਅੱਜ ਸਾਡਾ ਸਾਰਾ ਜੋਰ ਲੱਗਾ ਹੋਇਆ ਹੈ। ਅਸੀਂ ਧਰਤੀ ਤੇ ਆਪ ਪੈਦਾ ਕੀਤੀਆਂ ਜ਼ਹਿਰਾਂ ਭਰ ਭਰ ਕੇ ਫਿਰ ਉਹੋ ਜਿਹੇ ਹਾਲਾਤ ਪੈਦਾ ਕਰੀ ਜਾ ਰਹੇ ਹਾਂ ਜੋ ਕਿ ਜੀਵਨ ਲਈ ਅਨੁਕੂਲ ਨਹੀਂ ਸਨ। ਇਸ ਧਰਤੀ ( ਕੁਦਰਤ ) ਦਾ ਹਰ ਜੀਵ ਅਤੇ ਪੌਦਾ ਪ੍ਰਾਣੀ ਇਕ ਦੂਜੇ ਨਾਲ ਆਪਸੀ ਨਿਰਭਰਤਾ ਦੇ ਰਿਸ਼ਤੇ ਵਿਚ ਬੱਝਾ ਹੋਇਆ ਹੈ। ਜ਼ਹਿਰਾਂ ਦੇ ਛਿੜਕਾ ਨਾਲ ਖਤਰਨਾਕ ਕੀੜੇ ਮਕੌੜੇ ਆਰਜੀ ਤੌਰ 'ਤੇ ਜ਼ਰੂਰ ਘਟ ਜਾਂਦੇ ਹਨ ਪਰ ਫਿਰ ਪਹਿਲਾਂ ਨਾਲੋਂ ਵੀ ਮਜ਼ਬੂਤ ਹੋ ਕੇ ਆਉਂਦੇ ਹਨ। ਸੂਖਮ ਜੀਵ ਧਰਤੀ ਅਤੇ ਹਵਾ ਬਿਜਲੀ ਨਾਈਟ੍ਰੋਜਨ ਨੂੰ ਪੌਦਿਆਂ ਵਾਸਤੇ ਵਰਤਣਯੋਗ ਬਣਾਉਂਦੇ ਹਨ ਅਤੇ ਪੌਦੇ ਆਕਸੀਜਨ ਰਾਹੀਂ ਸਾਨੂੰ ਜੀਵਨ ਦਿੰਦੇ ਹਨ। ਇਸੇ ਤਰ੍ਹਾਂ ਸਾਡੇ ਸਰੀਰ ਦੇ ਹਰ ਅੰਗ ਵਿਚ ਕਰੋੜਾਂ ਸੂਖਮ ਜੀਵ ਹੁੰਦੇ ਹਨ ਜੋ ਸਾਨੂੰ ਬਾਹਰਲੇ ਖਤਰਨਾਕ ਜੀਵਾਣੂੰਆਂ ਤੋਂ ਬਚਾਉਂਦੇ ਹਨ। ਇਕੱਲੀਆਂ ਅੰਤੜੀਆਂ ਵਿਚ ਕਰੋੜਾਂ ਸੂਖਮ ਜੀਵ ਹਨ। ਇਹ ਜੀਵ ਸਾਡੇ ਸਰੀਰ ਨੂੰ ਵੱਧਣ ਫੁਲਣ ਵਿਚ ਸਹਾਈ ਹੁੰਦੇ ਹਨ ਅਤੇ ਮੌਤ ਉਪਰੰਤ ਇਹ ਹੀ ਸਰੀਰ ਨੂੰ ਖਾਦ ਬਣਾ ਕੇ ਮਿੱਟੀ 'ਚ ਮਿਲਾ ਦਿੰਦੇ ਹਨ।

ਸਿਉਂਕ ਨੂੰ ਅਸੀਂ ਪੌਦਿਆਂ ਦੀ ਸਭ ਤੋਂ ਵੱਡੀ ਦੁਸ਼ਮਣ ਸਮਝਦੇ ਹਾਂ ਜਦੋਂ ਕਿ ਸਿਉਂਕਿ ਕਿਸਾਨ ਦਾ ਸਭ ਤੋਂ ਵੱਡਾ ਮਿਤਰ ਜੀਵ ਹੈ। ਇਹ ਸਿਉਂਕ ਮਰੀ ਲੱਕੜ ਨੂੰ ਗਾਲ ਕੇ ਧਰਤੀ 'ਚ ਖਾਦ ਬਣਾ ਦਿੰਦੀ ਹੈ। ਜੇ ਸਿਉਂਕ ਨਾ ਹੋਵੇ ਤਾਂ ਜੰਗਲਾਂ 'ਚ ਮੁਰਦਾ ਲੱਕੜ ਦੇ ਢੇਰ ਲੱਗ ਜਾਣ ਅਤੇ ਹਰ ਵਕਤ ਅੱਗ ਹੀ ਲੱਗੀ ਰਹੇ। ਜੇ ਸਾਡੇ ਖੇਤਾਂ ਵਿਚ ਸਿਉਂਕ ਦੀ ਬਹੁਤਾਤ ਹੈ ਤਾਂ ਇਸਦਾ ਕਾਰਨ ਉਸਦਾ ਭੋਜਨ ਜੈਵਿਕ ਮਾਦਾ( ਫਸਲਾਂ ਦੀ ਰਹਿੰਦ ਖੂੰਹਦ) ਅੱਗਾਂ ਲਾ ਕੇ ਸਾੜ ਰਹੇ ਹਾਂ। ਜੇ ਅਸੀਂ ਅੱਗਾਂ ਨਾ ਲਾਉਂਦੇ ਅਤੇ ਜ਼ਹਿਰਾਂ ਨਾ ਛਿੜਕਦੇ ਤਾਂ ਸਿਉਂਕ ਨੇ ਇਸੇ ਜੈਵਿਕ ਮਾਦੇ ਨੂੰ ਖਾਦ ਬਣਾ ਕੇ ਸਾਡੇ ਮਿੱਤਰ ਕੀੜੇ ਦਾ ਕੰਮ ਕਰਨਾ ਸੀ। ਸਿਉਂਕ ਹਰੇ ਪੌਦੇ ਨੂੰ ਬਿਲਕੁਲ ਨਹੀਂ ਖਾਂਦੀ। ਕੁਝ ਖਤਰਨਾਕ ਉਲੀਆਂ ਜਦ ਬੂਟੇ ਦੀ ਜੜ ਖਾ ਜਾਂਦੀਆਂ ਹਨ ਅਤੇ ਬੂਟਾ ਸੁੱਕ ਜਾਂਦਾ ਹੈ ਤਾਂ ਸਿਉਂਕ ਸੁੱਕੇ ਹੋਏ ਬੂਟੇ ਦੀ ਜੜ੍ਹ ਨੂੰ ਖਾਣ ਪਹੁੰਚ ਜਾਂਦੀ ਹੈ। ਕੀਟ ਨਾਸ਼ਕ ਦਵਾਈਆਂ ਵੇਚਣ ਵਾਲੀਆਂ ਦਵਾਈਆਂ ਸਿਉਂਕ ਨੂੰ ਮਾਰਨ ਵਾਲੀ ਦਵਾਈ ਵੇਚ ਕੇ ਹੱਥ ਰੰਗ ਰਹੀਆਂ ਹਨ। ਸਰਬ ਪੱਖੀ ਕੀਟ ਪ੍ਰਬੰਧ ਕੁਦਰਤ ਦਾ ਆਪਣਾ ਹੀ ਨਿਜ਼ਾਮ ਹੈ। ਜਿਸ 'ਚ ਪੌਦਿਆਂ ਨੂੰ ਖਾਣ ਵਾਲੇ ਜੀਵਾਂ ਨੂੰ ਖਾਣ ਵਾਸਤੇ ਹੋਰ ਮਾਸਾਹਾਰੀ ਕੀਟ ਹਨ, ਜਿਹਨਾਂ ਨੂੰ ਅਸੀਂ ਮਿਤਰ ਕੀੜੇ ਕਹਿੰਦੇ ਹਾਂ। ਅਸਲ ਵਿਚ ਨਾ ਕੋਈ ਮਿਤਰ ਕੀੜਾ ਹੁੰਦਾ ਹੈ ਅਤੇ ਨਾ ਹੀ ਦੁਸ਼ਮਣ। ਸਿਰਫ ਸ਼ਾਕਾਹਾਰੀ ਅਤੇ ਮਾਸਾਹਾਰੀ ਕੀਟ ਹੁੰਦੇ ਹਨ। ਜਦ ਅਸੀਂ ਸ਼ਾਕਾਹਾਰੀ ਕੀੜੇ ਮਾਰਨ ਲਈ ਜ਼ਹਿਰਾਂ ਛਿੜਕਦੇ ਹਾਂ ਤਾਂ ਮਾਸਾਹਾਰੀ (ਮਿਤਰ) ਪਹਿਲਾਂ ਮਰ ਜਾਂਦੇ ਹਨ। ਬਹੁਤ ਸਾਰੇ ਪੌਦਿਆਂ ਦਾ ਪਰ ਪਰਾਗਣ ਮਧੂ ਮੱਖੀਆਂ ਤੇ ਹੋਰ ਕੀਟਾਂ 'ਤੇ ਨਿਰਭਰ ਹੈ। ਇਸੇ ਲਈ ਮਹਾਨ ਵਿਗਿਆਨੀ ਅਲਬਰਟ ਆਈਨਸਟਾਈਨ ਨੇ ਕਿਹਾ ਹੈ ਕਿ ਜਦੋਂ ਮਧੂ ਮੱਖੀਆਂ ਖਤਮ ਹੋ ਗਈਆਂ ਤਾਂ ਸਮਝ ਲੈਣਾ ਕਿ ਮਨੁੱਖਤਾ ਦਾ ਅੰਤ ਵੀ ਨੇੜੇ ਹੀ ਹੈ। ਬਦਕਿਸਮਤੀ ਨਾਲ ਇਸ ਵਕਤ ਕੁਦਰਤੀ ਮਧੂਮੱਖੀਆਂ ਦੀ ਨਸਲ ਖਤਮ ਹੋਣ ਦੇ ਨਜ਼ਦੀਕ ਹੈ। ਉਸ ਮਹਾਨ ਵਿਗਿਆਨੀ ਦੇ ਸ਼ਬਦਾਂ ਨੂੰ ਸਿਜਦਾ ਕਰਦਿਆਂ ਜੇ ਅੱਜ ਵੀ ਅਸੀਂ ਗੈਰਕੁਦਰਤੀ ਵਰਤਾਰਾ ਬੰਦ ਕਰ ਦੇਈਏ ਤਾਂ ਡੁੱਲੇ ਬੇਰਾਂ ਨੂੰ ਚੁੱਕ ਕੇ ਝੋਲੀ 'ਚ ਪਾ ਸਕਦੇ ਹਾਂ ਅਤੇ ਮਨੁੱਖਤਾ ਦਾ ਅੰਤ ਹੋਣੋ ਰੋਕ ਸਕਦੇ ਹਾਂ।

-ਅਮਰਜੀਤ ਢਿੱਲੋਂ ਦਬੜੀਖਾਨਾ 94171 20427

# ਤੰਤਰ-ਮੰਤਰ ਨਾਲ ਪਤੀ ਵੱਸ ਵਿੱਚ ਨਹੀਂ ਹੁੰਦਾ

ਰੇਖਾ



ਅੱਜ ਕਈ ਆਦਮੀ ਆਪਣੀ ਦਿਲਫੇਂਕ ਆਦਤ ਦੇ ਕਾਰਨ ਜਾਂ ਕਿਸੇ ਹੋਰ ਕਾਰਨ ਤੋਂ ਆਪਣੀ ਪਤਨੀ ਦੇ ਇਲਾਵਾ ਦੂਸਰੀਆਂ ਇਸਤਰੀਆਂ ਦੇ ਨਾਲ ਮਾਨਸਕ ਜਾਂ ਸਰੀਰਕ ਪੱਧਰ ਉੱਤੇ ਸੰਬੰਧ ਬਣਾ ਲੈਂਦੇ ਹਨ। ਇਸਦਾ ਸਿੱਧਾ ਅਸਰ ਉਨ੍ਹਾਂ ਦੇ ਵਿਆਹੁਤਾ ਜੀਵਨ ਉੱਤੇ ਪੈਂਦਾ ਹੈ। ਅਜਿਹੇ ਆਦਮੀਆਂ ਦੀਆਂ ਪਤਨੀਆਂ ਇੱਕ ਅਜਿਹੇ ਡਰ ਵਿੱਚ ਜਿਉਣ ਲੱਗਦੀਆਂ ਹਨ ਜਿੱਥੇ ਉਨ੍ਹਾਂ ਨੂੰ ਲੱਗਦਾ ਹੈ ਕਿ ਹੁਣ ਉਨ੍ਹਾਂ ਦਾ ਪਤੀ ਦੂਜੀ ਇਸਤਰੀ ਦੇ ਮੋਹ ਵਿੱਚ ਫਸ ਕੇ ਉਨ੍ਹਾਂ ਨੂੰ ਛੱਡ ਦੇਵੇਗਾ ਜਾਂ ਉਸ ਦੇ ਨਾਲ ਹੀ ਰਹਿਣ ਲੱਗੇਗਾ।

ਇਸੀ ਡਰ ਅਤੇ ਬੌਖਲਾਹਟ (ਪਾਗਲਾਂ ਵਾਂਗ ਦਿਮਾਗੀ ਸੰਤੁਲਨ ਗੁਆ ਬੈਠਣਾ) ਦੇ ਕਾਰਨ ਇਸਤਰੀਆਂ ਆਪਣੇ ਪਤੀ ਨੂੰ ਵੱਸ ਵਿੱਚ ਰੱਖਣ ਦੇ ਲਈ ਸਾਧੂਆਂ, ਪੰਡਤਾਂ, ਤਾਂਤਰਿਕਾਂ ਅਤੇ ਤੰਤਰਮੰਤਰ ਦਾ ਆਸਰਾ ਲੈਂਦੀਆਂ ਹਨ। ਉਹ ਸੋਚਦੀਆਂ ਹਨ ਕਿ ਤੰਤਰ ਮੰਤਰ ਵਰਗੇ ਉਪਾਵਾਂ ਨਾਲ ਉਹ ਆਪਣੇ ਪਤੀ ਨੂੰ ਆਪਣੇ ਮੋਹਜਾਲ ਵਿੱਚ ਬੰਨ੍ਹ ਲੈਣਗੀਆਂ।

ਅਜਿਹੀਆਂ ਇਸਤਰੀਆਂ ਕਾਫੀ ਮਾਨਸਕ ਤਣਾਅ ਸਹਿ ਰਹੀਆਂ ਹੁੰਦੀਆਂ ਹਨ, ਜਿਸਦਾ ਪੂਰਾ-ਪੂਰਾ ਲਾਭ ਤਾਂਤਰਿਕ ਅਤੇ ਪੰਡਤ ਉਡਾਂਦੇ ਹਨ। ਉਹ ਇਹਨਾਂ ਨੂੰ ਅਜਿਹੇ ਅਜੀਬ ਉਪਾਅ ਦੱਸਦੇ ਹਨ ਜਿਨ੍ਹਾਂ ਤੋਂ ਇਹ ਕਾਫ਼ੀ ਪ੍ਰਭਾਵਤ ਹੁੰਦੀਆਂ ਹਨ। ਇਹ ਲੋਕ ਭੋਲੀ-ਭਾਲੀ ਇਸਤਰੀਆਂ ਨੂੰ ਪੂਰਾ-ਪੂਰਾ ਭਰੋਸਾ ਦਿਵਾਉਂਦੇ ਹਨ। ਕਈ ਤਾਂਤਰਿਕ ਅਤੇ ਪੰਡਤ ਤਾਂ ਕੰਮ ਦੇ ਪੂਰਾ ਹੋਣ ਦੀ ਗਾਰੰਟੀ ਵੀ ਦੇਂਦੇ ਹਨ। ਆਪਣੀ ਗੱਲ ਦੀ ਸਚਾਈ ਦੇ ਲਈ ਇਹ ਲੋਕ ਕਈ ਸਬੂਤ ਵੀ ਪੇਸ਼ ਕਰਦੇ ਹਨ। ਇਹਨਾਂ ਉੱਤੇ ਭਰੋਸਾ ਕਰਕੇ ਇਹਨਾਂ ਇਸਤਰੀਆਂ ਨੂੰ ਯਕੀਨ ਹੋ ਜਾਂਦਾ ਹੈ ਕਿ ਉਨ੍ਹਾਂ ਦਾ ਪਤੀ ਪਰਾਈ ਇਸਤਰੀ ਨੂੰ ਛੱਡ ਕੇ ਉਨ੍ਹਾਂ ਦੇ ਪਾਸ ਮੁੜ ਆਵੇਗਾ ਅਤੇ ਬਾਅਦ ਵਿੱਚ ਸਿਰਫ ਉਨ੍ਹਾਂ ਦਾ ਹੀ ਦੀਵਾਨਾ ਬਣਿਆ ਰਹੇਗਾ। ਇਹ ਇਸਤਰੀਆਂ ਇਹਨਾਂ ਦੇ ਵਸ਼ੀਕਰਨ ਉਪਾਵਾਂ ਨੂੰ ਆਪਨਾ ਲੈਂਦੀਆਂ ਹਨ ਅਤੇ ਇਹਨਾਂ ਨੂੰ ਕਾਫੀ ਦਾਨਦੱਛਨਾ ਵੀ ਦੇਂਦੀਆਂ ਹਨ।

ਇਸੀ ਦੌਰਾਨ ਜੇਕਰ ਪਤੀ ਆਪਣੀ ਗਲਤੀ ਨੂੰ ਆਪ ਹੀ ਸੁਧਾਰਣ ਦੇ ਲਈ ਜਾਂ ਬੱਚਿਆਂ ਦੇ ਮੋਹ ਦੇ ਕਾਰਨ ਜਾਂ ਦੂਸਰੀ ਇਸਤਰੀ ਤੋਂ ਤੰਗ ਆ ਕੇ ਆਪਣੀ ਪਤਨੀ ਦੇ ਪਾਸ ਵਾਪਸ ਆਉਂਦਾ ਹੈ ਤਾਂ ਇਸਤਰੀਆਂ ਇਸ ਨੂੰ ਇਹਨਾਂ ਹੀ ਤੰਤਰਾਂ ਮੰਤਰਾਂ ਦਾ ਚਮਤਕਾਰ ਮੰਨਦੇ ਹੋਏ ਹੋਰ ਜ਼ਿਆਦਾ ਦੱਛਨਾ ਇਹਨਾਂ ਪਖੰਡੀਆਂ ਨੂੰ ਦੇ ਦੇਂਦੀਆਂ ਹਨ। ਪਰੰਤੂ ਜਦ ਇਹਨਾਂ ਉਪਾਵਾਂ ਦੇ ਬਾਵਜੂਦ ਇਹਨਾਂ ਦਾ ਪਤੀ ਠੀਕ ਰਸਤੇ ਉੱਤੇ ਵਾਪਸ ਨਹੀਂ ਆਉਂਦਾ ਤਾਂ ਇਹ ਇਸਤਰੀਆਂ ਟੁੱਟ ਜਿਹੀਆਂ ਜਾਂਦੀਆਂ ਹਨ। ਇੱਕ ਤਾਂ ਇਹ ਆਪਣੇ ਪਤੀ ਦੇ ਕਾਰਨ ਤੋਂ ਕਾਫੀ ਮਾਨਸਕ ਤਣਾਅ ਝੱਲ ਰਹੀਆਂ ਹੁੰਦੀਆਂ ਹਨ ਦੂਜਾ ਇਹਨਾਂ ਦਾ ਕਾਫੀ ਪੈਸਾ ਵੀ ਬਰਬਾਦ ਹੋ ਚੁੱਕਿਆ ਹੁੰਦਾ ਹੈ। ਅਜਿਹੇ ਸਮੇਂ ਵਿੱਚ ਜੇਕਰ ਇਸਤਰੀ ਆਪਣੇ ਆਪ ਨੂੰ ਨਹੀਂ ਸੰਭਾਲਦੀ ਤਾਂ ਉਹ ਇੱਕਦਮ ਬਿਖਰ ਜਿਹੀ ਜਾਂਦੀ ਹੈ। ਇਸ ਸਮੇਂ ਉਸ ਨੂੰ ਇੱਕ ਯੋਗ ਮਾਨਸਿਕ ਡਾਕਟਰ ਦੀ ਸਲਾਹ ਦੀ ਬਹੁਤ ਹੀ ਲੋੜ ਹੁੰਦੀ ਹੈ। ਅਸਲ ਵਿੱਚ ਮਨੋਚਿਕਿਤਸਕ ਦੀ ਜ਼ਰੂਰਤ ਤਾਂ ਉਸਨੂੰ ਉਸੀ ਸਮੇਂ ਤੋਂ ਹੀ ਹੁੰਦੀ ਹੈ ਜਦ ਉਸ ਨੂੰ ਲੱਗਣ ਲੱਗਦਾ ਹੈ ਕਿ ਉਸ ਦਾ ਪਤੀ ਉਸ ਤੋਂ ਦੂਰ ਹੋਣ ਲੱਗਦਾ ਹੈ। ਉਹ ਹੋਰ ਕਿਸੇ ਇਸਤਰੀ ਵੱਲ ਖਿੱਚਿਆ ਜਾਣ ਲੱਗਾ ਹੈ। ਇੱਕ ਮਾਨਸਕ ਡਾਕਟਰ ਹੀ ਅਜਿਹੀ ਇਸਤਰੀ ਦੀ ਮਦਦ ਕਰ ਸਕਦਾ ਹੈ ਨਾ ਕਿ ਸਾਧੂ ਜਾਂ ਤਾਂਤਰਿਕ ਆਦਿ।

ਵਿਮਲਾ ਦਾ ਪਤੀ ਆਪਣੇ ਨਾਲ ਕੰਮ ਕਰਨ ਵਾਲੀ ਇੱਕ ਹੋਰ ਇਸਤਰੀ ਵੱਲ ਖਿੱਚ ਹੋ ਕੇ ਆਪਣੀ ਪਤਨੀ ਨੂੰ ਇੱਕਦਮ ਤੋਂ ਭੁਲਾ ਬੈਠਾ ਸੀ। ਨਾ ਸਮੇਂ ਉੱਤੇ ਘਰ ਆਉਂਦਾ ਨਾ ਹੀ ਆਪਣੀ ਪਤਨੀ ਨੂੰ ਪਹਿਲਾਂ ਵਰਗਾ ਪਿਆਰ ਦੇਂਦਾ। ਇੱਥੋਂ ਤੱਕ ਕਿ ਆਪਣੀ ਆਮਦਨ ਦਾ ਇੱਕ ਵੱਡਾ ਹਿੱਸਾ ਵੀ ਉਸੀ ਇਸਤਰੀ ਉੱਤੇ ਖਰਚ ਕਰਨ ਲੱਗਾ। ਵਿਮਲਾ ਨੇ ਉਸਨੂੰ ਅਜਿਹਾ ਕਰਨ ਤੋਂ ਕਾਫੀ ਰੋਕਿਆ ਪਰ ਉਸ ਉੱਤੇ ਇਸ ਦਾ ਕੋਈ ਅਸਰ ਨਹੀਂ ਹੋਇਆ।

ਹਾਰ ਕੇ ਵਿਮਲਾ ਨੇ ਵੀ ਇੱਕ ਤਾਂਤਰਿਕ ਦਾ ਸਹਾਰਾ ਲਿਆ। ਉਸ ਦੇ ਦੱਸੇ ਵਸ਼ਵੀਕਰਨ ਮੰਤਰਾਂ ਅਤੇ ਟੋਟਕਿਆਂ ਉੱਤੇ ਅਮਲ ਕੀਤਾ ਪਰ ਉਸ ਦੇ ਪਤੀ ਉੱਤੇ ਇਸਦਾ ਜ਼ਰਾ ਵੀ ਪ੍ਰਭਾਵ ਨਹੀਂ ਪਿਆ। ਪਰੰਤੂ ਵਿਮਲਾ ਨੇ ਹਾਰ ਨਹੀਂ ਮੰਨੀ। ਉਸ ਨੇ ਆਪਣੇ ਪਤੀ ਨੂੰ ਵੱਸ ਵਿੱਚ ਕਰਨ ਦੇ ਲਈ ਇੱਕ ਵਿਆਹ ਸੰਬੰਧੀ ਸਲਾਹਕਾਰ ਨਾਲ ਗੱਲ ਕੀਤੀ ਜਿਸ ਨੇ ਪਤੀ ਨੂੰ ਵੱਸ ਵਿੱਚ ਕਰਨ ਦੇ ਅਸਲੀ ਉਪਾਵਾਂ ਨੂੰ ਅਪਣਾਉਣ ਦਾ ਸੁਝਾਅ ਦਿੱਤਾ। ਵਿਮਲਾ ਉਨ੍ਹਾਂ ਉੱਤੇ ਅਮਲ ਕਰਕੇ ਆਪਣੇ ਪਤੀ ਦੇ ਨਾਲ ਹੁਣ ਸੁਖਮਈ ਜ਼ਿੰਦਗੀ ਗੁਜ਼ਾਰ ਰਹੀ ਹੈ।

ਵਿਆਹ ਦੇ ਬਾਅਦ ਜਦ ਇਸਤਰੀ ਪੁਰਖ ਪਤੀ ਪਤਨੀ ਬਣ ਜਾਂਦੇ ਹਨ ਤਾਂ ਉਹ ਇੱਕ ਤ੍ਰਿਪਤੀਦਾਇਕ ਸੈਕਸ ਦਾ ਆਨੰਦ ਲੈਂਦੇ ਹਨ ਪਰ ਜਦ ਉਹਨਾਂ ਦੇ ਵਿੱਚ ਬੱਚੇ ਆ ਜਾਂਦੇ ਹਨ ਤਾਂ ਉਹ ਮਾਤਾ ਪਿਤਾ ਬਣ ਜਾਂਦੇ ਹਨ। ਹੁਣ ਉਨ੍ਹਾਂ ਵਿੱਚ ਸੈਕਸ ਮਾਮੂਲੀ ਹੋ ਜਾਂਦਾ ਹੈ। ਇਸਦਾ ਸਿੱਧਾ ਅਸਰ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਉੱਤੇ ਪੈਂਦਾ ਹੈ। ਪਤੀ ਪਤਨੀ ਦੋਹਾਂ ਨੂੰ ਚਾਹੀਦਾ ਹੈ ਕਿ ਆਪਣੇ ਪਿਆਰ ਨੂੰ ਹੌਲੀ-ਹੌਲੀ ਫੇਰ ਤੋਂ ਪਹਿਲਾਂ ਵਰਗਾ ਤਰੋਤਾਜ਼ਾ ਬਣਾਉਣ ਦੀ ਕੋਸ਼ਿਸ਼ ਕਰੋ। ਸੈਕਸ ਨੂੰ ਗੌਣ (ਸਧਾਰਨ, ਦੁਜੇਲਾ) ਨਾ ਬਣਨ ਦਿਓ।

ਵਿਆਹ ਦੇ ਕੁਝ ਹੀ ਸਮੇਂ ਬਾਅਦ ਇਸਤਰੀਆਂ ਆਪਣੇ ਸਰੀਰ ਦੇ ਪ੍ਰਤੀ ਲਾਪਰਵਾਹ ਹੋ ਜਾਂਦੀਆਂ ਹਨ ਸਜਣਾ ਸੰਵਰਨਾ ਤਾਂ ਦੂਰ ਰਿਹਾ ਅਕਸਰ ਪੁਰਾਣੇ ਕੱਪੜੇ ਜਾਂ ਰਾਤ ਦਾ ਗਾਊਨ ਹੀ ਸਾਰਾ ਦਿਨ ਪਾਈ ਰੱਖਦੀਆਂ ਹਨ ਅਤੇ ਪਤੀ ਦੀਆਂ ਨਜ਼ਰਾਂ ਵਿੱਚ ਆਪਣੇ ਸਰੀਰਕ ਆਕਰਸ਼ਣ (ਖਿਚਾਓ) ਨੂੰ ਘੱਟ ਕਰ ਲੈਂਦੀਆਂ ਹਨ। ਪਤਨੀਆਂ ਨੂੰ ਚਾਹੀਦਾ ਹੈ ਕਿ ਆਪਣੇ ਵਿਆਹ ਦੇ ਸਮੇਂ ਦੀ ਪਿਆਰ ਭਰੇ ਖੁਸ਼ਗਵਾਰ ਦਿਨਾਂ ਨੂੰ ਹਮੇਸ਼ਾ ਯਾਦ ਰੱਖੋ ਆਪਣੇ ਸਰੀਰ ਦੇ ਪ੍ਰਤੀ ਪਹਿਲਾਂ ਵਾਂਗ ਸਜ-ਧਜ ਕੇ (ਬਣ-ਫਬ) ਰਹੋ। ਆਪਣੀ ਸੈਕਸ ਅਪੀਲ ਹਮੇਸ਼ਾ ਬਣਾਈ ਰੱਖਣੀ ਚਾਹੀਦੀ ਹੈ। ਪਤਨੀ ਆਪਣੀਆਂ ਅਦਾਵਾਂ (ਨਖ਼ਰੇ, ਹਾਵ-ਭਾਵ) ਆਪਣੀ ਖਿੱਚਪਾਊ ਸਖਸ਼ੀਅਤ ਅਤੇ ਆਪਣੇ ਮਿੱਠੇ ਸੁਭਾਉ ਨਾਲ ਪਤੀ ਦਾ ਮਨ ਜਿੱਤ ਸਕਦੀ ਹੈ। ਇਸਤਰੀਆਂ ਨੂੰ ਸੈਕਸ ਸੰਬੰਧ ਨੂੰ ਕਦੇ ਵੀ ਗਲਤ ਨਹੀਂ ਮੰਨਣਾ ਚਾਹੀਦਾ ਹੈ।

ਪਤੀ ਪਤਨੀ ਦਾ ਰਿਸ਼ਤਾ ਬਾਕੀ ਸਭਨਾਂ ਰਿਸ਼ਤਿਆਂ ਤੋਂ ਉੱਪਰ ਹੈ, ਜੋ ਆਪਣੀ ਵਿਸ਼ਵਾਸ, ਪਿਆਰ ਅਤੇ ਸਮਰਪਨ (ਕੋਈ ਚੀਜ਼ ਆਦਰ ਨਾਲ ਦੇਣ ਦਾ ਭਾਵ) ਉੱਤੇ ਆਧਾਰਤ ਹੁੰਦਾ ਹੈ। ਪਤਨੀਆਂ ਆਪਣੀ ਸੂਝ-ਬੂਝ ਨਾਲ ਅਤੇ ਲੋੜ ਪੈਣ ਉੱਤੇ ਬਜਾਏ ਪੰਡੇਪੁਜਾਰੀਆਂ ਦੇ ਝਾਂਸੇ ਵਿੱਚ ਆਉਣ ਦੇ ਵਿਆਹ ਸਲਾਹਕਾਰਾਂ ਦੇ ਮਾਰਗਦਰਸ਼ਨ ਦੁਆਰਾ ਇਸ ਅਨਮੋਲ ਰਿਸ਼ਤੇ ਦੇ ਬਗੀਚੇ ਨੂੰ ਸਾਰੀ ਉਮਰ ਹਰਾ-ਭਰਾ ਰੱਖ ਸਕਦੀਆਂ ਹਨ।



# ਮਿਰਗੀ ਵਿੱਚ ਝਾੜਫੂਕ ਤੋਂ ਬਚੋ

ਬ੍ਰਿਹਸਪਤੀ ਕੁਮਾਰ ਪਾਂਡੇ

ਸੁਮਨ ਨੂੰ ਮਿਰਗੀ ਦੇ ਦੌਰੇ ਦੀ ਬਿਮਾਰੀ ਸੀ। ਉਸ ਨੂੰ ਜਦ ਵੀ ਦੌਰੇ ਪੈਂਦੇ ਸਨ, ਤਦ ਮੂੰਹ ਤੋਂ ਝੱਗ ਨਿਕਲਣ ਲੱਗਦੀ, ਸਾਹ ਤੇਜ਼ ਚੱਲਦੇ, ਹੱਥ ਆਕੜ ਜਾਂਦੇ ਅਤੇ ਅੱਖਾਂ ਅਜੀਬ ਤਰ੍ਹਾਂ ਦੀਆਂ ਹੋ ਜਾਂਦੀਆਂ ਸਨ। ਇਹ ਸਮੱਸਿਆ ਸੁਮਨ ਨੂੰ ਪਿਛਲੇ 2 ਸਾਲਾਂ ਤੋਂ ਸੀ, ਜਿਸ ਦਾ ਇਲਾਜ ਸੁਮਨ ਦੇ ਪਰਿਵਾਰ ਵਾਲੇ ਇੱਕ ਤਾਂਤਰਿਕ ਤੋਂ ਕਰਾ ਰਹੇ ਸਨ।

ਇੱਕ ਦਿਨ ਬਾਬਾ ਸੁਮਨ ਦੀ ਝਾੜਫੂਕ ਲਾਲ ਮਿਰਚ ਦੇ ਧੂੰਏ ਨਾਲ ਕਰ ਰਿਹਾ ਸੀ ਕਿ ਅਚਾਨਕ ਸੁਮਨ ਨੂੰ ਝਟਕੇ ਆਉਣੇ ਸ਼ੁਰੂ ਹੋ ਗਏ ਅਤੇ ਉਹ ਲਾਲ ਮਿਰਚ ਦੀ ਅੱਗ ਵਿੱਚ ਡਿੱਗ ਪਈ, ਜਿਸ ਨਾਲ ਉਸ ਦਾ ਸਾਰਾ ਸਰੀਰ ਝੁਲਸ ਗਿਆ।

ਸੁਮਨ ਦੀ ਜਲੀ ਹਾਲਤ ਦੇਖ ਕੇ ਪਰਿਵਾਰ ਵਾਲਿਆਂ ਦੇ ਹੋਸ਼ੋਹਵਾਸ ਉੱਡ ਗਏ। ਉਨ੍ਹਾਂ ਲੋਕਾਂ ਨੂੰ ਕੁਝ ਸੁਝ ਹੀ ਨਹੀਂ ਰਿਹਾ ਸੀ, ਤਦੇ ਉਹ ਬਾਬਾ ਚੀਕਿਆ ਕਿ ਸੁਮਨ ਨੂੰ ਉਸ ਦੇ ਉਪਰ ਦੀ ਆਤਮਾ ਨੇ ਅੱਗ ਵਿੱਚ ਧੱਕ ਦਿੱਤਾ ਹੈ। ਅੱਧਾ ਘੰਟਾ ਰੁਕੋ, ਅੱਜ ਇਸਦੇ ਉਪਰ ਦੀ ਬੁਰੀ ਆਤਮਾ ਨੂੰ ਜਲਾ ਕੇ ਭਸਮ (ਸੁਆਹ) ਕਰ ਦੇਂਦਾ ਹਾਂ। ਇਹ ਸਭ ਸੁਮਨ ਦਾ ਭਰਾ ਦੇਖ ਰਿਹਾ ਸੀ। ਉਸ ਨੂੰ ਬਾਬੇ ਦੀ ਗੱਲ ਨਹੀਂ ਜਚੀ ਅਤੇ ਉਸ ਨੇ ਬਾਬੇ ਦੀ ਜਮ ਕੇ ਕੁਟਾਈ ਕਰ ਦਿੱਤੀ। ਉਹ ਸੁਮਨ ਨੂੰ ਫੌਰਨ ਮੈਡੀਕਲ ਕਾਲਜ ਲੈ ਕੇ ਭੱਜਿਆ, ਜਿੱਥੇ ਡਾਕਟਰਾਂ ਨੇ ਉਸ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਆਈਸੀਯੂ ਵਿੱਚ ਭਰਤੀ ਕਰ ਦਿੱਤਾ।

ਡਾਕਟਰਾਂ ਨੇ ਸੁਮਨ ਦੇ ਪਰਿਵਾਰ ਵਾਲਿਆਂ ਨੂੰ ਦੱਸਿਆ ਕਿ ਉਸਨੂੰ ਮਿਰਗੀ ਦੀ ਬਿਮਾਰੀ ਹੈ, ਜਿਹੜੀ ਇਲਾਜ ਨਾ ਕਰਾਉਣ ਦੇ ਕਾਰਨ ਗੰਭੀਰ ਰੂਪ ਲੈ ਚੁੱਕੀ ਹੈ।

ਜਦ ਡਾਕਟਰਾਂ ਨੇ ਸੁਮਨ ਦੇ ਪਰਿਵਾਰ ਵਾਲਿਆਂ ਤੋਂ ਉਸ ਦੇ ਜਲਣ ਦੀ ਵਜਹ ਪੁੱਛੀ ਤਾਂ ਪਰਿਵਾਰ ਵਾਲਿਆਂ ਨੇ ਦੱਸਿਆ ਕਿ ਉਹ ਲੋਕ ਸੁਮਨ ਦਾ ਇਲਾਜ ਇੱਕ ਤਾਂਤਰਿਕ ਬਾਬੇ ਤੋਂ ਕਰਾ ਰਹੇ ਸਨ। ਇਸੇ ਕਾਰਨ ਤੋਂ ਉਸ ਦੀ ਅਜਿਹੀ ਹਾਲਤ ਹੋ ਗਈ ਹੈ। ਡਾਕਟਰਾਂ ਨੇ ਸੁਮਨ ਦੇ ਪਰਿਵਾਰ ਵਾਲਿਆਂ ਨੂੰ ਦੱਸਿਆ ਕਿ ਝਾੜਫੂਕ ਕਰਵਾਉਣਾ ਸਿਰਫ ਕੋਰਾ ਅੰਧਵਿਸ਼ਵਾਸ ਹੈ। ਇਸ ਨਾਲ ਬਿਮਾਰੀ ਹੋਰ ਗੰਭੀਰ ਰੂਪ ਲੈ ਲੈਂਦੀ ਹੈ।

ਮੈਡੀਕਲ ਕਾਲਜ ਦੇ ਡਾਕਟਰਾਂ ਦੁਆਰਾ ਸੁਮਨ ਦੇ ਪਰਿਵਾਰ ਵਾਲਿਆਂ ਨੂੰ ਸਲਾਹ ਵੀ ਦਿੱਤੀ ਗਈ। ਇਸ ਦੇ ਬਾਅਦ ਸੁਮਨ ਨੂੰ ਉੱਚਿਤ ਸਲਾਹ ਅਤੇ ਦਵਾਈਆਂ ਦੇ ਕੇ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।

ਬਿਮਾਰੀਆਂ ਵਿੱਚ ਝਾੜਫੂਕ ਨਾਲ ਇਲਾਜ ਕਰਾਉਣ ਦਾ ਇਹ ਵਾਕਿਆ ਸਿਰਫ਼ ਸੁਮਨ ਅਤੇ ਉਸ ਦੇ ਪਰਿਵਾਰ ਨਾਲ ਹੀ ਨਹੀਂ ਜੁੜਿਆ ਹੈ, ਸਗੋਂ ਅੱਜ ਦੇ ਵਿਗਿਆਨ ਦੇ ਜ਼ਮਾਨੇ ਵਿੱਚ ਵੀ ਸਾਰੇ ਲੋਕ ਆਪਣੀਆਂ ਸਮੱਸਿਆਵਾਂ ਅਤੇ ਬਿਮਾਰੀਆਂ ਦਾ ਇਲਾਜ ਝਾੜਫੂਕ ਨਾਲ ਹੀ ਕਰਾਉਂਦੇ ਹਨ।

ਅੱਜ ਦੇ ਜਮਾਨੇ ਵਿੱਚ ਮਿਰਗੀ ਅਤੇ ਨਾੜੀਆਂ ਨਾਲ ਜੁੜੀਆਂ ਸਾਰੀਆਂ ਬਿਮਾਰੀਆਂ ਦੇ ਮਰੀਜ਼ ਹਸਪਤਾਲਾਂ ਵਿੱਚ ਮਿਲ ਜਾਣਗੇ, ਪਰੰਤੂ ਇਹ ਉਹ ਲੋਕ ਹੁੰਦੇ ਹਨ, ਜਿਹੜੇ ਕਿਧਰੇ ਨਾ ਕਿਧਰੇ ਸਿਆਣੇ ਪੀਰ-ਫਕੀਰ ਅਤੇ ਤਾਂਤਰਿਕਾਂ ਤੋਂ ਇਲਾਜ ਕਰਾ ਕੇ ਲੁਟਾਈ ਕਰਵਾ ਚੁੱਕੇ ਹੁੰਦੇ ਹਨ। ਜਦ ਬਿਮਾਰੀ ਜ਼ਿਆਦਾ ਵੱਧ ਜਾਂਦੀ ਹੈ, ਤਦ ਇਹ ਡਾਕਟਰਾਂ ਦੇ ਪਾਸ ਜਾਂਦੇ ਹਨ।

ਮਿਰਗੀ ਦੀ ਬਿਮਾਰੀ ਦਿਮਾਗ ਅਤੇ ਨਾੜੀਆਂ ਨਾਲ ਜੁੜੀ ਹੈ, ਇਸ ਲਈ ਮਰੀਜ ਵਿੱਚ ਅਜੀਬੋਗਰੀਬ ਲੱਛਣ ਦਿਖਾਈ ਦਿੰਦੇ ਹਨ। ਲੋਕ ਇਸਨੂੰ ਭੂਤਪ੍ਰੇਤ ਦਾ ਸਾਇਆ (ਅਸਰ, ਪ੍ਰਭਾਉ, ਪਰਛਾਈਂ) ਮੰਨਦੇ ਹਨ ਅਤੇ ਫੇਰ ਠੱਗ ਤਾਂਤਰਿਕਾਂ ਦੀ ਸ਼ਰਨ ਵਿੱਚ ਜਾਕੇ ਆਪਣਾ ਰੁਪਿਆ ਪੈਸਾ, ਇਜ਼ੱਤ ਅਤੇ ਜਾਨ ਤੱਕ ਲੁਟਾ ਬੈਠਦੇ ਹਨ।

ਅਜਿਹੇ ਵਿੱਚ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਲੋਕ ਮਿਰਗੀ ਦੇ ਲੱਛਣਾ ਦੇ ਦਿਖਾਈ ਦੇਣ ਉੱਤੇ ਕਿਸੀ ਨਿਊਰੋ ਫਿਜੀਸ਼ੀਅਨ ਜਾਂ ਦਿਮਾਗੀ ਬਿਮਾਰੀ ਦੇ ਮਾਹਰ ਡਾਕਟਰ ਨੂੰ ਮਰੀਜ਼ ਨੂੰ ਦਿਖਾਓ ਅਤੇ ਪਖੰਡੀ ਬਾਬਿਆਂ ਤੋਂ ਦੂਰ ਰਹੋ।

ਦੁਨੀਆਂ ਵਿੱਚ ਡਾਕਟਰੀ ਅਨੁਮਾਨਾਂ ਦੇ ਅਨੁਸਾਰ, 50 ਲੱਖ ਤੋਂ ਇੱਕ ਕਰੋੜ ਦੀ ਆਬਾਦੀ ਮਿਰਗੀ ਬਿਮਾਰੀ ਤੋਂ ਪੀੜਤ ਹਨ। ਭਾਰਤ ਵਿੱਚ ਰਹਿਣ ਵਾਲੇ ਜ਼ਿਆਦਾ ਮਰੀਜ਼ ਇਸ ਨੂੰ ਓਪਰੀ ਸਾਇਆ ਸਮਝ ਕੇ ਝਾੜਫੂਕ ਕਰਾਉਂਦੇ ਹਨ, ਇਸ ਲਈ ਮਿਰਗੀ ਦੇ ਲੱਛਣ ਹੋਣ ਦੇ ਕਾਰਨ ਝਟਕੇ ਦੇ ਦੌਰਾਨ ਵਰਤੀ ਜਾਣ ਵਾਲੀਆਂ ਸਾਵਧਾਨੀਆਂ ਨੂੰ ਜਾਣਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

ਜੇਕਰ ਭਾਰਤ ਦੀ ਅੰਧਵਿਸ਼ਵਾਸ ਵਿੱਚ ਉਲਝੀ ਜਨਤਾ ਤਾਂਤਰਿਕਾਂ ਤੋਂ ਆਪਣੇ ਆਪ ਨੂੰ ਲੁੱਟਣ ਤੋਂ ਬਚਾਉਣਾ ਚਾਹੁੰਦੀ ਹੈ, ਤਾਂ ਉਸ ਨੂੰ ਆਪਣੇ ਆਸਪਾਸ ਆਉਣ ਵਾਲੇ ਬਦਲਾਅ ਦੇ ਬਾਰੇ ਵਿੱਚ ਜਾਣਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਓਪਰੀ ਸਾਇਆ ਨਹੀਂ ਮਿਰਗੀ- ਡਾਕਟਰ ਮਲਿਕ ਮੁਹੰਮਦ ਅਕਮਲੁਦੀਨ ਨਾਲ ਗੱਲਬਾਤ ਹੋਈ ਹੈ। ਪੇਸ਼ ਹਨ, ਉਸੀ ਦੇ ਖਾਸ ਅੰਸ਼ਃ ਮਿਰਗੀ ਕਿਸ ਤਰ੍ਹਾਂ ਦੀ ਬਿਮਾਰੀ ਹੈ?

ਮਿਰਗੀ ਇੱਕ ਤਰ੍ਹਾਂ ਤੋਂ ਦਿਮਾਗ ਅਤੇ ਨਾੜ ਸੰਬੰਧੀ ਇੱਕ ਬਿਮਾਰੀ ਹੈ, ਪਰੰਤੂ ਅੱਜ ਵੀ ਅਜਿਹੇ ਲੋਕਾਂ ਦੀ ਗਿਣਤੀ ਜ਼ਿਆਦਾ ਹੈ, ਜੋ ਇਸ ਨੂੰ ਭੂਤਪ੍ਰੇਤ ਅਤੇ ਓਪਰੀ ਸਾਇਸਾ ਮੰਨਦੇ ਹਨ, ਜਦ ਕਿ ਇਹ ਦੂਸਰੀਆਂ ਬਿਮਾਰੀਆਂ ਵਾਂਗ ਹੀ ਇੱਕ ਬਿਮਾਰੀ ਹੈ।

☛ ਮਿਰਗੀ ਹੋਣ ਦੇ ਕਿਹੜੇ-ਕਿਹੜੇ ਕਾਰਨ ਹੁੰਦੇ ਹਨ?

- ਜਨਮ ਦੇ ਸਮੇਂ ਬੱਚਿਆਂ ਵਿੱਚ ਔਕਸੀਜਨ ਦੀ ਕਮੀ, ਦਿਮਾਗ ਵਿੱਚ ਟਯੂਮਰ (ਰਸੌਲੀ) ਅਤੇ ਇੰਨਫੈਕਸ਼ਨ ਦਿਮਾਗ ਵਿੱਚ ਸੱਟ, ਖ਼ੂਨ ਵਿੱਚ ਰਾਸਾਇਣਕ ਤੱਤਾਂ ਦਾ ਅਸੰਤੁਸਨ ਅਤੇ ਸ਼ੂਗਰ ਦੀ ਘਾਟ ਵਰਗੇ ਸਾਰੇ ਹੁੰਦੇ ਹਨ, ਜਿਨ੍ਹਾਂ ਤੋਂ ਮਿਰਗੀ ਹੋ ਸਕਦੀ ਹੈ।

☛ ਮਿਰਗੀ ਵਿੱਚ ਝਾੜਫੂਕ ਕਰਾਉਣ ਨਾਲ ਮਰੀਜ਼ ਨੂੰ ਕੀ ਨੁਕਸਾਨ ਹੋ ਸਕਦਾ ਹੈ?

• ਮਿਰਗੀ ਦੇ ਮਰੀਜਾਂ ਵਿੱਚ ਅਕਸਰ ਸੁੱਤੇ ਹੋਏ ਜੀਭ ਦਾ ਵੱਢ ਹੋ ਜਾਣਾ ਅਤੇ ਪਿਸ਼ਾਬ ਨਿਕਲ ਜਾਣਾ, ਅਚਾਨਕ ਡਿੱਗ ਪੈਣਾ, ਹੱਥ ਪੈਰ ਕੰਬਣੇ, ਮੂੰਹ ਤੋਂ ਸ਼ਫੈਦ ਝੱਗ ਨਿਕਲਣਾ ਵਰਗੇ ਲੱਛਣ ਦਿਖਾਈ ਦੇਂਦੇ ਹਨ, ਜਿਸ ਨੂੰ ਪਰਿਵਾਰ ਵਾਲੇ ਓਪਰੀ ਸਾਇਆ ਮੰਨ ਕੇ ਝਾੜਫੂਕ ਕਰਾਉਂਦੇ ਹਨ। ਅਜਿਹੇ ਵਿੱਚ ਮਰੀਜ਼ ਦੀ ਹਾਲਤ ਦਿਨ ਬਦਿਨ ਖਰਾਬ ਹੁੰਦੀ ਜਾਂਦੀ ਹੈ, ਕਿਉਂਕਿ ਮਰੀਜ਼ ਦੀ ਇਸ ਵਿੱਚ ਬਹੁਤ ਜ਼ਿਆਦਾ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ ਅਤੇ ਪਖੰਡੀ ਤਾਂਤਰਿਕਾਂ ਦੇ ਚੱਕਰ ਵਿੱਚ ਪੈ ਕੇ ਅਕਸਰ ਮਿਰਗੀ ਦੇ ਮਰੀਜ਼ਾਂ ਦੀ ਜੀਭ ਕੱਟਣ, ਜਲਣ ਅਤੇ ਸਾਹ ਲੈਣ ਦੀ ਨਲੀ ਵਿੱਚ ਪਾਣੀ ਜਾਣ ਨਾਲ ਮੌਤ ਹੋ ਜਾਣ ਵਰਗੀਆਂ ਗੱਲਾਂ ਦੇਖਣ ਸੁਨਣ ਨੂੰ ਮਿਲਦੀਆਂ ਹਨ, ਇਸ ਲਈ ਮਿਰਗੀ ਦੇ ਮਰੀਜ਼ਾਂ ਦਾ ਡਾਕਟਰੀ ਇਲਾਜ ਕਰਾਉਣਾ ਹੀ ਠੀਕ ਹੁੰਦਾ ਹੈ।

☛ ਮਿਰਗੀ ਦਾ ਦੌਰਾ ਪੈਣ ਦੀ ਹਾਲਤ ਵਿੱਚ ਮਰੀਜ਼ ਦੇ ਪਰਿਵਾਰ ਵਾਲਿਆਂ ਨੂੰ ਕੀ ਕਰਨਾ ਚਾਹੀਦਾ ਹੈ।?

• ਜੇਕਰ ਮਿਰਗੀ ਦੇ ਮਰੀਜ਼ ਨੂੰ ਝਟਕੇ ਆ ਰਹੇ ਹਨ, ਤਾਂ ਪਰਿਵਾਰ ਵਾਲਿਆਂ ਨੂੰ ਚਾਹੀਦਾ ਹੈ ਕਿ ਝਾੜਫੂਕ ਦੇ ਚੱਕਰ ਵਿੱਚ ਨਾ ਪੈਣ ਅਤੇ ਦੌਰੇ ਦੇ ਦੌਰਾਨ ਪੀੜਤ ਦੇ ਕੱਪੜੇ ਨੂੰ ਢਿੱਲਾ ਕਰ ਕੇ ਕਰਵਟ ਨਾਲ ਲਿਟਾ ਦਿਓ, ਝਟਕੇ ਨਾਲ ਜੀਭ ਨੂੰ ਕੱਟਣ ਤੋਂ ਬਚਾਉਣ ਦੇ ਲਈ ਮੂੰਹ ਦੇ ਵਿੱਚ ਰੁਮਾਲ ਰੱਖ ਦੇਣਾ ਚਾਹੀਦਾ ਹੈ, ਕਿਉਂਕਿ ਕਦੇ-ਕਦੇ ਅੱਗ ਜਾਂ ਪਾਣੀ ਦੇ ਪਾਸ ਝਟਕੇ ਆਉਣ ਉੱਤੇ ਮਰੀਜ਼ ਦੀ ਜਾਨ ਨੂੰ ਵੀ ਖ਼ਤਰਾ ਹੋ ਸਕਦਾ ਹੈ। ਅਜਿਹੀ ਹਾਲਤ ਵਿੱਚ ਮਰੀਜ਼ ਨੂੰ ਇੱਕਦਮ ਹਸਪਤਾਲ ਲੈ ਜਾਣਾ ਚਾਹੀਦਾ ਹੈ।

☛ ਮਿਰਗੀ ਦੇ ਮਰੀਜ਼ਾਂ ਨੂੰ ਕਿਸ ਤਰ੍ਹਾਂ ਦੇ ਅੰਧਵਿਸ਼ਵਾਸਾਂ ਤੋਂ ਬਚਾਉਣਾ ਚਾਹੀਦਾ ਹੈ?

• ਸਭ ਤੋਂ ਪਹਿਲਾਂ ਅੰਧਵਿਸ਼ਵਾਸ ਤਾਂ ਝਾੜਫੂਕ ਹੈ, ਇਸ ਲਈ ਇਸ ਤੋਂ ਦੂਰੀ ਬਣਾਈ ਰੱਖੋ। ਨਾਲ ਹੀ ਭੂਤਪ੍ਰੇਤ ਨੂੰ ਭਜਾਉਣ ਦੇ ਨਾਂ ਉੱਤੇ ਜੁੱਤੀ ਚੱਪਲ ਸੁੰਘਾਉਣ ਅਤੇ ਮਿਰਚ ਦਾ ਧੂੰਆਂ ਸੁਲਗਾਉਣ ਵਰਗੀਆਂ ਗੱਲਾਂ ਤੋਂ ਬਚਣਾ ਚਾਹੀਦਾ ਹੈ। ਝਟਕੇ ਦੇ ਦੌਰਾਨ ਮਰੀਜ਼ ਨੂੰ ਕਿਸੀ ਤਰ੍ਹਾਂ ਦੀ ਤਰਲ ਚੀਜ਼ ਵੀ ਨਹੀਂ ਪਿਲਾਉਣੀ ਚਾਹੀਦੀ।

☛ ਲੋਕਾਂ ਨੂੰ ਜਾਗਰੂਕ ਕਰਨ ਦੇ ਲਈ ਤੁਸੀਂ ਕੀ ਕਹਿਣਾ ਚਾਹੋਗੇ?

• ਮਿਰਗੀ ਇੱਕ ਅਜਿਹੀ ਬਿਮਾਰੀ ਹੈ, ਜਿਸ ਦਾ 3 ਤੋਂ 5 ਸਾਲ ਤੱਕ ਲਗਾਤਾਰ ਚੱਲਣਾ ਜ਼ਰੂਰੀ ਹੁੰਦਾ ਹੈ। ਜੇਕਰ ਮਰੀਜ਼ ਦੀ ਝਾੜਫੂਕ ਕਰਾਈ ਜਾਂਦੀ ਹੈ, ਤਾਂ ਉਹ ਡਿਪ੍ਰੇਸ਼ਨ (ਨਿਰਾਸ਼ਾ ਉਦਾਸੀ) ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਉਹ ਇਸ ਡਰ ਵਿੱਚ ਜੀਉਣਾ ਸ਼ੁਰੂ ਕਰ ਦੇਂਦਾ ਹੈ ਕਿ ਕਿਤੇ ਉਸਦੀ ਜਾਨ ਨਾ ਚਲੀ ਜਾਵੇ। ਅਜਿਹੇ ਮਰੀਜ਼ ਨੂੰ ਹਰ ਸਮੇਂ ਘਬਰਾਹਟ ਅਤੇ ਬੇਚੈਨੀ ਬਣੀ ਰਹਿੰਦੀ ਹੈ। ਅਜਿਹੀ ਹਾਲਤ ਵਿੱਚ ਲੋਕ ਮਰੀਜ਼ ਨੂੰ ਪਖੰਡੀ ਬਾਬੇ ਦੇ ਕੋਲ ਲੈ ਜਾਂਦੇ ਹਨ, ਜੋ ਮਰੀਜ਼ ਦੇ ਲਈ ਘਾਤਕ ਸਾਬਤ ਹੁੰਦਾ ਹੈ।

ਪਰਿਵਾਰ ਵਾਲਿਆਂ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਮਿਰਗੀ ਦੇ ਮਰੀਜ਼ ਦੇ ਨਾਲ ਹਮਦਰਦੀ ਰੱਖਣ। ਉਸ ਨੂੰ ਭੂਤਪ੍ਰੇਤ ਦਾ ਡਰ ਨਾ ਦਿਖਾਓ ਅਤੇ ਮਾਹਰ ਡਾਕਟਰਾਂ ਦੀ ਦੇਖਰੇਖ ਵਿੱਚ ਨਿਸ਼ਚਿਤ ਇਲਾਜ ਕਰਾਉਣ ਜਾਓ, ਤਾਂ ਕਿ ਸਮਾਜ ਵਿੱਚ ਦੂਸਰੇ ਲੋਕਾਂ ਵਿੱਚ ਵੀ ਇਸ ਬਿਮਾਰੀ ਨੂੰ ਲੈ ਕੇ ਫੈਲੇ ਅੰਧਵਿਸ਼ਵਾਸ ਨੂੰ ਰੋਕਿਆ ਜਾ ਸਕੇ।

## ਜੀਵਨ ਅਟੱਲ ਸਚਾਈ

–ਅਮਰਜੀਤ ਢਿੱਲੋਂ, ਦਬੜ੍ਹੀਖਾਨਾ

ਮੌਤ ਜੀਵਨ ਦਾ ਪੂਰਕ ਹੈ ਅਤੇ ਜੀਵਨ ਅਟੱਲ ਸਚਾਈ।
ਜੀਵਨ ਨੂੰ ਝੂਠ ਅਤੇ ਮੌਤ ਨੂੰ ਸੱਚ ਕਹਿਣ ਵਾਲੇ
ਜ਼ਿੰਦਗੀ ਦੇ ਨੇ ਭਗੌੜੇ ਭਾਈ।
ਹਨੇਰੇ ਦਾ ਕੋਈ ਪਦਾਰਥਕ ਵਜੂਦ ਨਹੀਂ ਹੁੰਦਾ, ਸਿਰਫ ਪਦਾਰਥਕ ਚਾਨਣ ਹੀ ਉਥੇ ਮੌਜੂਦ ਨਹੀਂ ਹੁੰਦਾ।
ਇਸੇ ਤਰਾਂ ਗੈਰ-ਪਦਾਰਥਕ ਮੌਤ ਵੀ ਚਾਨਣ ਦੀ ਅਣਹੋਂਦ ਹੈ
ਪਰ ਕੁਝ ਚਾਲਾਕ ਲੋਕਾਂ ਨੇ ਲੁਟਣ ਲਈ ਗੁੰਦੀ ਹੋਈ ਗੋਂਦ ਹੈ।
ਉਹ ਕਲਪਿਤ ਰੱਬ, ਅਗਲਾ ਪਿਛਲਾ ਜਨਮ, ਸੁਰਗ, ਨਰਕ ਦੇ ਦਿੰਦੇ ਨੇ ਲਾਲਚ ਅਤੇ ਡਰਾਵੇ।
... ਅਸਲ ਵਿਚ ਨੇ ਇਹ ਸਭ ਅਣਹੋਈਆਂ ਚੀਜਾਂ ਅਤੇ ਨਿਰੇ ਹੀ ਛਲਾਵੇ।
ਇਹ ਜੱਗ ਰਚਨਾ ਸਭ ਸੱਚ ਹੈ ਝੂਠ ਨਾ ਇਸਦੇ ਗੀਤ।
ਇਹ ਰਚਨਾ ਇੰਜ ਥਿਰ ਰਹੇਗੀ ਅਸੀਂ ਜਾਵਾਂਗੇ ਬੀਤ।
ਅਸੀਂ ਵੀ ਹੈ ਮਰ ਜਾਣਾ ਆਪਣੇ ਪਿਤਰਾਂ ਦੇ ਵਾਂਗ
ਔਲਾਦ ਅਸਾਡੀ ਪੁਟੇਗੀ ਫਿਰ ਅਗੇ ਹੋਰ ਪੁਲਾਂਘੀ।
ਜ਼ੰਦਗੀ ਖਤਮ ਨਾ ਹੋਂਵਦੀ ਲੱਗਣ ਨਹੀਂ ਬਰੇਕ।
ਇੱਕ ਰੁੱਖ ਬੀਜ ਹਜਾਰ ਦੇਹ ਬਦਲੇ ਰੰਗ ਅਨੇਕ।
ਪੀੜੀ ਦਰ ਪੀੜੀ ਸਦਾ ਇਹ ਜ਼ਿੰਦਗੀ ਬਦਲੇ ਰੰਗ।
ਪਹਿਲੀ ਪੀੜੀ ਰਹੇਗੀ ਅਗਲੀ ਪੀੜੀ ਸੰਗ।
ਦਾਦਾ ਮੇਰੇ ਪਿਓ ‘ਚ ਸੀ , ਮਾਂ ਪਿਓ ਮੇਰੇ ਵਿਚ।
ਏਦਾਂ ਹੀ ਪੁੱਤ ਪੋਤਰੇ ਮੈਨੂੰ ਲੈਣਗੇ ਖਿੱਚ।
ਨੈਣ , ਨਕਸ਼ ,ਆਵਾਜ਼ ਸਭ ਇੰਜ ਹੀ ਰਹਿਣਗੇ ਕਾਇਮ।
ਮਨ ਦੇ ਵਿਚੋਂ ਮਿਟਾ ਦਿਓ ਮੌਤ ਸ਼ਬਦ ਦਾ ਵਹਿਮ।
ਭਾਵੀ, ਕਿਸਮਤ , ਜੋਤਿਸ਼ਾਂ , ਨਰਕ ਸੁਰਗ ਦੀ ਬਾਤ।
ਧਰਮਰਾਜ ਯਮਦੂਤ ਸਭ ਬਿਨ ਬਾਦਲ ਬਰਸਾਤ।
ਜਗ ਰਚਨਾ ਸਭ ਸਚ ਹੈ ਜਾਣ ਲੈ ਬੰਦਿਆ ਜਾਣ। ਇਸ ਰੰਗਲੇ ਸੰਸਾਰ ਨੂੰ ਨਿਰਭੈ ਹੋਕੇ ਮਾਣ।

## ਨੰਗਾ ਤੇ ਨਾਂਗਾਂ

ਮੈਂ ਹਰਿਦੁਆਰ ਰੇਲਵੇ ਸਟੇਸ਼ਨ ਤੇ ਖੜ੍ਹਾ ਗੱਡੀ ਦੀ ਉਡੀਕ ਕਰ ਰਿਹਾ ਸੀ। ਤਦੇ ਮੇਰੇ ਕੰਨੀ ਰੋਲੇ-ਰੱਪੇ ਦੀ ਆਵਾਜ਼ ਪਈ। ਗੱਡੀ ਕੁਝ ਲੇਟ ਸੀ। ਪਿੱਛੇ ਮੁੜ ਕੇ ਦੇਖਿਆ ਤਾਂ ਇੱਕ ਪਾਗਲ ਕਿਸਮ ਦਾ ਆਦਮੀ ਨੰਗਾ ਹੋ ਕੇ ਪਿਸ਼ਾਬ ਕਰ ਰਿਹਾ ਸੀ। ਮਾਨਸਿਕ ਸੰਤੁਲਨ ਵਿਚ ਨਾ ਹੋਣ ਕਰਕੇ ਉਸ ’ਤੇ ਲੋਕਾਂ ਦੀਆਂ ਗਾਲਾਂ ਦਾ ਅਸਰ ਵੀ ਨਹੀਂ ਹੋ ਰਿਹਾ ਸੀ। ਔਰਤਾਂ ਮੂੰਹ ਪਾਸੇ ਕਰ ਰਹੀਆਂ ਸਨ। ਜੋ ਕਿ ਸੁਭਾਵਿਕ ਸੀ। ਤਦੇ ਕੁੱਝ ਸਿਆਣੇ ਬੰਦਿਆਂ ਨੇ ਉਸਨੂੰ ਬਾਹੋਂ ਫੜ ਕੇ ਪਾਸੇ ਕੀਤਾ। ਹੁਣ ਸਭ ਕੁੱਝ ਸ਼ਾਂਤ ਸੀ। ਪਰ ਔਰਤਾਂ-ਮਰਦਾਂ ਦੀ ਘੁਸਰ-ਮੁਸਰ ਅਜੇ ਵੀ ਮੱਦੀ ਆਵਾਜ਼ ਵਿੱਚ ਚਾਲੂ ਸੀ।

ਤਦੇ ਮੈਂ ਵੇਖਿਆ ਕਿ ਜੈਕਾਰੇ ਲਾਉਂਦਾ ਇਕ ਨਾਂਗੇ ਸਾਧੂਆਂ ਦਾ ਟੋਲਾ ਆ ਰਿਹਾ ਸੀ। ਲੋਕਾਂ ਦੀ ਭੀੜ ਇੱਕ-ਦੂਜੇ ਤੋਂ ਅੱਗੇ ਹੋ ਕੇ ਸਾਧਾਂ ਦਾ ਦਰਸ਼ਨ ਕਰਨ ਲਈ ਉਤਾਵਲੇ ਸਨ। ਔਰਤਾਂ ਇੱਕ-ਦੂਜੀ ਨੂੰ ਧੱਕਾ ਦੇ ਕੇ ਅੱਗੇ ਹੋ ਰਹੀਆਂ ਸਨ। ਸਭ ਇਸ ਦਰਸ਼ਨ ਕਰਨ ਦੇ ਸੁਨਿਹਰੀ ਮੌਕੇ ਨੂੰ ਗਵਾਉਣਾ ਨਹੀਂ ਸਨ ਚਾਹੁੰਦੇ। ਪਰ ਮੈਂ ਇੱਕ ਪਾਸੇ ਸੁੰਨ ਖੜ੍ਹਾ ਉਸ ਪਾਗਲ ਨੰਗਾ ਆਦਮੀ ਤੇ ਮਾਨਸਿਕ ਤੌਰ ਤੇ ਸਵਸਥ ਨਾਂਗੇ ਸਾਧਾਂ ਵਿਚਾਲੇ ਫਰਕ ਨੂੰ ਲੱਭ ਰਿਹਾ ਸੀ।

– ਨਵੀਨ ਤਪਾਂ

90563-13589



ਬੀਰੇਂਦਰ ਬਰਿਆਰ
• ਅਨੁਵਾਦਕ: ਪਵਨ ਕੁਮਾਰ ਰੱਤੋ

# ਮਿੱਠੀਆਂ ਗੋਲੀਆਂ ਦਾ ਭਰਮ ਜਾਲ

"ਹੋਮਿਓਪੈਥਿਕ ਦਵਾਈ ਖਾਣ ਨਾਲ ਮੇਰਾ ਸ਼ੂਗਰ ਪੱਧਰ ਬਿਲਕੁੱਲ ਠੀਕ ਰਹਿੰਦਾ ਹੈ। ਮੈਂ ਪਿਛਲੇ ਦੋ ਸਾਲਾਂ ਤੋਂ ਐਲੋਪੈਥਿਕ ਦਵਾਈ ਨਹੀਂ ਖਾ ਰਿਹਾ ਹਾਂ। ਹੋਮਿਓਪੈਥੀ ਦੀਆਂ ਕਈ ਕਿਤਾਬਾਂ ਪੜ੍ਹ ਕੇ ਮੈਂ ਆਪ ਹੀ ਦਵਾਈ ਲੈ ਰਿਹਾ ਹਾਂ। ਮੈਂ ਡਟ ਕੇ ਮਿਠਾਈਆਂ ਵੀ ਖਾਂਦਾ ਹਾਂ ਫੇਰ ਵੀ ਮੇਰਾ ਸ਼ੂਗਰ ਲੈਵਲ ਠੀਕ ਰਹਿੰਦਾ ਹੈ।

"ਸੱਭ ਤੋਂ ਚੰਗੀ ਗੱਲ ਇਹ ਹੈ ਕਿ ਹੋਮਿਓਪੈਥਿਕ ਦਵਾਈ ਦਾ ਕੋਈ ਸਾਈਡ ਇਫੈਕਟ ਨਹੀਂ ਹੈ," ਪਟਨਾ ਦੇ ਇੰਦਰਾ ਨਗਰ ਮੁਹੱਲੇ ਦੇ ਰਹਿਣ ਵਾਲੇ ਸੇਵਾ ਮੁਕਤ ਕਸਟਮ ਅਫਸਰ (ਮਹਿਸੂਸ, ਵਿਦੇਸ਼ ਤੋਂ ਆਉਣ ਵਾਲੇ ਅਤੇ ਦੇਸ਼ ਤੋਂ ਜਾਣ ਵਾਲੇ ਮਾਲ ਉੱਤੇ ਚੁੰਗੀ ਅਫਸਰ) ਤ੍ਰਿਭੁਵਨ ਨਾਥ ਜੀ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਬੜੇ ਹੀ ਫਖਰ ਨਾਲ ਇਹ ਸਭ ਦਸੱਦੇ ਹਨ।

"ਮੈਂ ਤਾਂ ਬਲੱਡਪ੍ਰੈਸ਼ਰ ਦੀ ਦਵਾਈ ਚਾਰ ਸਾਲ ਪਹਿਲਾਂ ਹੀ ਖਾਣੀ ਛੱਡ ਦਿੱਤੀ ਸੀ। ਕਿੰਨੇ ਦਿਨ ਦਵਾਈ ਖਾਂਦੇ? ਡਾਕਟਰ ਫਜ਼ੂਲ ਦੀ ਦਵਾਈ ਖਿਲਾਉਂਦਾ ਰਹਿੰਦਾ ਹੈ। ਮੈਂ ਆਪ ਕਿਤਾਬ ਪੜ੍ਹ ਕੇ ਹੋਮਿਓਪੈਥਿਕ ਦਵਾਈ ਖਾ ਰਿਹਾ ਹਾਂ। ਮੈਨੂੰ ਹਾਲੇ ਤੱਕ ਕੋਈ ਦਿਕੱਤ ਨਹੀਂ ਹੈ," ਪਟਨਾ ਹਾਈਕੋਰਟ ਦੇ ਸੀਨੀਅਰ ਵਕੀਲ ਉਪੇਂਦਰ ਪ੍ਰਸ਼ਾਦ ਆਪਣੇ ਯਾਰ ਦੋਸਤਾਂ ਨਾਲ ਹੋਮਿਓਪੈਥਿਕ ਦਵਾਈਆਂ ਦਾ ਗੁਣਗਾਨ ਕਰਦੇ ਨਹੀਂ ਥੱਕਦੇ ਹਨ।

"ਐਲੋਪੈਥਿਕ ਡਾਕਟਰਾਂ ਨੇ ਮੈਡੀਕਲ ਸਾਇੰਸ ਨੂੰ ਆਪਣਾ ਧੰਦਾ ਬਣਾ ਲਿਆ ਹੈ। ਮੈਂ ਤਾਂ ਜੋੜਾਂ ਦੇ ਦਰਦ ਤੋਂ ਏਨੀ ਪਰੇਸ਼ਾਨ ਸੀ ਕਿ ਪੁੱਛੋ ਨਾਂਹ ਜਦ ਵੀ ਦਰਦ ਵੱਧਦਾ ਤਾਂ ਡਾਕਟਰ ਦਰਜਨ ਭਰ ਦਵਾਈਆਂ ਨਿਗਲਣੇ ਨੂੰ ਦੇ ਦੇਂਦਾ। ਦਿੱਲੀ ਵਿੱਚ ਤਾਂ ਗੋਡਾ ਬਦਵਾਉਣ ਦੀ ਸਲਾਹ ਦੇ ਦਿੱਤੀ। ਹੋਮਿਓਪੈਥੀ ਦੇ ਇੱਕ ਜਾਣਕਾਰ ਨੇ ਅਜਿਹੀ ਦਵਾਈ ਦਿੱਤੀ ਕਿ ਦਰਦ ਗਾਇਬ ਹੋ ਗਿਆ," ਇਹ ਕਹਿੰਦੇ ਹੋਏ ਰਾਂਚੀ ਵਿੱਚ ਸਰਕਾਰੀ ਸਕੂਲ ਦੀ ਟੀਚਰ ਅੰਜਨਾ ਖੁਸ਼ ਹੋ ਜਾਂਦੀ ਹੈ।

ਕਈ ਲੋਕ ਵਿਸ਼ੇਸ਼ ਕਰਕੇ ਵੱਡੇ ਬਜ਼ੁਰਗ ਹੋਮਿਓਪੈਥਿਕ ਦਵਾਈਆਂ ਦੇ ਜ਼ਰੀਏ ਆਪਣੀਆਂ ਬਿਮਾਰੀਆਂ ਦਾ ਇਲਾਜ ਕਰ ਲੈਣ ਦੇ ਬਾਰੇ ਵਿੱਚ ਗੱਲਾਂ ਕਰਦੇ ਰਹਿੰਦੇ ਹਨ। ਉਹ ਆਪਣੇ-ਆਪਣੇ ਬੇਤੁਕੇ ਤਜਰਬਿਆਂ ਤੋਂ ਯੋਗ, ਹੋਮਿਓਪੈਥੀ ਅਤੇ ਆਯੁਰਵੇਦ ਦਾ ਭਰਮ ਫੈਲਾਉਂਦੇ ਰਹਿੰਦੇ ਹਨ। ਅਜਿਹਾ ਕਰਕੇ ਉਹ ਨਾ ਸਿਰਫ ਆਪਣੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾ ਦੇਂਦੇ ਹਨ ਸਗੋਂ ਆਪਣੇ ਪਰਿਵਾਰ ਵਾਲਿਆਂ ਨੂੰ ਵੀ ਪਰੇਸ਼ਾਨ ਕਰਦੇ ਹਨ। ਆਪਣੇ ਆਪ ਨੀਮ ਹਕੀਮ ਬਣ ਕੇ ਪਤਾ ਨਹੀਂ ਕਿੰਨੇ ਲੋਕ ਆਪਣੇ ਸਰੀਰ ਨੂੰ ਪ੍ਰਯੋਗਸ਼ਾਲਾਂ ਬਣਾ ਰਹੇ ਹਨ।

ਪਟਨਾ ਦੇ ਰਹਿਣ ਵਾਲੇ ਅਕਾਊਟੈਂਟ ਰਜਨੀਸ ਰਾਜ ਜੀ ਦੱਸਦੇ ਹਨ ਕਿ ਉਨ੍ਹਾਂ ਦੇ ਪਿਤਾ ਜੀ ਲੱਗਭਗ 22 ਸਾਲਾਂ ਤੋਂ ਹਾਈ ਬਲੱਡਪ੍ਰੈਸ਼ਰ ਦੇ ਮਰੀਜ਼ ਹਨ। ਉਹ ਅਕਸਰ ਹੋਮਿਓਪੈਥਿਕ ਦਵਾਈਆਂ ਦੇ ਚੱਕਰ ਵਿੱਚ ਐਲੋਪੈਥਿਕ ਦਵਾਈ ਖਾਣਾ ਬੰਦ ਕਰ ਦੇਂਦੇ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਹਰ 6 ਮਹੀਨੇ ਜਾਂ ਸਾਲ ਵਿੱਚ ਉਨ੍ਹਾਂ ਦੀ ਤਬੀਅਤ ਕਾਫ਼ੀ ਖਰਾਬ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਨਾ ਪੈਂਦਾ ਹੈ।

'ਇੰਡੀਅਨ ਮੈਡੀਕਲ ਐਸੋਸੀਏਸ਼ਨ' ਦੇ ਪਹਿਲਾਂ ਦੇ ਰਾਸ਼ਟਰੀ ਅਧਿਕਾਰੀ ਰਹੇ ਡਾਕਟਰ ਅਜਯ ਕੁਮਾਰ ਜੀ ਕਹਿੰਦੇ ਹਨ ਕਿ ਅਜਿਹੇ ਬਜ਼ੁਰਗ ਸਮਾਂ ਰਹਿੰਦੇ ਸਾਵਧਾਨ ਹੋ ਜਾਣ, ਵਰਨਾ ਉਹ ਬਹੁਤ ਵੱਡੀ ਪਰੇਸ਼ਾਨੀ ਵਿੱਚ ਫਸ ਸਕਦੇ ਹਨ। ਸ਼ੂਗਰ ਅਤੇ ਹਾਈ ਬਲੱਡਪ੍ਰੈਸ਼ਰ ਦੀ ਦਵਾਈ ਜਦ ਕਦੇ ਛੱਡ ਦੇਣ ਨਾਲ ਕਿਡਨੀ ਉੱਤੇ ਬੁਰਾ ਅਸਰ ਪੈਂਦਾ ਹੈ ਅਤੇ ਉਸ ਦੇ ਫੇਲ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਦਾ ਅਸਰ ਹੌਲੀ ਹੌਲੀ ਨਜ਼ਰ ਆਉਂਦਾ ਹੈ।

ਇਸ ਮਾਮਲੇ ਉੱਤੇ ਡਾਕਟਰ ਕਿਵਾਕਰ ਤੇਜਸਵੀ ਜੀ ਕਹਿੰਦੇ ਹਨ ਕਿ ਕਈ ਲੋਕ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ ਹੋਮਿਓਪੈਥੀ ਜਾਂ ਆਯੁਰਵੇਦ ਉੱਤੇ ਪੂਰਾ ਭਰੋਸਾ ਹੈ, ਪਰ ਉਨ੍ਹਾਂ ਦੀ ਤਬੀਅਤ ਜਦ ਜ਼ਿਆਦਾ ਵਿਗੜਦੀ ਹੈ ਤਾਂ ਉਹ ਕਿਉਂ ਐਲੋਪੈਥਿਕ ਡਾਕਟਰ ਦੇ ਕੋਲ ਜਾਂਦੇ ਹਨ?

ਦਰਅਸਲ, ਅਜਿਹੇ ਲੋਕ ਟੈਲੀਵਿਜਨ ਉੱਤੇ ਯੋਗਾ ਦੇਖ ਕੇ ਅਤੇ ਹੋਮਿਓਪੈਥਿਕ ਅਤੇ ਆਯੁਰਵੇਦ ਦੀਆਂ ਸਸਤੀਆਂ ਕਿਤਾਬਾਂ ਪੜ੍ਹ ਕੇ ਪੂਰੀ ਤਰ੍ਹਾਂ ਨਾਲ ਭਰਮ ਵਿੱਚ ਪੈ ਚੁੱਕੇ ਹੁੰਦੇ ਹਨ। ਸਿਹਤ ਵਿਗੜਨ ਉੱਤੇ ਜਦ ਐਲੋਪੈਥਿਕ ਡਾਕਟਰ ਦੇ ਕੋਲ ਜਾਂਦੇ ਹਨ ਤਾਂ ਕਿਹੜੀਆਂ ਕਿਹੜੀਆਂ ਹੋਮਿਓਪੈਥਿਕ ਜਾਂ ਆਯੁਰਵੇਦਿਕ ਜੜ੍ਹੀਬੂਟੀਆਂ ਖਾਂਦੇ ਰਹੇ ਹਨ, ਇਹ ਦੱਸਣ ਲੱਗਦੇ ਹਨ। ਉਹ ਇਹ ਨਹੀਂ ਦੱਸਦੇ ਹਨ ਕਿ ਉਨ੍ਹਾਂ ਨੇ ਕਿੰਨੇ ਦਿਨਾਂ ਤੋਂ ਸ਼ੂਗਰ ਜਾਂ ਬਲੱਡਪ੍ਰੈਸ਼ਰ ਦੀ ਦਵਾਈ ਖਾਣੀ ਛੱਡੀ ਹੋਈ ਹੈ ਜਾਂ ਕਿਉਂ ਛੱਡੀ ਹੋਈ ਹੈ?

ਬਿਹਾਰ ਦੇ ਇੱਕ ਰਿਟਾਇਰਡ ਪੁਲਿਸ ਅਫ਼ਸਰ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਨੂੰ ਚੱਕਰ ਆ ਰਿਹਾ ਹੈ। ਉਨ੍ਹਾਂ ਨੇ ਇੱਕਦਮ ਕੋਈ ਹੋਮਿਓਪੈਥਿਕ ਦਵਾਈ ਖਾ ਲਈ। ਉਸ ਦੇ ਬਾਅਦ ਵੀ ਉਨ੍ਹਾਂ ਨੂੰ ਰਾਹਤ ਨਹੀਂ ਮਿਲੀ ਤਾਂ ਐਲੋਪੈਥਿਕ ਦਵਾਈ ਦੀ ਇੱਕ ਗੋਲੀ ਖਾ ਲਈ। ਅਗਲੀ ਸਵੇਰ ਉਨ੍ਹਾਂ ਦੀ ਤਬੀਅਤ ਹੋਰ ਜ਼ਿਆਦਾ ਵਿਗੜ ਗਈ ਅਤੇ ਉਹ ਬੇਹੋਸ਼ ਹੋ ਕੇ ਡਿੱਗ ਪਏ।

ਘਰ ਵਾਲਿਆਂ ਨੇ ਸਮਝਿਆ ਕਿ ਸ਼ਾਇਦ ਉਨ੍ਹਾਂ ਦਾ ਸ਼ੂਗਰ ਲੈਵਲ ਘੱਟ ਹੋ ਗਿਆ ਹੈ, ਇਸ ਲਈ ਉਨ੍ਹਾਂ ਨੂੰ ਹੋਸ਼ ਵਿੱਚ ਲਿਆ ਕੇ ਚੀਨੀ ਦਾ ਸਰਬਤ ਪਿਲਾ ਦਿੱਤਾ। ਉਨ੍ਹਾ ਨੂੰ ਫੌਰਨ ਡਾਕਟਰ ਦੇ ਪਾਸ ਲਿਜਾਇਆ ਗਿਆ। ਜਦ ਸ਼ੂਗਰ ਟੈਸਟ ਕੀਤਾ ਗਿਆ, ਤਾਂ ਲੈਵਲ 40 ਦੇਖਿਆ ਗਿਆ। ਡਾਕਟਰ ਨੇ ਕਿਹਾ ਕਿ ਜੇਕਰ ਉਨ੍ਹਾਂ ਚੀਨੀ ਦਾ ਘੋਲ ਨਾ ਪਿਲਾਇਆ ਜਾਂਦਾ ਅਤੇ ਸਮੇਂ ਸਿਰ ਹਸਪਤਾਲ ਨਾ ਲਾਇਆ ਜਾਂਦਾ ਤਾਂ ਉਨ੍ਹਾਂ ਦੀ ਜਾਨ ਬਚਣੀ ਮੁਸ਼ਕਿਲ ਸੀ।

### ਇੱਕ ਨਜ਼ਰ ਇੱਧਰ ਵੀ

- ਇਹ ਕਦੇ ਨਾ ਸਮਝੋ ਕਿ ਹੋਮਿਓਪੈਥਿਕ ਜਾਂ ਆਯੁਰਵੇਦਿਕ ਦਵਾਈ ਦਾ ਕੋਈ ਸਾਈਡ ਇਫੈਕਟ ਨਹੀਂ ਹੈ।
- ਬਗੈਰ ਡਾਕਟਰ ਦੀ ਸਲਾਹ ਦੇ ਦਵਾਈ ਲੈਣਾ ਬੰਦ ਨਾ ਕਰੋ ਅਤੇ ਨਾ ਹੀ ਦਵਾਈ ਦੀ ਖ਼ੁਰਾਕ ਨੂੰ ਆਪਣੇ ਮਨ ਤੋਂ ਵਧਾਓ ਜਾਂ ਘਟਾਓ।
- ਟੈਲੀਵਿਜਨ ਉੱਤੇ ਦੇਖ ਕੇ ਜਾਂ ਕਿਤਾਬਾਂ ਪੜ੍ਹ ਕੇ ਆਪਣੇ ਮਨ ਨਾਲ ਹੋਮਿਓਪੈਥਿਕ, ਆਯੁਰਵੇਦਿਕ ਜਾਂ ਕੋਈ ਹੋਰ ਦਵਾਈ ਨਾ ਲਵੋ।
- ਆਪ ਡਾਕਟਰ ਬਣ ਕੇ ਕਿਸੇ ਵੀ ਤਰ੍ਹਾਂ ਦੀ ਦਵਾਈ ਨਾ ਖਾਓ।

ਅਕਸਰ ਲੋਕ ਕਹਿੰਦੇ ਹਨ ਕਿ ਹੋਮਿਓਪੈਥਿਕ ਦਵਾਈਆਂ ਦਾ ਕੋਈ ਸਾਈਡ ਇਫੈਕਟ ਨਹੀਂ ਹੁੰਦਾ ਹੈ। ਡਾਕਟਰ ਰਾਜੀਵ ਕੁਮਾਰ ਪਾਂਡੇ ਜੀ ਕਹਿੰਦੇ ਹਨ ਕਿ ਬੰਦੇ ਦੇ ਸਰੀਰ ਦੇ ਅੰਦਰ ਜੋ ਕੁਝ ਵੀ ਜਾਂਦਾ ਹੈ, ਉਸ ਦਾ ਕੋਈ ਨਾ ਕੋਈ ਅਸਰ ਜ਼ਰੂਰ ਹੁੰਦਾ ਹੈ। ਜਦ ਕੋਈ ਦਵਾਈ ਫਾਇਦਾ ਕਰਦੀ ਹੈ ਤਾਂ ਉਸ ਦੇ ਗਲਤ, ਜ਼ਿਆਦਾ ਜਾਂ ਘੱਟ ਵਰਤੋਂ ਨਾਲ ਨੁਕਸਾਨ ਵੀ ਹੋਵੇਗਾ ਹੀ।

ਡਾਕਟਰਾਂ ਦੀ ਸਲਾਹ ਤੋਂ ਬਗੈਰ ਕੋਈ ਵੀ ਦਵਾਈ ਖਾਣਾ ਨੁਕਸਾਨ ਕਰ ਸਕਦਾ ਹੈ ਪਰ ਉਸ ਦਾ ਭੈੜੇ ਅਸਰ ਕਾਫ਼ੀ ਸਮੇਂ ਦੇ ਬਾਅਦ ਸਾਹਮਣੇ ਆਉਂਦਾ ਹੈ।